@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1
Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 4 August 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 4 ਅਗਸਤ 2025, 20 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 265, qpatrika@gmail.com ਫੋਨ : 9971359517 www.qaumipatrika.org

## ਬਿਕਰਮ ਮਜੀਠੀਆ ਮਾਮਲੇ ਵਿਚ ਅਦਾਲਤ ਦਾ ਅਹਿਮ ਫ਼ੈਸਲਾ

ਮੋਹਾਲੀ 3 ਅਗਸਤ। ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਅਕਾਲੀ ਆਗੂ ਬਿਕਰਮ ਮਜੀਠੀਆ ਕੇਸ 'ਚ ਨਵਾਂ ਅਪਡੇਟ ਆਇਆ ਹੈ। ਫਿਲਹਾਲ ਬਿਕਰਮ ਮਜੀਠੀਆ ਨੂੰ ਮੋਹਾਲੀ ਅਦਾਲਤ ਤੋਂ ਰਾਹਤ ਨਹੀਂ ਮਿਲੀ ਹੈ। ਮਜੀਠੀਆ ਨੂੰ ਅੱਜ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿੱਥੋਂ ਅਦਾਲਤ ਨੇ ਮਜੀਠੀਆ ਦੀ ਨਿਆਂਇਕ ਹਿਰਾਸਤ 14 ਦਿਨ ਹੋਰ ਵਧਾ ਦਿੱਤੀ ਹੈ। ਸੂਤਰਾਂ ਮੁਤਾਬਕ ਬਿਕਰਮ ਸਿੰਘ ਮਜੀਠੀਆ ਦੀ ਬੈਰਕ ਬਦਲੀ ਦੀ ਅਰਜ਼ੀ ਨੂੰ ਅਦਾਲਤ ਨੇ 5 ਅਗਸਤ ਤੱਕ ਮੁਲਤਵੀ ਕਰ ਦਿੱਤਾ ਹੈ। ਮਜੀਠੀਆ ਦੀ ਨਿਆਂਇਕ ਹਿਰਾਸਤ ਪੂਰੀ ਹੋਣ 'ਤੇ ਇਸ ਮਾਮਲੇ ਦੀ ਅਗਲੀ ਸੁਣਵਾਈ 14 ਅਗਸਤ ਨੂੰ ਹੋਵੇਗੀ। ਇਸ ਦੇ ਨਾਲ ਹੀ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਮਜੀਠੀਆ ਨੂੰ 14 ਅਗਸਤ ਨੂੰ ਵੀ ਵੀਡੀਓ ਕਾਨਫਰਸਿੰਗ ਰਾਹੀਂ ਹੀ ਪੇਸ਼ ਕੀਤਾ ਜਾਵੇ।

## ਜਲਦੀ ਸ਼ੁਰੂ ਹੋਵੇਗੀ ਮੁੰਬਈ-ਅਹਿਮਦਾਬਾਦ ਬੁਲੇਟ ਟਰੇਨ : ਵੈਸ਼ਨਵ

ਭਾਵਨਗਰ 3 ਅਗਸਤ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਭਾਰਤ ਦੀ ਪਹਿਲੀ ਬੁਲੇਟ ਟਰੇਨ ਸੇਵਾ ਬਹੁਤ ਜਲਦੀ ਸ਼ੁਰੂ ਹੋਵੇਗੀ। ਇਸ ਪਿੱਛੋਂ ਮੁੰਬਈ ਤੇ ਅਹਿਮਦਾਬਾਦ ਦਰਮਿਆਨ 508 ਕਿਲੋਮੀਟਰ ਸਫਰ ਦਾ ਸਮਾਂ ਸਿਰਫ 2 ਘੰਟੇ 7 ਮਿੰਟ ਰਹਿ ਜਾਵੇਗਾ। ਵੈਸ਼ਨਵ ਜੋ ਐਤਵਾਰ ਭਾਵਨਗਰ ਟਰਮੀਨਸ ਵਿਖੇ ਆਏ ਹੋਏ ਸਨ, ਨੇ ਡਿਜੀਟਲ ਮਾਧਿਅਮ ਰਾਹੀਂ ਅਯੁੱਧਿਆ ਐਕਸਪ੍ਰੈਸ, ਰੇਵਾ-ਪੁਣੇ ਐਕਸਪ੍ਰੈਸ ਤੇ ਜਬਲਪੁਰ-ਰਾਏਪੁਰ ਐਕਸਪ੍ਰੈਸ ਨੂੰ ਹਰੀ ਝੰਡੀ ਵਿਖਾਈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦੇਵ ਸਾਈ ਨੇ ਇਸ ਮੌਕੇ 'ਤੇ ਰੇਲ ਸੇਵਾਵਾਂ ਦਾ ਉਦਘਾਟਨ ਕੀਤਾ। ਵੈਸ਼ਨਵ ਨੇ ਕਿਹਾ ਕਿ ਮੁੰਬਈ ਤੋਂ ਅਹਿਮਦਾਬਾਦ ਤੱਕ ਬੁਲੇਟ ਟ?ਰੇਨ ਪ੍ਰਾਜੈਕਟ 'ਤੇ ਕੰਮ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ। ਮੁੰਬਈ ਤੇ ਅਹਿਮਦਾਬਾਦ ਦਰਮਿਆਨ ਭਾਰਤ ਦੀ ਪਹਿਲੀ ਬੁਲੇਟ ਟ?ਰੇਨ ਮੁੰਬਈ ਦੇ ਬਾਂਦਰਾ ਕੁਰਲਾ ਕੰਪਲੈਕਸ ਤੋਂ ਸ਼ੁਰੂ ਹੋਵੇਗੀ ਤੇ 320 ਕਿਲੋਮੀਟਰ ਪ੍ਰਤੀ ਘੰਟਾ ਦੀ ਤੇਜ਼ ਰਫ਼ਤਾਰ ਨਾਲ ਗੁਜਰਾਤ ਦੇ ਵਾਪੀ, ਸੂਰਤ, ਆਨੰਦ, ਵਡੋਦਰਾ ਤੇ ਅਹਿਮਦਾਬਾਦ ਨੂੰ ਜੋੜੇਗੀ।

## ਸਾਬਕਾ ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਖਾਲੀ ਕੀਤੀ ਸਰਕਾਰੀ ਰਿਹਾਇਸ਼

ਨੈਸ਼ਨਲ ਡੈਸਕ 3 ਅਗਸਤ। ਭਾਰਤ ਦੇ ਸਾਬਕਾ ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਰਾਸ਼ਟਰੀ ਰਾਜਧਾਨੀ 'ਚ ਨਿਆਂਪਾਲਿਕਾ ਦੇ ਮੁਖੀ ਦਾ ਸਰਕਾਰੀ ਰਿਹਾਇਸ਼ ਖਾਲੀ ਕਰ ਦਿੱਤਾ ਹੈ। ਭਾਰਤ ਦੇ 50ਵੇਂ ਚੀਫ਼ ਜਸਟਿਸ, ਜਸਟਿਸ ਚੰਦਰਚੂੜ, 8 ਨਵੰਬਰ, 2024 ਨੂੰ ਸੇਵਾਮੁਕਤ ਹੋਏ। ਹਾਲ ਹੀ 'ਚ 5, ਕ੍ਰਿਸ਼ਨਾ ਮੈਨਨ ਮਾਰਗ, ਨਵੀਂ ਦਿੱਲੀ ਵਿਖੇ ਚੀਫ਼ ਜਸਟਿਸ ਦੇ ਸਰਕਾਰੀ ਰਿਹਾਇਸ਼ 'ਤੇ ਨਿਰਧਾਰਤ ਸਮੇਂ ਤੋਂ ਵੱਧ ਸਮੇਂ ਤੱਕ ਰਹਿਣ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਸੀ। ਜਸਟਿਸ ਚੰਦਰਚੂੜ ਨੇ 7 ਜੁਲਾਈ ਨੂੰ ਗੱਲਬਾਤ ਵਿੱਚ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਸਾਮਾਨ ਪੈਕ ਕਰ ਲਿਆ ਗਿਆ ਹੈ ਤੇ ਉਹ ਜਲਦੀ ਹੀ ਆਪਣੀ ਪਤਨੀ ਅਤੇ ਬੱਚਿਆਂ ਨਾਲ ਕਿਰਾਏ ਦੇ ਸਰਕਾਰੀ ਰਿਹਾਇਸ਼ 'ਚ ਚਲੇ ਜਾਣਗੇ। ਜਸਟਿਸ ਚੰਦਰਚੂੜ ਉਨ੍ਹਾਂ ਦੀ ਪਤਨੀ ਕਲਪਨਾ ਅਤੇ ਧੀਆਂ ਪ੍ਰਿਯੰਕਾ ਅਤੇ ਮਾਹੀ ਨਵੀਂ ਦਿੱਲੀ ਦੇ 5 ਕ੍ਰਿਸ਼ਨਾ ਮੈਨਨ ਮਾਰਗ ਵਿਖੇ ਚੀਫ਼ ਜਸਟਿਸ (ਸੀਜੇਆਈ) ਦੇ ਸਰਕਾਰੀ ਰਿਹਾਇਸ਼ 'ਚ ਰਹਿ ਰਹੇ ਸਨ। ਜਸਟਿਸ ਚੰਦਰਚੂੜ ਨੇ ਬੰਗਲੇ ਵਿੱਚ ਨਿਰਧਾਰਤ ਸਮੇਂ ਤੋਂ ਵੱਧ ਸਮੇਂ ਤੱਕ ਰਹਿਣ ਦੇ ਕਾਰਨਾਂ ਦਾ ਵੇਰਵਾ ਦਿੰਦੇ ਹੋਏ ਕਿਹਾ ਸੀ, ਅਸੀਂ ਅਸਲ ਵਿੱਚ ਆਪਣੀਆਂ ਚੀਜ਼ਾਂ ਪੈਕ ਕਰ ਲਈਆਂ ਹਨ। ਸਾਡਾ ਸਾਮਾਨ ਪਹਿਲਾਂ ਹੀ ਪੂਰੀ ਤਰ੍ਹਾਂ ਪੈਕ ਕਰ ਲਿਆ ਗਿਆ ਹੈ। ਕੁਝ ਚੀਜ਼ਾਂ ਪਹਿਲਾਂ ਹੀ ਨਵੇਂ ਘਰ ਵਿੱਚ ਭੇਜ ਦਿੱਤੀਆਂ ਗਈਆਂ ਹਨ ਅਤੇ ਕੁਝ ਇੱਥੇ ਸਟੋਰ ਰੂਮ ਵਿੱਚ ਰੱਖੀਆਂ ਗਈਆਂ ਹਨ। ਉਹ ਸੁਪਰੀਮ ਕੋਰਟ ਪ੍ਰਸ਼ਾਸਨ ਵੱਲੋਂ ਕੇਂਦਰ ਸਰਕਾਰ ਨੂੰ ਸਰਕਾਰੀ ਬੰਗਲੇ ਵਿੱਚ ਆਪਣੇ ਕਥਿਤ ਤੌਰ 'ਤੇ ਜ਼ਿਆਦਾ ਸਮੇਂ ਤੱਕ ਰਹਿਣ ਬਾਰੇ ਭੇਜੇ ਗਏ ਪੱਤਰ ਦਾ ਜਵਾਬ ਦੇ ਰਹੇ ਸਨ।

# ਦਿੱਲੀ ਦੇ 24 ਹਸਪਤਾਲਾਂ ਦਾ ਨਿਰਮਾਣ ਕਾਰਜ ਯੁੱਧ ਪੱਧਰ 'ਤੇ ਜਾਰੀ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 3 ਅਗਸਤ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਕੈਲਾਸ਼ ਕਲੋਨੀ ਮੈਟਰੋ ਸਟੇਸ਼ਨ 'ਤੇ ਸਥਿਤ ਅਤਿ-ਆਧੁਨਿਕ ਐਸਐਸਬੀ ਮਲਟੀ ਸਪੈਸ਼ਲਿਟੀ ਹਸਪਤਾਲ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਿੱਲੀ ਦੀ ਸਿਹਤ ਪ੍ਰਣਾਲੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਚਨਬੱਧ ਹੈ ਜੋ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਸਾਲਾਂ ਤੋਂ ਬੁਰੀ ਹਾਲਤ ਵਿੱਚ ਸੀ ਅਤੇ ਇਸ ਦਿਸ਼ਾ ਵਿੱਚ, ਦਿੱਲੀ ਵਿੱਚ ਨਿਰਮਾਣ ਅਧੀਨ 24 ਹਸਪਤਾਲਾਂ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ। ਜਲਦੀ ਹੀ ਇਹ ਹਸਪਤਾਲ ਨਾ ਸਿਰਫ਼ ਦਿੱਲੀ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨਗੇ ਬਲਕਿ ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਵੀ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਸ ਮੌਕੇ ਕਿਹਾ ਕਿ ਇਹ ਹਸਪਤਾਲ ਨਾ ਸਿਰਫ਼ ਦਿੱਲੀ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ, ਸਗੋਂ ਰਾਜਧਾਨੀ ਨੂੰ ਸਿਹਤ ਕੇਂਦਰ ਬਣਾਉਣ ਦੇ ਸੰਕਲਪ ਵੱਲ ਇੱਕ ਵੱਡਾ ਕਦਮ ਵੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਵਾਗਤਯੋਗ ਹੈ ਕਿ ਐਸਐਸਬੀ ਹਸਪਤਾਲ ਆਯੁਸ਼ਮਾਨ ਭਾਰਤ ਯੋਜਨਾ ਵਿੱਚ ਸ਼ਾਮਲ ਹੋ ਰਿਹਾ ਹੈ, ਜਿਸ ਨਾਲ ਹਰ ਨਾਗਰਿਕ ਨੂੰ ਪਹੁੰਚਯੋਗ ਅਤੇ ਗੁਣਵੱਤਾ ਵਾਲਾ ਇਲਾਜ ਉਪਲਬਧ




ਹੋਵੇਗਾ। ਦਿੱਲੀ ਦੀ ਮਾੜੀ ਸਿਹਤ ਪ੍ਰਣਾਲੀ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਲਾਪਰਵਾਹੀ ਕਾਰਨ ਦਿੱਲੀ ਦੀ ਸਿਹਤ ਪ੍ਰਣਾਲੀ ਬੁਰੀ ਹਾਲਤ ਵਿੱਚ ਰਹੀ। ਅੱਜ ਵੀ ਦਿੱਲੀ ਵਿੱਚ ਪ੍ਰਤੀ 1000 ਲੋਕਾਂ ਲਈ 2 ਬਿਸਤਰੇ ਵੀ ਉਪਲਬਧ ਨਹੀਂ ਹਨ, ਜਦੋਂ ਕਿ ➡8® ਦਾ ਘੱਟੋ-ਘੱਟ ਮਿਆਰ 2 ਹੈ ਅਤੇ ਵਿਕਸਤ ਦੇਸ਼ਾਂ ਵਿੱਚ ਇਹ ਗਿਣਤੀ 5 ਹੈ। ਸਾਡੀ ਸਰਕਾਰ ਦਾ ਟੀਚਾ ਇਸ ਸ਼ਰਮਨਾਕ ਸਥਿਤੀ ਨੂੰ ਬਦਲਣਾ ਅਤੇ ਦਿੱਲੀ ਦੇ ਸਿਹਤ ਬੁਨਿਆਦੀ ਢਾਂਚੇ ਨੂੰ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਲੈ ਜਾਣਾ ਹੈ। ਅਸੀਂ ਨਹੀਂ ਚਾਹੁੰਦੇ ਕਿ ਕੋਈ ਵੀ ਮਰੀਜ਼ ਇਲਾਜ ਦੀ ਘਾਟ ਕਾਰਨ ਮਰ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਨੇ 24 ਅਧੂਰੇ ਹਸਪਤਾਲਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਲਈ ਜੰਗੀ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਨੇ ਸਾਲਾਂ ਤੋਂ ਨਜ਼ਰਅੰਦਾਜ਼ ਕੀਤਾ ਸੀ। ਸਾਡੀ ਸਰਕਾਰ ਦਿੱਲੀ ਨੂੰ ਇੱਕ ਮੈਡੀਕਲ ਹੱਬ ਬਣਾਉਣ ਲਈ ਦ੍ਰਿੜ ਹੈ, ਜਿੱਥੇ ਹਰ ਨਾਗਰਿਕ ਨੂੰ ਸਭ ਤੋਂ ਵਧੀਆ ਡਾਕਟਰ, ਅਤਿ-ਆਧੁਨਿਕ ਤਕਨਾਲੋਜੀ, ਕਿਫਾਇਤੀ ਇਲਾਜ ਅਤੇ ਵਿਸ਼ਵ ਪੱਧਰੀ ਟਰੌਮਾ ਕੇਅਰ ਸਹੂਲਤਾਂ ਮਿਲਣ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਦੀ ਸਿਹਤ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ, ਦਿੱਲੀ ਸਰਕਾਰ ਹਸਪਤਾਲਾਂ ਨੂੰ ਨਵੀਂ ਤਕਨਾਲੋਜੀ ਅਤੇ ਅਤਿ-ਆਧੁਨਿਕ ਉਪਕਰਣਾਂ ਨਾਲ ਆਧੁਨਿਕ ਬਣਾ ਰਹੀ ਹੈ। ਹਾਲ ਹੀ ਵਿੱਚ, ਦਿੱਲੀ ਸਰਕਾਰ ਨੇ ਆਪਣੇ ਹਸਪਤਾਲਾਂ ਵਿੱਚ ਅਜਿਹੇ ਅਤਿ-ਆਧੁਨਿਕ ਉਪਕਰਣ ਲਗਾਏ ਹਨ, ਜੋ ਖੂਨ ਦੀ ਇੱਕ ਬੂੰਦ ਤੋਂ ਵੀ ਡੀਐਨਏ ਦੀ ਜਾਂਚ ਕਰ ਸਕਦੇ ਹਨ। ਇਸ ਨਾਲ ਖੂਨਦਾਨ ਦੀ ਗੁਣਵੱਤਾ ਯਕੀਨੀ ਹੋਵੇਗੀ ਅਤੇ ਗੰਭੀਰ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਸੰਭਵ ਹੋਵੇਗੀ। ਹਸਪਤਾਲ ਦੇ ਚੇਅਰਮੈਨ ਡਾ. ਐਸ.ਐਸ. ਬਾਂਸਲ ਅਤੇ ਪ੍ਰੋਗਰਾਮ ਵਿੱਚ ਮੌਜੂਦ ਪੂਰੀ ਮੈਡੀਕਲ ਟੀਮ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਅਤੇ ਹਸਪਤਾਲਾਂ ਵਿਚਕਾਰ ਮਜ਼ਬੂਤ ਭਾਈਵਾਲੀ ਹੀ ਦਿੱਲੀ ਨੂੰ ਸਿਹਤ ਸੰਭਾਲ ਖੇਤਰ ਵਿੱਚ ਮੋਹਰੀ ਬਣਾਵੇਗੀ। ਪਿਛਲੀਆਂ ਸਰਕਾਰਾਂ ਦੀ ਅਣਦੇਖੀ ਤੋਂ ਬਾਅਦ, ਹੁਣ ਸਾਡੀ ਸਰਕਾਰ ਦਿੱਲੀ ਨੂੰ ਇੱਕ ਮਜ਼ਬੂਤ ਸਿਹਤ ਕੇਂਦਰ ਬਣਾਉਣ ਦੇ ਮਿਸ਼ਨ 'ਤੇ ਕੰਮ ਕਰ ਰਹੀ ਹੈ। ਅਸੀਂ ਇਕੱਠੇ ਮਿਲ ਕੇ ਇਸ ਸੰਕਲਪ ਨੂੰ ਪੂਰਾ ਕਰਾਂਗੇ। ਪ੍ਰੋਗਰਾਮ ਵਿੱਚ ਸੰਸਦ ਮੈਂਬਰ ਸ਼੍ਰੀਮਤੀ ਬਾਂਸੁਰੀ ਸਵਰਾਜ ਅਤੇ ਵਿਧਾਇਕ ਵੀ ਮੌਜੂਦ ਸਨ।

# ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਮੁਲਜ਼ਮ ਗ੍ਰਿਫਤਾਰ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 3 ਅਗਸਤ। ਦੇਸ਼ ਦੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਸਬੰਧੀ ਐਤਵਾਰ ਨੂੰ ਇੱਕ ਗੰਭੀਰ ਘਟਨਾ ਸਾਹਮਣੇ ਆਈ, ਜਦੋਂ ਨਾਗਪੁਰ ਵਿੱਚ ਉਨ੍ਹਾਂ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਇਸ ਧਮਕੀ ਭਰੇ ਕਾਲ ਤੋਂ ਬਾਅਦ ਪੁਲਸ ਵਿਭਾਗ ਵਿੱਚ ਹੜਕੰਪ ਮਚ ਗਿਆ। ਇਹ ਧਮਕੀ ਸਵੇਰੇ 8:46 ਵਜੇ ਪੁਲਸ ਕੰਟਰੋਲ ਰੂਮ ਵਿੱਚ ਆਈ, ਜਿਸ ਤੋਂ ਬਾਅਦ ਸਥਾਨਕ ਪੁਲਸ ਅਤੇ ਜਾਂਚ ਏਜੰਸੀਆਂ ਨੇ ਤੁਰੰਤ ਕਾਰਵਾਈ ਕੀਤੀ। ਕੁਝ ਘੰਟਿਆਂ ਵਿੱਚ ਹੀ ਧਮਕੀ ਦੇਣ ਵਾਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਤਵਾਰ ਸਵੇਰੇ ਪੁਲਸ ਕੰਟਰੋਲ ਰੂਮ ਵਿੱਚ ਇੱਕ ਕਾਲ ਆਈ, ਜਿਸ ਵਿੱਚ ਕਿਹਾ ਗਿਆ ਸੀ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਘਰ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਸ ਕਾਲ ਤੋਂ ਬਾਅਦ ਪੁਲਸ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਪੁਲਸ ਨੇ ਤੁਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਅਤੇ ਕੰਟਰੋਲ ਰੂਮ ਤੋਂ ਸੂਚਨਾ ਮਿਲਦੇ ਹੀ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਨੇ ਤੁਰੰਤ ਸਥਾਨਕ ਪੁਲਸ ਸਟੇਸ਼ਨ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਧਮਕੀ ਮਿਲਣ ਤੋਂ ਬਾਅਦ ਪੁਲਸ ਨੇ ਤੁਰੰਤ ਗਡਕਰੀ ਦੇ ਘਰ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਪੁਲਸ ਅਤੇ ਡੌਗ ਸਕੁਐਡ ਟੀਮ ਨੇ ਗਡਕਰੀ ਦੇ ਘਰ ਦਾ ਬਾਰੀਕੀ ਨਾਲ ਮੁਆਇਨਾ ਕੀਤਾ। ਸਾਰੇ ਸੁਰੱਖਿਆ ਉਪਾਅ ਯਕੀਨੀ ਬਣਾਉਣ ਤੋਂ




ਬਾਅਦ ਪੁਲਸ ਨੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ। ਕੁਝ ਘੰਟਿਆਂ ਬਾਅਦ ਪੁਲਸ ਨੇ ਨਾਗਪੁਰ ਦੇ ਬੀਮਾ ਦਵਾਖਾਨਾ ਨੇੜੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀ ਦੀ ਪਛਾਣ ਉਮੇਸ਼ ਵਿਸ਼ਨੂੰ ਰਾਉਤ ਵਜੋਂ ਹੋਈ। ਉਮੇਸ਼ ਵਿਸ਼ਨੂੰ ਰਾਉਤ ਨਾਗਪੁਰ ਦੇ ਮੈਡੀਕਲ ਚੌਕ 'ਤੇ ਸਥਿਤ ਇੱਕ ਦੇਸੀ ਸ਼ਰਾਬ ਦੀ ਦੁਕਾਨ 'ਤੇ ਕੰਮ ਕਰਦਾ ਹੈ। ਮੁਲਜ਼ਮ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਪੁਲਸ ਨੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਗਡਕਰੀ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਇਸ ਵਿਅਕਤੀ ਨੇ ਅਜਿਹਾ ਕਿਉਂ ਕੀਤਾ, ਇਹ ਜਾਂਚ ਦਾ ਵਿਸ਼ਾ ਬਣਿਆ ਹੋਇਆ ਹੈ। ਗਡਕਰੀ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਤੋਂ ਬਾਅਦ ਉਸਦੇ ਸਮਰਥਕ ਤੇ ਪਰਿਵਾਰਕ ਮੈਂਬਰ ਚਿੰਤਤ ਸਨ, ਪਰ ਰਾਹਤ ਦੀ ਗੱਲ ਇਹ ਸੀ ਕਿ ਕੇਂਦਰੀ ਮੰਤਰੀ ਉਸ ਸਮੇਂ ਨਾਗਪੁਰ ਵਿੱਚ ਮੌਜੂਦ ਸਨ। ਪੁਲਸ ਦੀ ਤੇਜ਼ ਕਾਰਵਾਈ ਨੇ ਨਾ ਸਿਰਫ ਉਨ੍ਹਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ, ਬਲਕਿ ਪੂਰੇ ਖੇਤਰ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵੀ ਕੰਮ ਕੀਤਾ। ਗਡਕਰੀ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲਸ ਦੀ ਤੇਜ਼ ਅਤੇ ਪ੍ਰਭਾਵਸ਼ਾਲੀ ਕਾਰਵਾਈ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਪੁਲਸ ਨੇ ਬਿਨਾਂ ਕੋਈ ਸਮਾਂ ਬਰਬਾਦ ਕੀਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਖੇਤਰ ਵਿੱਚ ਸੁਰੱਖਿਆ ਨੂੰ ਮਜ਼ਬੂਤ ਕਰ ਦਿੱਤਾ। ਪੁਲਸ ਦੀ ਇਹ ਮੁਸਤੈਦੀ ਇਸ ਗੱਲ ਦਾ ਸੰਕੇਤ ਹੈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਪਹਿਲਾਂ ਹੀ ਰੋਕਿਆ ਜਾ ਸਕਦਾ ਹੈ। ਪੁਲਸ ਹੁਣ ਗ੍ਰਿਫ਼ਤਾਰ ਕੀਤੇ ਗਏ ਉਮੇਸ਼ ਵਿਸ਼ਨੂੰ ਰਾਉਤ ਤੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਸਨੇ ਕੇਂਦਰੀ ਮੰਤਰੀ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਕਿਉਂ ਦਿੱਤੀ ਸੀ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਉਹ ਕਿਸੇ ਨਿੱਜੀ ਦੁਸ਼ਮਣੀ ਕਾਰਨ ਇਹ ਕਦਮ ਚੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ ਜਾਂ ਕਿਸੇ ਹੋਰ ਕਾਰਨ ਕਰ ਕੇ।

## ਚੋਣ ਕਮਿਸ਼ਨ ਆਪਣੀਆਂ ਸ਼ਕਤੀਆਂ ਦੀ ਕਰ ਰਿਹਾ ਹੈ ਦੁਰਵਰਤੋਂ : ਚਿਦਾਂਬਰਮ

ਨਵੀਂ ਦਿੱਲੀ 3 ਅਗਸਤ। ਬਿਹਾਰ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘਾਈ ਨਾਲ ਸੋਧ (ਐੱਸ. ਆਈ. ਆਰ.) 'ਤੇ ਚੱਲ ਰਹੇ ਵਿਵਾਦ ਦਰਮਿਆਨ ਸੀਨੀਅਰ ਕਾਂਗਰਸ ਨੇਤਾ ਪੀ. ਚਿਦਾਂਬਰਮ ਨੇ ਐਤਵਾਰ ਦੋਸ਼ ਲਾਇਆ ਕਿ ਚੋਣ ਕਮਿਸ਼ਨ ਸੂਬੇ ਦੇ ਚੋਣ ਚਰਿੱਤਰ ਤੇ ਪ੍ਰਣਾਲੀ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਸ਼ਕਤੀਆਂ ਦੀ ਦੁਰਵਰਤੋਂ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ



ਸ਼ਕਤੀਆਂ ਦੀ ਦੁਰਵਰਤੋਂ ਦਾ ਸਿਆਸੀ ਤੇ ਕਾਨੂੰਨੀ ਤੌਰ ਤੇ ਮੁਕਾਬਲਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਇਕ ਪਾਸੇ ਬਿਹਾਰ 'ਚ 65 ਲੱਖ ਵੋਟਰਾਂ ਦੇ ਆਪਣੇ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਦਾ ਖ਼ਤਰਾ ਹੈ ਤਾਂ ਦੂਜੇ ਪਾਸੇ ਤਾਮਿਲਨਾਡੂ 'ਚ 6.5 ਲੱਖ ਲੋਕਾਂ ਨੂੰ ਵੋਟਰਾਂ ਵਜੋਂ ਜੋੜਨ' ਦੀਆਂ ਰਿਪੋਰਟਾਂ ਚਿੰਤਾਜਨਕ ਤੇ ਸਪੱਸ਼ਟ ਰੂਪ ਨਾਲ ਗੈਰ-ਕਾਨੂੰਨੀ ਹਨ। ਬਿਹਾਰ 'ਚ ਵੋਟਰ ਸੋਧ ਪ੍ਰਕਿਰਿਆ ਦਿਨੋ-ਦਿਨ ਹੋਰ ਅਜੀਬ ਹੁੰਦੀ ਜਾ ਰਹੀ ਹੈ। ਚਿਦਾਂਬਰਮ ਨੇ ਸਵਾਲ ਕੀਤਾ ਕਿ ਪ੍ਰਵਾਸੀ ਕਾਮੇ ਬਿਹਾਰ ਜਾਂ ਆਪਣੇ ਗ੍ਰਹਿ ਸੂਬੇ 'ਚ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ 'ਚ ਵੋਟ ਪਾਉਣ ਲਈ ਕਿਉਂ ਨਹੀਂ ਆ ਸਕਦੇ ਜਿਵੇਂ ਕਿ ਉਹ ਹਮੇਸ਼ਾ ਕਰਦੇ ਰਹੇ ਹਨ।

# ਪੰਜਾਬ ਸਰਕਾਰ ਵਲੋਂ ਇਨ੍ਹਾਂ ਬੱਚਿਆਂ ਨੂੰ ਲੈ ਕੇ ਸ.ਖ਼ਤ ਹੁਕਮ ਜਾਰੀ, ਤੁਰੰਤ ਕਾਰਵਾਈ ਦੇ ਦਿੱਤੇ ਨਿਰਦੇਸ਼

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਡੇਰਾਬੱਸੀ 3 ਅਗਸਤ। ਡੇਰਾਬੱਸੀ ਫਲਾਈਓਵਰ ਨੇੜੇ ਭੀਖ ਮੰਗ ਰਹੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਬੇਹੱਦ ਮਾੜੇ ਹਾਲਾਤਾਂ ਬਾਰੇ ਸਾਹਮਣੇ ਆਈਆਂ ਰਿਪੋਰਟਾਂ ਤੋਂ ਬਾਅਦ ਪੰਜਾਬ ਦੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਤੁਰੰਤ ਕਾਰਵਾਈ ਕਰਦਿਆਂ ਇਨ੍ਹਾਂ ਬੱਚਿਆਂ ਦੇ ਬਚਾਅ ਅਤੇ ਪੁਨਰਵਾਸ ਲਈ ਸਖ਼ਤ ਹੁਕਮ ਜਾਰੀ ਕੀਤੇ ਹਨ। ਸਬੰਧਿਤ ਖ਼ੇਤਰ ਤੋਂ ਮਿਲੀ ਰਿਪੋਰਟ ਅਨੁਸਾਰ ਇਹ ਬੱਚੇ ਅਤੇ ਉਨ੍ਹਾਂ ਦੇ ਪਰਿਵਾਰ ਖੁੱਲ੍ਹੀਆਂ ਥਾਂਵਾਂ 'ਤੇ ਰਹਿ ਰਹੇ ਹਨ, ਜੋ ਕਿ ਅਸੁਰੱਖਿਅਤ ਅਤੇ ਗੰਦਗੀ ਭਰੇ ਹਾਲਾਤਾਂ 'ਚ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਬੱਚੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਸੁਰੱਖਿਆ ਸਰਕਾਰ ਦੀ ਪਹਿਲੀ ਤਰਜ਼ੀਹ ਹੈ। ਉਨ੍ਹਾਂ ਨੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ, ਚਾਈਲਡ ਪ੍ਰੋਟੈਕਸ਼ਨ ਯੂਨਿਟਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਤੁਰੰਤ ਇਲਾਕੇ 'ਚ ਵਿਸ਼ੇਸ਼ ਬਚਾਅ ਮੁਹਿੰਮ ਚਲਾਉਣ ਦੇ ਹੁਕਮ ਦਿੱਤੇ ਹਨ। ਬਚਾਏ ਹੋਏ ਬੱਚਿਆਂ ਨੂੰ ਤੁਰੰਤ ਰਿਹਾਇਸ਼, ਭੋਜਨ, ਮੈਡੀਕਲ ਸਹੂਲਤ ਅਤੇ ਸਿੱਖਿਆ ਦੀ ਵਿਵਸਥਾ ਕੀਤੀ ਜਾਵੇਗੀ। ਇਸਦੇ ਨਾਲ ਹੀ ਡਾ. ਬਲਜੀਤ ਕੌਰ ਨੇ ਸੂਬੇ ਦੇ ਹੋਰ ਸਾਰੇ ਜ਼ਿਲ੍ਹਿਆਂ ਦੇ ਸਮਾਜਿਕ ਸੁਰੱਖਿਆ,



ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹੁਕਮ ਦਿੱਤੇ ਹਨ ਕਿ ਡੇਰਾਬੱਸੀ ਵਰਗੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਆਪਣੇ-ਆਪਣੇ ਜ਼ਿਲ੍ਹਿਆਂ 'ਚ ਵੀ ਭੀਖ ਮੰਗ ਰਹੇ ਬੱਚਿਆਂ ਦੀ ਪਛਾਣ, ਰੈਸਕਿਊ ਅਤੇ ਪੁਨਰਵਾਸ ਲਈ ਤੁਰੰਤ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮੁਹਿੰਮ 'ਪ੍ਰਾਜੈਕਟ ਜੀਵਨਜੋਤ -2 ਬਚਪਨ ਬਚਾਓ' ਤਹਿਤ ਲਗਾਤਾਰ ਅਤੇ ਪ੍ਰਤੀਬੱਧਤਾ ਨਾਲ ਚਲਾਈ ਜਾਣੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਹਰ ਕੋਨੇ ਵਿੱਚੋਂ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਜਾ ਸਕੇ। ਡਾ. ਬਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਜਾਂ ਗਰੁੱਪ ਵੱਲੋਂ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ ਹੋਵੇ ਤਾਂ ਉਨ੍ਹਾਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ 'ਪ੍ਰਾਜੈਕਟ ਜੀਵਨਜੋਤ-ਬਚਪਨ ਬਚਾਓ' ਦੇ ਤਹਿਤ ਪੁਨਰਵਾਸ ਅਤੇ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਉਣ ਲਈ ਪੁਲਸ, ਸਿਹਤ, ਸਿੱਖਿਆ ਅਤੇ ਨਗਰ ਨਿਗਮ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਬੱਚਿਆਂ ਦੇ ਭੀਖ ਮੰਗਵਾਏ ਜਾਂਦਾ ਹੋਵੇ ਜਾਂ ਕਿਸੇ ਵੀ ਤਰ੍ਹਾਂ ਦੀ ਤਸਕਰੀ ਹੋ ਰਹੀ ਹੋਵੇ ਤਾਂ ਤੁਰੰਤ ਚਾਈਲਡ ਹੈਲਪਲਾਈਨ 1098 'ਤੇ ਸੂਚਨਾ ਦੇਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਬੱਚੇ ਨੂੰ ਸੁਰੱਖਿਅਤ, ਆਦਰ ਯੋਗ ਅਤੇ ਉਜਵਲ ਭਵਿੱਖ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## 'ਵਿਚਾਰਧਾਰਕ ਤਖਤਾਪਲਟ' ਕਰਨਾ ਚਾਹੁੰਦੇ ਹਨ ਭਾਜਪਾ-ਆਰ. ਐੱਸ.ਐੱਸ.: ਸੋਨੀਆ ਗਾਂਧੀ

ਨਵੀਂ ਦਿੱਲੀ 3 ਅਗਸਤ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਸੰਵਿਧਾਨ ਤੋਂ ਸਮਾਜਵਾਦ ਅਤੇ ਧਰਮਨਿਰਪੱਖਤਾ ਨੂੰ ਮਿਟਾ ਕੇ 'ਵਿਚਾਰਧਾਰਕ ਤਖਤਾਪਲਟ' ਕਰਨ ਦੀ ਕੋਸ਼ਿਸ਼ 'ਚ ਹਨ। ਉਨ੍ਹਾਂ ਨੇ ਕਾਂਗਰਸ ਦੇ ਲੀਗਲ ਸੈੱਲ ਵੱਲੋਂ ਆਯੋਜਿਤ ਸਾਲਾਨਾ ਕਾਨੂੰਨੀ ਸੰਮੇਲਨ ਲਈ ਭੇਜੇ ਗਏ ਸੁਨੇਹੇ 'ਚ ਇਹ ਵੀ ਕਿਹਾ ਕਿ ਕਾਂਗਰਸ ਸੰਵਿਧਾਨ ਨੂੰ ਸੁਰੱਖਿਅਤ ਰੱਖਣ ਲਈ ਸੰਸਦ ਤੋਂ ਲੈ ਕੇ ਸੜਕ ਤੱਕ ਸੰਘਰਸ਼ ਜਾਰੀ ਰੱਖੇਗੀ। ਸਾਬਕਾ ਕੇਂਦਰੀ ਮੰਤਰੀ ਸਲਮਾਨ ਖੁਰਸ਼ੀਦ ਨੇ ਇਸ ਪ੍ਰੋਗਰਾਮ 'ਚ ਸੋਨੀਆ ਗਾਂਧੀ ਦਾ ਸੁਨੇਹਾ ਪੜ੍ਹਿਆ। ਸੋਨੀਆ ਨੇ ਸੁਨੇਹੇ 'ਚ ਕਿਹਾ, "ਇਹ ਸਾਡੇ ਲੋਕਤੰਤਰ ਦਾ ਨੈਤਿਕ ਆਧਾਰ ਹੈ, ਜੋ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ 'ਤੇ ਆਧਾਰਿਤ ਹੈ। ਇਸ ਨੂੰ ਕਾਂਗਰਸ ਦੇ ਬਲਿਦਾਨ ਅਤੇ ਦੂਰਦ੍ਰਿਸ਼ਟੀ ਨੇ ਆਕਾਰ ਦਿੱਤਾ।" ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਸਮਾਜਿਕ ਅਤੇ ਆਰਥਿਕ ਨਿਆਂ ਤੋਂ ਬਿਨਾਂ ਸਿਆਸੀ ਲੋਕਤੰਤਰ ਸਿਰਫ ਇਕ ਦਿਖਾਵਾ ਹੋਵੇਗਾ। ਸੋਨੀਆ ਗਾਂਧੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਾਂਗਰਸ ਨੇ ਇਸ ਨੂੰ ਪਛਾਣਿਆ ਅਤੇ ਇਸ 'ਤੇ ਅਮਲ ਕੀਤਾ, ਅਧਿਕਾਰਾਂ ਦਾ ਵਿਸਥਾਰ ਕੀਤਾ, ਸੰਸਥਾਵਾਂ ਨੂੰ ਮਜ਼ਬੂਤ ਕੀਤਾ ਅਤੇ ਸਵੈਮਾਣ ਅਤੇ ਸਮਾਵੇਸ਼ ਨੂੰ ਕਾਇਮ ਰੱਖਿਆ।



ਉਨ੍ਹਾਂ ਦਾਅਵਾ ਕੀਤਾ, "ਅੱਜ ਸੰਵਿਧਾਨ ਸੰਕਟ 'ਚ ਹੈ। ਭਾਜਪਾ-ਆਰ. ਐੱਸ. ਐੱਸ. ਜਿਨ੍ਹਾਂ ਨੇ ਕਦੇ ਆਜ਼ਾਦੀ ਲਈ ਲੜਾਈ ਨਹੀਂ ਲੜੀ ਜਾਂ ਬਰਾਬਰੀ ਨੂੰ ਨਹੀਂ ਅਪਣਾਇਆ, ਹੁਣ ਆਪਣੀ ਸ਼ਕਤੀ ਦੀ ਵਰਤੋਂ ਉਸੇ ਢਾਂਚੇ ਨੂੰ ਤਬਾਹ ਕਰਨ ਲਈ ਕਰ ਰਹੇ ਹਨ, ਜਿਸ ਦਾ ਉਸ ਨੇ ਲੰਮੇਂ ਸਮੇਂ ਤੋਂ ਵਿਰੋਧ ਕੀਤਾ ਸੀ।"

## ਅਦਾਲਤ ਨੇ ਸਾਬਕਾ ਪ੍ਰਜਵਲ ਰੇਵੰਨਾ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

ਨੈਸ਼ਨਲ ਡੈਸਕ 3 ਅਗਸਤ। ਕਰਨਾਟਕ ਦੀ ਵਿਸ਼ੇਸ਼ ਅਦਾਲਤ ਨੇ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੂੰ ਜਬਰ-ਜ਼ਨਾਹ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਹ ਸਜ਼ਾ ਭਾਰਤੀ ਦੰਡ ਸੰਹਿਤਾ (IPC) ਦੀ ਧਾਰਾ 376 (2) (K) ਦੇ ਤਹਿਤ ਦੋਸ਼ੀ ਪਾਏ ਜਾਣ ਤੋਂ ਬਾਅਦ ਸੁਣਾਈ। ਇਸ ਦੇ ਨਾਲ ਹੀ ਪ੍ਰਜਵਲ ਰੇਵੰਨਾ 'ਤੇ 5 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਸੰਸਦ ਮੈਂਬਰਾਂ/ਵਿਧਾਇਕਾਂ ਲਈ ਵਿਸ਼ੇਸ਼ ਅਦਾਲਤ ਦੇ ਜੱਜ ਸੰਤੋਸ਼ ਗਜਾਨਨ ਭੱਟ ਨੇ



ਸ਼ੁੱਕਰਵਾਰ ਨੂੰ 34 ਸਾਲਾ ਪ੍ਰਜਵਲ ਨੂੰ ਜਿਨਸੀ ਸ਼ੋਸ਼ਣ ਅਤੇ ਜਬਰ-ਜ਼ਨਾਹ ਦੇ ਚਾਰ ਮਾਮਲਿਆਂ ਵਿੱਚੋਂ ਇੱਕ ਵਿੱਚ ਦੋਸ਼ੀ ਠਹਿਰਾਇਆ। ਸ਼ਨੀਵਾਰ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਸੁਣਵਾਈ ਦੌਰਾਨ ਸਰਕਾਰੀ ਵਕੀਲਾਂ ਨੇ ਪ੍ਰਜਵਲ ਰੇਵੰਨਾ ਲਈ ਉਮਰ ਕੈਦ ਦੀ ਬੇਨਤੀ ਕੀਤੀ ਸੀ। ਇਹ ਮਾਮਲਾ ਹਸਨ ਜ਼ਿਲ੍ਹੇ ਦੇ ਹੋਲੇਨਾਰਸੀਪੁਰਾ ਵਿੱਚ ਰੇਵੰਨਾ ਪਰਿਵਾਰ ਦੇ ਫਾਰਮ ਹਾਊਸ ਵਿੱਚ ਸਹਾਇਕ ਵਜੋਂ ਕੰਮ ਕਰਨ ਵਾਲੀ 48 ਸਾਲਾ ਔਰਤ ਨਾਲ ਸਬੰਧਤ ਹੈ। ਔਰਤ ਨਾਲ 2021 ਵਿੱਚ ਫਾਰਮ ਹਾਊਸ ਅਤੇ ਬੰਗਲੁਰੂ ਵਿੱਚ ਰੇਵੰਨਾ ਦੇ ਘਰ ਵਿੱਚ ਕਥਿਤ ਤੌਰ 'ਤੇ ਦੋ ਵਾਰ ਜਬਰ-ਜ਼ਨਾਹ ਕੀਤਾ ਗਿਆ ਸੀ। ਦੋਸ਼ੀ ਨੇ ਆਪਣੇ ਮੋਬਾਈਲ ਫੋਨ 'ਤੇ ਇਸ ਘਟਨਾ ਨੂੰ ਰਿਕਾਰਡ ਕੀਤਾ।

# ਸਫਾਈ ਅਤੇ ਹਰਿਆਲੀ ਸਿਰਫ ਰਸਮੀ ਪ੍ਰੋਗਰਾਮ ਨਹੀਂ: ਡਾ. ਪੰਕਜ ਕੁਮਾਰ ਸਿੰਘ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 3 ਅਗਸਤ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਦੇ ਸਵੱਛ ਭਾਰਤ ਮਿਸ਼ਨ ਤੋਂ ਪ੍ਰੇਰਿਤ ਹੋ ਕੇ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਜੀ ਦੀ ਅਗਵਾਈ ਵਿੱਚ ਚੱਲ ਰਹੇ 'ਦਿੱਲੀ ਨੂੰ ਕੂੜੇ ਤੋਂ ਆਜ਼ਾਦੀ' ਅਭਿਆਨ ਦੇ ਤਹਿਤ, ਦਿੱਲੀ ਸਰਕਾਰ ਦੇ ਸਿਹਤ, ਆਵਾਜਾਈ ਅਤੇ ਆਈਟੀ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਕੱਲ੍ਹ ਆਪਣੇ ਵਿਧਾਨ ਸਭਾ ਖੇਤਰ ਵਿਕਾਸਪੁਰੀ ਦੇ ਰਨਹੌਲਾ ਪਿੰਡ ਵਿੱਚ ਸਫਾਈ ਅਭਿਆਨ ਦੀ ਅਗਵਾਈ ਕੀਤੀ। 1 ਅਗਸਤ ਤੋਂ 31 ਅਗਸਤ 2025 ਤੱਕ ਚੱਲਣ ਵਾਲੇ ਇਸ ਵਿਸ਼ੇਸ਼ ਅਭਿਆਨ ਦਾ ਉਦੇਸ਼ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਦਿੱਲੀ ਨੂੰ ਸਾਫ-ਸੁਥਰਾ, ਸੁੰਦਰ ਅਤੇ ਹਰਿਆ-ਭਰਿਆ ਬਣਾਉਣਾ ਹੈ। ਰਨਹੌਲਾ ਪਿੰਡ ਵਿੱਚ ਸਫਾਈ ਅਭਿਆਨ ਤੋਂ ਬਾਅਦ ਡਾ. ਸਿੰਘ ਨੇ 'ਇੱਕ ਪੇੜ ਮਾਂ ਦੇ ਨਾਮ' ਅਭਿਆਨ ਦੇ ਤਹਿਤ ਰੁੱਖ ਲਗਾਏ ਅਤੇ ਨਾਗਰਿਕਾਂ ਨੂੰ ਰੁੱਖ ਲਗਾਉਣ ਨੂੰ ਆਪਣੀ ਨਿੱਜੀ ਜ਼ਿੰਮੇਵਾਰੀ ਦੇ ਰੂਪ ਵਿੱਚ ਅਪਣਾਉਣ ਦੀ ਅਪੀਲ ਕੀਤੀ। ਇਸ ਤੋਂ



ਬਾਅਦ ਉਨ੍ਹਾਂ ਨੇ ਵਿਕਾਸਪੁਰੀ ਕੈਂਪ ਦਫਤਰ ਵਿੱਚ ਵੀ ਸਫਾਈ ਅਭਿਆਨ ਚਲਾਇਆ, ਜਿਸ ਵਿੱਚ ਦਫਤਰ ਦੇ ਸਾਰੇ ਕਰਮਚਾਰੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਡਾ. ਸਿੰਘ ਨੇ ਆਪਣੀ ਟੀਮ ਦੇ ਮੈਂਬਰਾਂ ਨੂੰ ਰੋਜ਼ਮਰਾ ਦੇ ਕੰਮ ਵਿੱਚ ਸਫਾਈ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਕੰਮ ਵਾਲੀਆਂ ਥਾਵਾਂ ਅਤੇ ਭਾਈਚਾਰਿਆਂ ਵਿੱਚ ਸਵੱਛ ਦਿੱਲੀ ਦਾ ਸੁਨੇਹਾ ਦੇ ਕੇ ਇੱਕ ਮਜ਼ਬੂਤ ਪ੍ਰਤੀਨਿਧੀ ਬਣਨ। ਇਸ ਮੌਕੇ 'ਤੇ ਡਾ. ਪੰਕਜ ਕੁਮਾਰ ਸਿੰਘ ਨੇ ਕਿਹਾ ਕਿ 'ਦਿੱਲੀ ਨੂੰ ਕੂੜੇ ਤੋਂ ਆਜ਼ਾਦੀ' ਅਭਿਆਨ ਦਿੱਲੀ ਨੂੰ ਸਾਫ ਬਣਾਉਣ ਦਾ ਇੱਕ ਜਨ ਸੰਕਲਪ ਹੈ, ਜਦਕਿ 'ਇੱਕ ਪੇੜ ਮਾਂ ਦੇ ਨਾਮ' ਹਰ ਨਾਗਰਿਕ ਨੂੰ ਵਾਤਾਵਰਣ ਸੁਰੱਖਿਆ ਲਈ ਜਾਗਰੂਕ ਕਰਦਾ ਹੈ। ਸਫਾਈ ਅਤੇ ਹਰਿਆਲੀ ਸਿਰਫ ਪ੍ਰਤੀਕਾਤਮਕ ਆਯੋਜਨ ਨਹੀਂ, ਸਗੋਂ ਜਨਤਾ ਦਾ ਨਿਰੰਤਰ ਚੱਲਣ ਵਾਲਾ ਅੰਦੋਲਨ ਬਣਨਾ ਚਾਹੀਦਾ ਹੈ। ਇਸ ਸੁਤੰਤਰਤਾ ਦਿਵਸ 'ਤੇ ਆਓ, ਅਸੀਂ ਸਾਰੇ ਮਿਲ ਕੇ ਦਿੱਲੀ ਨੂੰ ਕੂੜੇ ਤੋਂ ਮੁਕਤ ਅਤੇ ਹਰੀ-ਭਰੀ ਰਾਜਧਾਨੀ ਬਣਾਉਣ ਦਾ ਸੰਕਲਪ ਲਈਏ। ਇਸ ਤੋਂ ਪਹਿਲਾਂ ਡਾ. ਸਿੰਘ ਨੇ ਵਿਕਾਸਪੁਰੀ ਕੈਂਪ ਦਫਤਰ ਵਿੱਚ ਵੱਖ-ਵੱਖ ਖੇਤਰਾਂ ਤੋਂ ਆਏ ਨਾਗਰਿਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਨੇ ਨਾਗਰਿਕਾਂ ਨੂੰ ਜਲਦੀ ਕਾਰਵਾਈ ਦਾ ਭਰੋਸਾ ਦਿੰਦੇ ਹੋਏ ਸੰਬੰਧਿਤ ਅਧਿਕਾਰੀਆਂ ਨੂੰ ਤੁਰੰਤ ਹੱਲ ਲਈ ਜ਼ਰੂਰੀ ਨਿਰਦੇਸ਼ ਦਿੱਤੇ। ਡਾ. ਸਿੰਘ ਨੇ ਕਿਹਾ ਕਿ ਜਨਤਾ ਨਾਲ ਜੁੜੇ ਹਰ ਮੁੱਦੇ ਦਾ ਪਹਿਲ ਦੇ ਆਧਾਰ 'ਤੇ ਹੱਲ ਯਕੀਨੀ ਕੀਤਾ ਜਾਵੇਗਾ ਤਾਂ ਜੋ ਜ਼ਮੀਨੀ ਪੱਧਰ 'ਤੇ ਪ੍ਰਭਾਵੀ ਅਤੇ ਜਵਾਬਦੇਹ ਪ੍ਰਸ਼ਾਸਨ ਨੂੰ ਸਾਕਾਰ ਕੀਤਾ ਜਾ ਸਕੇ।

# ਡਰਾਈਵਿੰਗ ਲਾਇਸੈਂਸ ਨੂੰ ਲੈ ਕੇ ਜਰੂਰੀ ਖਬਰ, ਲਾਗੂ ਹੋਵੇਗਾ ਇਹ ਨਵਾਂ ਨਿਯਮ

ਨੈਸ਼ਨਲ ਡੈਸਕ 3 ਅਗਸਤ। ਟ੍ਰੈਫਿਕ ਨਿਯਮ ਤੋੜਨ ਵਾਲਿਆਂ ਲਈ ਹੁਣ ਚਾਲਾਨ ਤੋਂ ਬਚਣਾ ਮੁਸ਼ਕਲ ਹੋ ਜਾਵੇਗਾ। ਦਰਅਸਲ ਸੜਕ ਟਰਾਂਸਪੋਰਟ ਮੰਤਰਾਲਾ ਰਜਿਸਟਰੇਸਨ ਸਰਟੀਫਿਕੇਟ () ਅਤੇ ਡਰਾਈਵਿੰਗ ਲਾਇਸੈਂਸ () ਨੂੰ ਆਧਾਰ ਕਾਰਡ ਨਾਲ ਜੋੜਨ ਦੀ ਯੋਜਨਾ ਬਣਾ ਰਿਹਾ ਹੈ। ਹੁਣ ਕਿਸੇ ਵੀ ਵਾਹਨ ਮਾਲਕ ਅਤੇ ਡਰਾਈਵਿੰਗ ਲਾਇਸੈਂਸ ਧਾਰਕ ਨੂੰ ਆਪਣਾ ਪਤਾ, ਮੋਬਾਈਲ ਨੰਬਰ ਅਤੇ ਹੋਰ ਜਾਣਕਾਰੀ ਅਪਡੇਟ ਕਰਨੀ ਪਵੇਗੀ। ਇਸ ਕਦਮ ਦਾ ਉਦੇਸ ਇਹ ਯਕੀਨੀ ਬਣਾਉਣਾ ਹੈ ਕਿ ਵਾਹਨ ਮਾਲਕਾਂ ਅਤੇ ਡਰਾਈਵਰਾਂ ਦੀ ਸਹੀ ਜਾਣਕਾਰੀ ਦਰਜ ਕੀਤੀ ਜਾਵੇ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਸਕੇ। ਸੂਤਰਾਂ ਮੁਤਾਬਕ ਟਰਾਂਸਪੋਰਟ ਇਸ ਨੂੰ ਨਿਯਮ ਨੂੰ ਮੋਟਰ ਵਾਹਨ ਐਕਟ ਵਿਚ ਪ੍ਰਸਤਾਵਿਤ ਸੋਧਾਂ ਦਾ ਹਿੱਸਾ ਬਣਾਉਣ 'ਤੇ ਵਿਚਾਰ ਕਰ ਰਿਹਾ ਹੈ। ਦਰਅਸਲ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਖਾਸ ਤੌਰ 'ਤੇ ਲਗਾਤਾਰ ਉਲੰਘਣਾ ਕਰਨ ਵਾਲੇ ਲੋਕਾਂ 'ਤੇ ਨਜਰ ਰੱਖਣ ਲਈ ਇਕ ਸਖਤ ਨਿਗਰਾਨੀ ਤੰਤਰ ਦੀ ਲੋੜ ਹੈ। ਵੇਖਿਆ ਗਿਆ ਹੈ ਕਿ ਜੁਰਮਾਨੇ ਅਤੇ ਕਾਰਵਾਈ ਦਾ ਸਾਹਮਣਾ ਕਰਨ ਤੋਂ ਬਚਣ ਲਈ ਲੋਕ ਮੋਬਾਈਲ ਨੰਬਰ ਬਦਲ ਲੈਂਦੇ ਹਨ ਜਾਂ ਫਿਰ ਡਰਾਈਵਿੰਗ ਲਾਇਸੈਂਸ ਲਈ ਅਪਲਾਈ ਕਰ ਦਿੰਦੇ ਹਨ। ਕਾਰਵਾਈ ਤੋਂ ਬਚਣ ਦੇ ਇਨ੍ਹਾਂ ਆਸਾਨ ਤਰੀਕਿਆਂ 'ਤੇ ਲਗਾਮ ਲਾਉਣ ਦੇ ਉਦੇਸ਼ ਨਾਲ ਇਸ ਬਦਲਾਅ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਹਾਲ ਹੀ 'ਚ ਕੇਂਦਰੀ ਸੜਕ ਟਰਾਂਸਪੋਰਟ




ਸਕੱਤਰ ਨੇ ਕਿਹਾ ਸੀ ਕਿ ਟਰਾਂਸਪੋਰਟ ਵਿਭਾਗ ਨੇ ਨਿਯਮ ਤੋੜਨ ਵਾਲੇ ਲੋਕਾਂ ਨੂੰ ਚਾਲਾਨ ਜਾਰੀ ਕੀਤੇ ਹਨ, ਉਨ੍ਹਾਂ ਵਿਚ 12,000 ਕਰੋੜ ਰੁਪਏ ਤੋਂ ਵੱਧ ਦੇ ਈ-ਚਾਲਾਨ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ। ਇਸ ਅਸਫਲਤਾ ਦੀ ਮੁੱਖ ਵਜ੍ਹਾ ਹੈ ਕਿ ਜਿਸ ਡਾਟਾਬੇਸ ਤੋਂ ਅਸੀਂ ਈ-ਚਾਲਾਨ ਪ੍ਰਣਾਲੀ ਨੂੰ ਚਲਾ ਰਹੇ ਹਾਂ ਉਹ ਸਹੀ ਨਹੀਂ ਹੈ। ਇਨ੍ਹਾਂ ਵਿਚ ਲੋਕਾਂ ਦੇ ਪਤੇ ਅਤੇ ਮੋਬਾਈਲ ਨੰਬਰ ਨਿਯਮਤ ਰੂਪ ਨਾਲ ਅਪਡੇਟ ਨਹੀਂ ਹੁੰਦੇ ਹਨ। ਅਜਿਹੇ ਵਿਚ ਹੁਣ ਵਾਹਨ ਮਾਲਕਾਂ ਅਤੇ ਲਾਇਸੈਂਸ ਧਾਰਕਾਂ ਲਈ ਆਪਣਾ ਵੇਰਵਾ ਅਪਡੇਟ ਕਰਨਾ ਜਰੂਰੀ ਹੋ ਜਾਵੇਗਾ। ਟਰਾਂਸਪੋਰਟ ਵਿਭਾਗ ਦਾ ਕਹਿਣਾ ਹੈ ਕਿ ਪੁਰਾਣੇ ਡੇਟਾਬੇਸ ਵਿਚ ਮੋਬਾਈਲ ਅਤੇ ਆਧਾਰ ਨੰਬਰ ਨਹੀਂ ਹਨ। ਸਹੀ ਪਤਾ ਵੀ ਨਹੀਂ ਹੋ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਸਾਨੂੰ ਕੁਝ ਨੁਕਤਿਆਂ 'ਤੇ ਵਿਚਾਰ ਕਰਨ ਦੀ ਜਰੂਰਤ ਹੈ, ਜਿੱਥੇ ਵਾਹਨ ਮਾਲਕਾਂ ਜਾਂ ਲਾਇਸੈਂਸ ਧਾਰਕਾਂ ਲਈ ਆਪਣੇ ਵੇਰਵਿਆਂ ਨੂੰ ਅਪਡੇਟ ਕਰਨਾ ਜਰੂਰੀ ਹੈ। ਇਸ ਨਾਲ ਸਰਕਾਰ ਨੂੰ ਇਹ ਜਾਣਨ ਵਿਚ ਮਦਦ ਮਿਲੇਗੀ ਕਿ ਕਿਸ ਵਿਅਕਤੀ ਨਾਲ ਕਿੱਥੇ ਸੰਪਰਕ ਕਰਨਾ ਹੈ। ਜੇਕਰ ਕਿਸੇ ਵਿਅਕਤੀ ਦੇ ਈ-ਚਲਾਨ ਜੁਰਮਾਨੇ ਦਾ ਸਮੇਂ ਸਿਰ ਭੁਗਤਾਨ ਨਹੀਂ ਕੀਤਾ ਜਾਂਦਾ ਹੈ, ਤਾਂ ਉਸ ਦਾ ਜਾਂ ਰੱਦ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਬੀਮਾ ਵੀ ਮਹਿੰਗਾ ਹੋ ਸਕਦਾ ਹੈ। ਇਸ ਤੋਂ ਇਲਾਵਾ ਨਿਯਮ ਤੋੜਨ ਵਾਲੇ ਵੀ ਬਚ ਨਹੀਂ ਸਕਣਗੇ।ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਇਹ ਚਿਤਾਵਨੀ ਹੋ ਸਕਦੀ ਹੈ। ਸਰਕਾਰ ਦੇ ਇਸ ਕਦਮ ਨਾਲ ਟ੍ਰੈਫਿਕ ਨਿਯਮਾਂ ਦਾ ਸਖਤੀ ਨਾਲ ਪਾਲਣ ਯਕੀਨੀ ਹੋਵੇਗਾ ਅਤੇ ਈ-ਚਾਲਾਨ ਦਾ ਭੁਗਤਾਨ ਟਾਲਣ ਵਾਲਿਆਂ 'ਤੇ ਲਗਾਮ ਲੱਗੇਗੀ। ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਅਤੇ ਨਾਲ ਜੁੜੀ ਜਾਣਕਾਰੀ ਜਲਦੀ ਅਪਡੇਟ ਕਰਵਾਉਣ ਤਾਂ ਕਿ ਕਿਸੇ ਵੀ ਅਸੁਵਿਧਾ ਤੋਂ ਬਚਿਆ ਜਾ ਸਕੇ।

## ਕ੍ਰਾਈਮ ਬਰਾਂਚ ਨੇ ਨਾਜਾਇਜ ਹਥਿਆਰਾਂ ਸਮੇਤ ਇਕ ਮੁਲਜਮ ਕੀਤਾ ਗ੍ਰਿਫਤਾਰ

ਜਲੰਧਰ 3 ਅਗਸਤ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਕ੍ਰਾਈਮ ਬਰਾਂਚ ਜਲੰਧਰ ਕਮਿਸਨਰੇਟ ਪੁਲਸ ਨੇ ਇਕ ਵਿਅਕਤੀ ਨੂੰ ਨਾਜਾਇਜ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਤਰਨਵੀਰ ਸਿੰਘ ਉਰਫ ਤਨੂੰ ਪੁੱਤਰ ਤਜਿੰਦਰ ਸਿੰਘ ਵਾਸੀ ਕੋਟ ਸਿਦੀਕੀ, ਜਲੰਧਰ ਚਿਲਡਰਨ ਪਾਰਕ ਨੇੜੇ ਇਲਾਕੇ 'ਚ ਫਾਇਰਿੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਜਾਲ ਵਿਛਾ ਕੇ ਦੋਸੀ ਨੂੰ ਕਾਬੂ ਕਰ ਲਿਆ ਹੈ। ਸਵਪਨ ਸਰਮਾ ਨੇ ਦੱਸਿਆ ਕਿ ਤਲਾਸੀ ਲੈਣ 'ਤੇ ਪੁਲਸ ਨੇ ਇਕ 32 ਬੋਰ ਦਾ ਨਾਜਾਇਜ ਪਿਸਤੌਲ



ਸਮੇਤ ਪੰਜ ਜਿੰਦਾ ਰੌਂਦ ਅਤੇ ਇਕੋ ਕੈਲੀਬਰ ਦਾ ਇਕ ਰਾਉਂਡ ਬਰਾਮਦ ਕੀਤਾ। ਪੁਲਸ ਕਮਿਸਨਰ ਨੇ ਦੱਸਿਆ ਕਿ ਐੱਫ. ਆਈ. ਆਰ. ਨੰਬਰ 04 ਮਿਤੀ 27 ਜਨਵਰੀ 2025 ਨੂੰ ਥਾਣਾ ਡਿਵੀਜਨ ਨੰਬਰ 05 ਜਲੰਧਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25(1) (ਬੀ), 54 ਅਤੇ 59 ਅਧੀਨ ਦਰਜ ਕੀਤਾ ਗਿਆ ਸੀ। ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਪੁਲਸ ਪਹਿਲਾਂ ਹੀ ਤਿੰਨ ਕੇਸ ਦਰਜ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਜੇਕਰ ਕੋਈ ਹਨ, ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਨਾਇਬ ਤਹਿਸੀਲਦਾਰ, ਕਾਨੂੰਨਗੋ ਤੇ ਪਟਵਾਰੀ ਨੂੰ 5 ਸਾਲ ਦੀ ਸਜਾ

ਫਾਜ਼ਿਲਕਾ 3 ਅਗਸਤ। ਫਾਜ਼ਿਲਕਾ ਦੇ ਐਡੀਸ਼ਨਲ ਸੈਸ਼ਨ ਜੱਜ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਨਾਇਬ ਤਹਿਸੀਲਦਾਰ ਗੁਰਸੇਵਕ ਸਿੰਘ, ਕਾਨੂੰਨਗੋ ਸੰਤੋਖ ਸਿੰਘ ਅਤੇ ਪਟਵਾਰੀ ਮਨਜੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ ਅਤੇ ਆਈ. ਪੀ. ਸੀ. ਦੀਆਂ ਧਾਰਾਵਾਂ ਤਹਿਤ 5 ਸਾਲ ਦੀ ਸਖ਼ਤ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਸ ਸਬੰਧ 'ਚ 31 ਅਗਸਤ 2016 ਨੂੰ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਦੇ ਪੁਲਸ ਸਟੇਸ਼ਨ 'ਚ ਐੱਫ. ਆਈ. ਆਰ. ਨੰਬਰ 12 ਦਰਜ ਕੀਤੀ ਗਈ ਸੀ। ਐੱਫ.



ਆਈ. ਆਰ. 'ਚ ਪਟਵਾਰੀ ਮਨਜੀਤ ਸਿੰਘ 'ਤੇ ਸ਼ਿਕਾਇਤਕਰਤਾ ਤੋਂ ਉਸਦੇ ਪਿਤਾ ਦੀ ਜ਼ਮੀਨ ਦਾ ਇੰਤਕਾਲ ਉਸਦੇ ਹੱਕ 'ਚ ਕਰਨ ਲਈ ਰਿਸ਼ਵਤ ਲੈਣ ਦਾ ਦੋਸ਼ ਲਾਇਆ ਗਿਆ ਸੀ। ਉਸਨੇ ਦੱਸਿਆ ਕਿ ਪਟਵਾਰੀ ਨੇ ਮਾਮਲੇ ਨੂੰ ਲੰਬੇ ਸਮੇਂ ਤੱਕ ਲਟਕਾਈ ਰੱਖਿਆ ਅਤੇ ਸ਼ਿਕਾਇਤਕਰਤਾ ਤੋਂ ਵਾਰ-ਵਾਰ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ ਪਟਵਾਰੀ ਦੀ ਰਿਸ਼ਵਤ ਲੈਂਦੇ ਸਮੇਂ ਦੀ ਵੀਡੀਓ ਕਲਿੱਪ ਵੀ ਬਣਾਈ ਅਤੇ ਵਿਜੀਲੈਂਸ ਬਿਊਰੋ ਦੇ ਟੋਲ ਫ੍ਰੀ ਨੰਬਰ ਰਾਹੀਂ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ ਦਰਜ ਕਰਨ ਮਗਰੋਂ ਇਹ ਵੀ ਪਾਇਆ ਗਿਆ ਕਿ ਨਾਇਬ ਤਹਿਸੀਲਦਾਰ ਗੁਰਸੇਵਕ ਸਿੰਘ ਅਤੇ ਕਾਨੂੰਨਗੋ ਸੰਤੋਖ ਸਿੰਘ ਨੇ ਪਟਵਾਰੀ ਮਨਜੀਤ ਸਿੰਘ ਨੂੰ ਅਖੌਤੀ ਰੂਪ ਨਾਲ ਬਚਾਉਣ ਲਈ ਕੰਪਿਊਟਰ ਰਿਕਾਰਡ 'ਚ ਜਲਦੀ ਨਾਲ ਇੰਤਕਾਲ ਨੂੰ ਮਨਜ਼ੂਰੀ ਦੇ ਦਿੱਤੀ।

## ਵਿਆਹ ਦਾ ਝਾਂਸਾ ਦੇ ਕੇ ਕੁੜੀ ਦੀ ਪੱਤ ਰੋਲਣ ਦੇ ਦੋਸ਼ 'ਚ ਕਾਂਗਰਸੀ ਸੰਸਦ ਮੈਂਬਰ ਗ੍ਰਿਫਤਾਰ

ਸੀਤਾਪੁਰ 3 ਅਗਸਤ। ਉੱਤਰ ਪ੍ਰਦੇਸ਼ ਵਿਚ ਸੀਤਾਪੁਰ ਦੀ ਕੋਤਵਾਲੀ ਪੁਲਸ ਨੇ ਜਬਰ ਜਨਾਹ ਦੇ ਮੁਲਜਮ ਕਾਂਗਰਸੀ ਸੰਸਦ ਮੈਂਬਰ ਰਾਕੇਸ਼ ਰਾਠੌਰ ਨੂੰ ਵੀਰਵਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਰਾਠੌਰ ਨੂੰ ਪੁਲਸ ਨੇ ਉਸ ਵੇਲੇ ਗ੍ਰਿਫਤਾਰ ਕੀਤਾ ਜਦੋਂ ਉਹ ਆਪਣੀ ਰਿਹਾਇਸ਼ ਵਿਚ ਇਕ ਪ੍ਰੈੱਸ ਕਾਨਫਰੰਸ ਕਰ ਰਹੇ ਸਨ। ਇਸ ਦੌਰਾਨ ਪੁਲਸ ਇਥੇ ਪਹੁੰਚੀ ਤੇ ਕਾਂਗਰਸੀ ਸੰਸਦ ਮੈਂਬਰ ਨੂੰ ਗ੍ਰਿਫਤਾਰ ਕਰ ਲਿਆ। ਸਥਾਨਕ ਅਦਾਲਤ ਨੇ ਕਾਂਗਰਸੀ ਸੰਸਦ ਮੈਂਬਰ ਦੇ ਖਿਲਾਫ ਗੈਰ ਜਮਾਨਤੀ ਵਾਰੰਟ ਜਾਰੀ




ਕੀਤਾ ਗਿਆ ਸੀ ਜਿਸ ਉੱਤੇ ਉਨ੍ਹਾਂ ਨੇ ਇਲਾਹਾਬਾਦ ਹਾਈ ਕੋਰਟ ਵਿਚ ਜਮਾਨਤ ਅਰਜੀ ਲਾਈ ਸੀ ਜਿਸ ਨੂੰ ਅਦਾਲਤ ਨੇ ਖਾਰਿਜ ਕਰ ਦਿੱਤਾ ਸੀ। ਅਦਾਲਤ ਨੇ ਜਮਾਨਤ ਪਟੀਸ਼ਨ ਖਾਰਿਜ ਹੋਣ ਤੋਂ ਬਾਅਦ ਰਾਠੌਰ ਅੱਜ ਪ੍ਰੈੱਸ ਕਾਨਫਰੰਸ ਕਰ ਰਹੇ ਸਨ ਕਿ ਇਸੇ ਵਿਚਾਲੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜ਼ਿਕਰਯੋਗ ਹੈ ਕਿ ਪੀੜਤ ਮਹਿਲਾ ਨੇ ਦੋ ਹਫਤੇ ਪਹਿਲਾਂ ਸ਼ਿਕਾਇਤ ਵਿਚ ਕਾਂਗਰਸੀ ਸੰਸਦ ਮੈਂਬਰ ਉੱਤੇ ਪਿਛਲੇ ਕਈ ਸਾਲਾਂ ਤੋਂ ਵਿਆਹ ਦਾ ਝਾਂਸਾ ਦੇ ਕੇ ਉਸ ਦਾ ਯੌਨ ਸ਼ੋਸ਼ਨ ਕਰਨ ਦਾ ਦੋਸ਼ ਲਗਾਇਆ ਸੀ। ਪੀੜਤਾ ਨੇ ਇਸ ਮਾਮਲੇ ਵਿਚ ਪੁਲਸ ਨੂੰ ਉਸ ਦੇ ਤੇ ਸੰਸਦ ਮੈਂਬਰ ਵਿਚਾਲੇ ਹੋਈ ਗੱਲਬਾਤ ਦੀ ਕਾਲ ਰਿਕਾਰਡਿੰਗ ਵੀ ਦਿੱਤੀ ਸੀ। ਪੀੜਤਾ ਦਾ ਕਹਿਣਾ ਸੀ ਕਿ ਉਸ ਨੂੰ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਕੋਤਵਾਲੀ ਨਗਰ ਥਾਣੇ ਵਿਚ ਮੁਕੱਦਮਾ ਦਰਜ ਕਰਵਾਇਆ ਗਿਆ ਸੀ।

## ਸਹੁਰੇ ਘਰ ਦੇ ਬਾਹਰ ਧਰਨੇ 'ਤੇ ਬੈਠੀ ਨੂੰਹ; ਸਹੁਰਿਆ ਦਾ ਨਹੀਂ ਪਸੀਜਿਆ ਦਿਲ, ਜਾਣੋ ਪੂਰਾ ਮਾਮਲਾ

ਇਟਾਵਾ 3 ਅਗਸਤ। ਇਕ ਨੂੰਹ ਬੋਰੀਆ ਬਿਸਤਰਾ ਲੈ ਕੇ ਸਹੁਰੇ ਘਰ ਦੇ ਬਾਹਰ ਧਰਨੇ 'ਤੇ ਬੈਠ ਗਈ। ਨੂੰਹ ਦਾ ਦੋਸ਼ ਸੀ ਕਿ ਉਸ ਨੂੰ ਸਹੁਰੇ ਘਰ 'ਚ ਰਹਿਣ ਨਾ ਦੇਣ ਕਾਰਨ ਉਹ ਠੰਡ 'ਚ ਧਰਨੇ 'ਤੇ ਬੈਠ ਗਈ ਪਰ ਸਹੁਰੇ ਪਰਿਵਾਰ ਦਾ ਦਿਲ ਨਹੀਂ ਪਸੀਜਿਆ ਅਤੇ ਉਸ ਨੂੰ ਘਰ ਵਿਚ ਐਂਟਰੀ ਨਹੀਂ ਦਿੱਤੀ। ਸਹੁਰੇ ਵਾਲਿਆਂ ਨੇ ਅੰਦਰੋਂ ਤਾਲਾ ਲਾ ਰੱਖਿਆ ਸੀ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਇਟਾਵਾ ਦਾ ਹੈ। ਦਰਅਸਲ ਪਤੀ-ਪਤਨੀ ਵਿਚਾਲੇ ਪਿਛਲੇ 1 ਸਾਲ ਤੋਂ ਵਿਵਾਦ ਚੱਲ ਰਿਹਾ ਹੈ। ਇਸ ਦੇ ਚੱਲਦੇ ਸਹੁਰੇ ਵਾਲੇ ਨੂੰਹ ਨੂੰ ਆਪਣੇ ਘਰ ਵਿਚ ਰੱਖਣ ਤੋਂ ਇਨਕਾਰ ਕਰ ਰਹੇ ਸਨ। ਦੱਸ ਦੇਈਏ ਕਿ ਥਾਣਾ ਸਿਵਲ ਲਾਈਨ ਅਧੀਨ ਪੈਂਦੇ ਆਦਰਸ ਨਗਰ ਕਲੋਨੀ ਦੇ ਰਹਿਣ ਵਾਲੇ ਨਿਤਿਨ ਵਰਮਾ ਦੀ ਪਤਨੀ 26 ਸਾਲਾ ਮਮਤਾ ਵਰਮਾ ਆਪਣੇ ਪੇਕੇ ਘਰ ਤੋਂ 2 ਵਜੇ ਆਪਣੇ ਸਹੁਰੇ ਘਰ ਪਹੁੰਚੀ ਸੀ। ਸਾਮ ਪਰ ਕਾਫੀ ਦੇਰ ਤੱਕ ਮਿੰਨਤਾਂ ਕਰਨ ਦੇ ਬਾਵਜੂਦ ਸਹੁਰਿਆਂ ਨੇ ਘਰ ਦਾ ਦਰਵਾਜਾ ਨਹੀਂ ਖੋਲ੍ਹਿਆ। ਜਿਸ ਤੋਂ ਬਾਅਦ ਮਮਤਾ ਘਰ ਦੇ ਬਾਹਰ ਦਰਵਾਜੇ ਕੋਲ ਧਰਨੇ 'ਤੇ ਬੈਠ ਗਈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਠੰਡ ਵਧਦੀ ਗਈ, ਮਮਤਾ ਦੇਰ ਰਾਤ ਤੱਕ ਸੁੰਨਸਾਨ ਗਲੀ ਵਿਚ ਬੈਠੀ ਰਹੀ। ਜਦੋਂ ਮਮਤਾ ਪਰੇਸਾਨ ਹੋ ਕੇ ਥੱਕ ਗਈ ਤਾਂ ਉਸ ਨੇ ਡਾਇਲ-112 'ਤੇ ਪੁਲਸ ਨੂੰ ਆਪਣੀ ਤਕਲੀਫ ਦੱਸੀ, ਜਿਸ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਕਾਫੀ ਮੁਸੱਕਤ ਤੋਂ ਬਾਅਦ ਸੱਸ ਅਤੇ ਨੂੰਹ ਨੂੰ ਸਾਂਤ ਕੀਤਾ ਅਤੇ ਸਵੇਰੇ ਤੱਕ ਮਾਮਲਾ ਸਾਂਤ ਕਰਵਾਇਆ ਅਤੇ ਨੂੰਹ ਨੂੰ ਘਰ ਅੰਦਰ ਭੇਜਿਆ। ਮਮਤਾ ਦੀ ਸੱਸ ਰਾਣੀ ਵਰਮਾ ਨੇ ਪੁਲਸ ਨੂੰ ਦੱਸਿਆ ਕਿ ਵੱਡੇ ਪੁੱਤਰ ਦੀ ਨੂੰਹ ਖਿਲਾਫ



ਅਦਾਲਤ 'ਚ ਕੇਸ ਚੱਲ ਰਿਹਾ ਹੈ। ਪੁੱਤਰ ਬਾਹਰ ਕੰਮ ਕਰਦਾ ਹੈ। ਇੱਧਰ ਨੂੰਹ ਕੁਝ ਕਰਨ ਦੀ ਧਮਕੀ ਦਿੰਦੀ ਹੈ, ਜਿਸ ਕਾਰਨ ਅਸੀਂ ਉਸ ਨੂੰ ਘਰ ਦੇ ਅੰਦਰ ਨਹੀਂ ਬੁਲਾ ਰਹੇ, ਆਖਰ ਕੁਝ ਹੋ ਗਿਆ ਤਾਂ ਜ਼ਿੰਮੇਵਾਰੀ ਕੌਣ ਲਵੇਗਾ। ਇਸ ਦੇ ਨਾਲ ਹੀ ਮਮਤਾ ਵਰਮਾ ਨੇ ਦੱਸਿਆ ਕਿ ਮੇਰਾ ਪਤੀ ਦਿੱਲੀ ਦੀ ਇਕ ਕੰਪਨੀ ਵਿਚ ਮੈਨੇਜਰ ਹੈ, ਮੇਰਾ ਵਿਆਹ ਦੋ ਸਾਲ ਪਹਿਲਾਂ ਹੋਇਆ ਸੀ ਪਰ ਵਿਆਹ ਤੋਂ ਮਗਰੋਂ ਹੀ ਮੇਰੇ ਸਹੁਰੇ ਵਾਲੇ 10 ਲੱਖ ਰੁਪਏ ਦਾਜ ਦੀ ਮੰਗ ਕਰਨ ਲੱਗ ਪਏ। ਇਨ੍ਹਾਂ ਲੋਕਾਂ ਨੇ ਤਲਾਕ ਦਾ ਕੇਸ ਕੀਤਾ ਹੈ, ਅਸੀਂ ਵੀ ਕੇਸ ਦਾਇਰ ਕੀਤਾ ਹੈ। ਪਰ ਹੁਣ ਉਹ ਮੈਨੂੰ ਘਰੋਂ ਕੱਢ ਰਹੇ ਹਨ। ਮੇਰਾ ਪਤੀ ਮੇਰਾ ਫੋਨ ਨਹੀਂ ਚੁੱਕਦਾ। ਇਸ ਪੂਰੇ ਮਾਮਲੇ ਸਬੰਧੀ ਥਾਣਾ ਸਿਵਲ ਲਾਈਨ ਦੇ ਇੰਸਪੈਕਟਰ ਯਸਵੰਤ ਸਿੰਘ ਨੇ ਫੋਨ 'ਤੇ ਦੱਸਿਆ ਕਿ ਡਾਇਲ-112 'ਤੇ ਸੂਚਨਾ ਮਿਲਣ ਤੋਂ ਬਾਅਦ ਇਕ ਟੀਮ ਮੌਕੇ 'ਤੇ ਪਹੁੰਚੀ ਸੀ। ਦੋਵਾਂ ਧਿਰਾਂ ਨੂੰ ਸਾਂਤ ਕਰਕੇ ਘਰ ਦੇ ਅੰਦਰ ਭੇਜ ਦਿੱਤਾ ਗਿਆ।

## ਰੰਜਿਸ਼ਨ ਨੌਜਵਾਨ 'ਤੇ ਕਿਰਚ ਨਾਲ ਹਮਲਾ

ਫਿਰੋਜ਼ਪੁਰ 3 ਅਗਸਤ। ਰੰਜਿਸ਼ਨ ਇਕ ਨੌਜਵਾਨ 'ਤੇ ਕਿਰਚ ਨਾਲ ਹਮਲਾ ਕਰਨ ਦੇ ਦੋਸ਼ 'ਚ ਥਾਣਾ ਸਿਟੀ ਪੁਲਸ ਨੇ 2 ਮੁਲਜਮਾਂ ਖ਼ਿਲਾਫ ਪਰਚਾ ਦਰਜ ਕੀਤਾ ਹੈ। ਮਾਮਲਾ ਮੁਹੱਲਾ ਬੁੱਧਵਾਰਾਂ ਦਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਹਰਪ੍ਰੀਤ ਸਿੰਘ ਵਾਸੀ ਕਸੂਰੀ ਗੇਟ ਨੇ ਦੱਸਿਆ ਕਿ ਉਹ ਬਾਗੀ ਰੋਡ ਸਥਿਤ ਆਪਣੀ ਕੈਫੇਟੇਰੀਆ ਬੰਦ ਕਰਕੇ ਘਰ ਨੂੰ ਪਰਤ ਰਿਹਾ ਸੀ। ਇਸ ਦੌਰਾਨ ਜਦੋਂ ਉਹ ਮੁਹੱਲਾ ਬੁੱਧਵਾਰਾਂ 'ਚ ਪਹੁੰਚਿਆ ਤਾਂ ਗੁਰਮੀਤ ਸਿੰਘ ਤੇ ਉਸਦਾ ਲੜਕੇ ਨਵਦੀਪ ਸਿੰਘ ਨੇ ਉਸ ਨੂੰ ਘੇਰ ਲਿਆ ਅਤੇ ਉਸ 'ਤੇ ਕਿਰਚ ਨਾਲ ਵਾਰ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਏ. ਐੱਸ. ਆਈ. ਰਮਨ ਕੁਮਾਰ ਅਨੁਸਾਰ ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਉਕਤ ਲੋਕਾਂ ਦਾ ਪਹਿਲਾਂ ਵੀ ਝਗੜਾ ਹੋਇਆ ਸੀ ਅਤੇ ਇਸ ਮਾਮਲੇ ਵਿਚ ਹਰਪ੍ਰੀਤ ਸਿੰਘ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਗੁਰਮੀਤ ਸਿੰਘ ਅਤੇ ਨਵਦੀਪ ਸਿੰਘ ਨੇ ਇਸੇ ਗੱਲ ਦੀ ਰੰਜਿਸ਼ ਕਾਰਨ ਹਮਲਾ ਕੀਤਾ ਹੈ ਕਿ ਪੁਰਾਣੇ ਝਗੜੇ ਵਿਚ ਉਹ ਇੰਨੀ ਜਲਦੀ ਜਮਾਨਤ ਕਿਵੇਂ ਕਰਵਾ ਗਿਆ। ਦੋਵਾਂ ਖਿਲਾਫ ਪਰਚਾ ਦਰਜ ਕਰਨ ਤੋਂ ਬਾਅਦ ਉਨ੍ਹਾਂ ਦੀ ਭਾਲ ਜਾਰੀ ਹੈ।

## ਮੰਡਪ' ਬਣਿਆ 'ਕਲਾਸ ਰੂਮ' ! ਮਹਿਲਾ ਪ੍ਰੋਫੈਸਰ ਨੇ ਵਿਦਿਆਰਥੀ ਨਾਲ ਹੀ ਕਰਵਾਇਆ ਵਿਆਹ

ਪੱਛਮੀ ਬੰਗਾਲ 3 ਅਗਸਤ। ਸੋਸ਼ਲ ਮੀਡੀਆ 'ਤੇ ਅੱਜ-ਕੱਲ ਕਈ ਵੀਡੀਓਜ ਅਤੇ ਤਸਵੀਰਾਂ ਵਾਇਰਲ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਕਈ ਵਾਰ ਹੈਰਾਨੀ ਵੀ ਹੁੰਦੀ ਹੈ। ਅਜਿਹਾ ਹੀ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਪੱਛਮੀ ਬੰਗਾਲ ਦੀ ਮੌਲਾਨਾ ਅਬੁਲ ਕਲਾਮ ਆਜਾਦ ਯੂਨੀਵਰਸਿਟੀ ਆਫ ਤਕਨਾਲੋਜੀ ਤੋਂ ਸਾਹਮਣੇ ਆਇਆ ਹੈ। ਇੱਥੇ ਮਨੋਵਿਗਿਆਨ ਵਿਭਾਗ ਦੀ ਮੁਖੀ ਮਹਿਲਾ ਪ੍ਰੋਫੈਸਰ ਨੇ ਕਲਾਸ ਰੂਮ 'ਚ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਪਹਿਲੇ ਸਾਲ ਦੀ ਵਿਦਿਆਰਥੀ ਨਾਲ ਵਿਆਹ ਕਰਵਾ ਲਿਆ। ਇਸ ਵਿਆਹ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਮਾਮਲਾ ਭੱਖ ਗਿਆ ਹੈ। ਵੀਡੀਓ 'ਚ ਮਹਿਲਾ ਪ੍ਰੋਫੈਸਰ ਲਾਲ ਰੰਗ ਦੀ ਕਢਾਈ ਵਾਲੀ ਬਨਾਰਸੀ ਸਾੜ੍ਹੀ 'ਚ ਦੁਲਹਨ ਵਾਂਗ ਸਜੀ ਨਜਰ ਆ ਰਹੀ ਹੈ, ਜਦਕਿ ਵਿਦਿਆਰਥੀ ਨੇ ਵੀ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਹੈ। ਦੋਹਾਂ ਨੇ ਇਕ-ਦੂਜੇ ਨੂੰ ਜੈਮਾਲਾ ਪਹਿਨਾਈ ਅਤੇ ਵਿਦਿਆਰਥੀ ਨੇ ਪ੍ਰੋਫੈਸਰਨੀ ਦੇ ਮੱਥੇ 'ਤੇ ਸਿੰਦੂਰ ਭਰਿਆ। ਕਲਾਸ ਵਿਚ ਮੌਜੂਦ ਵਿਦਿਆਰਥੀਆਂ ਨੇ ਇਸ ਅਨੋਖੇ ਵਿਆਹ ਦਾ ਬਹੁਤ ਉਤਸਾਹ ਨਾਲ ਸਵਾਗਤ ਕੀਤਾ। ਸੋਸਲ ਮੀਡੀਆ 'ਤੇ ਇਹ ਵੀਡੀਓ ਵਾਇਰਲ ਹੁੰਦੇ ਹੀ ਕਈ



ਸਵਾਲ ਉੱਠਣੇ ਸੁਰੂ ਹੋ ਗਏ। ਕਈ ਲੋਕਾਂ ਨੇ ਯੂਨੀਵਰਸਿਟੀ ਕੈਂਪਸ ਵਿਚ ਅਜਿਹੀ ਘਟਨਾ 'ਤੇ ਇਤਰਾਜ ਜਤਾਇਆ ਅਤੇ ਇਸ ਨੂੰ ਅਨੁਸਾਸਨਹੀਣਤਾ ਕਰਾਰ ਦਿੱਤਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਯੂਨੀਵਰਸਿਟੀ ਪ੍ਰਸਾਸਨ ਨੇ ਤੁਰੰਤ ਕਾਰਵਾਈ ਕਰਦੇ ਹੋਏ ਤਿੰਨ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਯੂਨੀਵਰਸਿਟੀ ਦੇ ਕਾਰਜਕਾਰੀ ਉਪ ਕੁਲਪਤੀ ਤਪਸ ਚੱਕਰਵਰਤੀ ਨੇ ਕਿਹਾ ਕਿ ਇਹ ਘਟਨਾ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਅਕਸ ਨੂੰ ਪ੍ਰਭਾਵਿਤ ਕਰ ਸਕਦੀ ਹੈ, ਇਸ ਲਈ ਸਹੀ ਜਾਂਚ ਜਰੂਰੀ ਹੈ। ਵਿਵਾਦ ਵਧਦੇ ਹੀ ਮਹਿਲਾ ਪ੍ਰੋਫੈਸਰ ਨੇ ਸਪੱਸਟ ਕੀਤਾ ਕਿ ਇਹ ਵਿਆਹ ਅਸਲੀ ਨਹੀਂ ਸੀ, ਸਗੋਂ ਇਹ ਉਸ ਦੀ ਜਮਾਤ ਦਾ ਸਾਈਕੋ-ਡਰਾਮਾ ਪ੍ਰਦਰਸਨ ਸੀ। ਉਨ੍ਹਾਂ ਸਪੱਸਟ ਕੀਤਾ ਕਿ ਇਸ ਪ੍ਰਦਰਸਨ ਦਾ ਉਦੇਸ ਮਨੋਵਿਗਿਆਨ ਦੇ ਕੋਰਸ ਦੇ ਵਿਹਾਰਕ ਪਹਿਲੂ ਨੂੰ ਸਮਝਾਉਣਾ ਸੀ ਅਤੇ ਇਸ ਦਾ ਕੋਈ ਅਨੈਤਿਕ ਮਕਸਦ ਨਹੀਂ ਸੀ। ਮਹਿਲਾ ਪ੍ਰੋਫੈਸਰ ਦਾ ਦਾਅਵਾ ਹੈ ਕਿ ਵੀਡੀਓ ਸਿਰਫ ਅਕਾਦਮਿਕ ਉਦੇਸਾਂ ਲਈ ਸੀ ਪਰ ਇਸ ਨੂੰ ਗਲਤ ਤਰੀਕੇ ਨਾਲ ਜਨਤਕ ਕਰ ਦਿੱਤਾ ਗਿਆ ਜਿਸ ਨਾਲ ਉਸ ਦਾ ਅਤੇ ਵਿਭਾਗ ਦਾ ਅਕਸ ਖਰਾਬ ਹੋਇਆ। ਪ੍ਰੋਫੈਸਰ ਦਾ ਦਾਅਵਾ ਹੈ ਕਿ ਵੀਡੀਓ ਸਿਰਫ ਅੰਦਰੂਨੀ ਅਕਾਦਮਿਕ ਉਦੇਸਾਂ ਲਈ ਸੀ, ਪਰ ਇਸ ਨੂੰ ਗਲਤ ਤਰੀਕੇ ਨਾਲ ਜਨਤਕ ਕੀਤਾ ਗਿਆ ਸੀ, ਜਿਸ ਨਾਲ ਉਸ ਦਾ ਅਤੇ ਵਿਭਾਗ ਦਾ ਅਕਸ ਖਰਾਬ ਹੋਇਆ ਸੀ।

### 2 ਟਰੱਕਾਂ ਦੀ ਆਪਸੀ ਟੱਕਰ ਤੋਂ ਬਾਅਦ ਲੱਗੀ ਅੱਗ

ਹਮੀਰਪੁਰ 3 ਅਗਸਤ। ਉੱਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ 'ਚ 2 ਟਰੱਕਾਂ ਦੀ ਆਹਮੋ-ਸਾਹਮਣੇ ਟੱਕਰ ਤੋਂ ਬਾਅਦ ਲੱਗੀ ਅੱਗ 'ਚ ਤਿੰਨ ਲੋਕ ਜਿਊਂਦੇ ਸੜ ਗਏ ਅਤੇ ਇੰਨੇ ਹੀ ਗੰਭੀਰ ਜ਼ਖਮੀ ਹੋ ਗਏ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਰਾਤ ਨੂੰ ਕਾਨਪੁਰ-ਸਾਗਰ ਹਾਈਵੇਅ 'ਤੇ ਚਿਰਕਾ ਪਿੰਡ ਨੇੜੇ ਵਾਪਰੀ ਜਦੋਂ ਕਬਰਾਈ ਤੋਂ ਬੈਲਾਸਟ ਲੈ ਕੇ ਜਾ ਰਿਹਾ ਇਕ ਟਰੱਕ ਸਾਹਮਣੇ ਤੋਂ ਆ ਰਹੇ ਦੂਜੇ ਟਰੱਕ ਨਾਲ ਟਕਰਾ ਗਿਆ। ਪੁਲਸ ਸਰਕਲ ਅਫਸਰ ਵਿਨੀਤਾ ਪਹਿਲ ਨੇ ਦੱਸਿਆ ਕਿ ਟੱਕਰ ਕਾਰਨ ਦੋਵੇਂ ਟਰੱਕਾਂ ਨੂੰ ਅੱਗ ਲੱਗ ਗਈ ਜਿਸ ਕਾਰਨ ਤਿੰਨ ਲੋਕ ਜਿਊਂਦੇ ਸੜ ਗਏ। ਤਿੰਨ ਹੋਰ ਗੰਭੀਰ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਮੌਦਹਾ ਕਮਿਊਨਿਟੀ ਹੈਲਥ ਸੈਂਟਰ 'ਚ ਦਾਖਲ ਕਰਵਾਇਆ ਗਿਆ।

## ਪੰਜਾਬ 'ਚ ਬਦਲੇਗਾ ਮੌਸਮ, 5 ਫਰਵਰੀ ਤੱਕ ਮੌਸਮ ਵਿਭਾਗ ਨੇ ਕਰ 'ਤੀ ਵੱਡੀ ਭਵਿੱਖਬਾਣੀ

ਜਲੰਧਰ 3 ਅਗਸਤ। ਪੰਜਾਬ ਵਿਚ ਇਕ ਵਾਰ ਫਿਰ ਤੋਂ ਮੌਸਮ ਵਿਚ ਤਬਦੀਲੀ ਆਉਣ ਵਾਲੀ ਹੈ। ਮੌਸਮ ਵਿਭਾਗ ਅਨੁਸਾਰ ਇਕ ਪਾਸੇ ਪੰਜਾਬ 'ਚ ਮੀਂਹ ਪੈਣ ਦੀ ਸੰਭਾਵਨਾ ਹੈ, ਉੱਥੇ ਹੀ ਦੂਜੇ ਪਾਸੇ ਘੱਟੋ-ਘੱਟ ਤਾਪਮਾਨ ਵਿੱਚ ਥੋੜ੍ਹਾ ਜਿਹਾ ਵਾਧਾ ਵੇਖਿਆ ਜਾ ਸਕਦਾ ਹੈ। ਮੌਸਮ ਵਿਭਾਗ ਅਨੁਸਾਰ ਸੁੱਕਰਵਾਰ ਤੋਂ ਇਕ ਨਵੀਂ ਪੱਛਮੀ ਗੜਬੜੀ ਸਰਗਰਮ ਹੋਣ ਜਾ ਰਹੀ ਹੈ। ਉਥੇ ਹੀ ਮੌਸਮ ਵਿਭਾਗ ਵੱਲੋਂ ਸਨੀਵਾਰ ਤੋਂ ਅਗਲੇ 5 ਦਿਨਾਂ ਤੱਕ ਪੰਜਾਬ ਵਿੱਚ ਧੁੰਦ ਜਾਂ ਸੀਤ ਲਹਿਰ ਸਬੰਧੀ ਕੋਈ ਅਲਰਟ ਜਾਰੀ ਨਹੀਂ ਕੀਤਾ ਹੈ। 29 ਜਨਵਰੀ ਨੂੰ ਸਰਗਰਮ ਹੋਈ ਪੱਛਮੀ ਗੜਬੜੀ ਕਾਰਨ 5 ਫਰਵਰੀ ਨੂੰ ਪੰਜਾਬ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਉਥੇ ਹੀ 5 ਫਰਵਰੀ ਨੂੰ ਇਕ ਨਵੀਂ ਪੱਛਮੀ ਗੜਬੜ ਸਰਗਰਮ ਹੋਵੇਗੀ। ਇਸ ਦੇ ਨਾਲ ਹੀ 4 ਜਨਵਰੀ ਨੂੰ ਪੱਛਮੀ ਗੜਬੜੀ ਦੇ ਸਰਗਰਮ ਹੋਣ ਦੀ ਸੰਭਾਵਨਾ ਹੈ। ਮੌਸਮ ਵਿੱਚ ਇਸ ਬਦਲਾਅ ਕਰਕੇ ਪੰਜਾਬ ਵਿੱਚ 5 ਫਰਵਰੀ ਤੋਂ 4



ਜਨਵਰੀ ਤੱਕ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਮੁਤਾਬਕ ਕੱਲ੍ਹ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਮੋਗਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ, ਮਾਲੇਰਕੋਟਲਾ, ਫਤਹਿਗੜ੍ਹ ਸਾਹਿਬ, ਰੂਪਨਗਰ ਤੇ ਪਟਿਆਲਾ ਵਿਚ ਬਾਰਿਸ਼ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਐੱਸ. ਏ. ਐੱਸ. ਨਗਰ, ਬਠਿੰਡਾ, ਮੁਕਤਸਰ, ਫਰੀਦਕੋਟ, ਫਾਜ਼ਿਲਕਾ ਤੇ ਫਿਰੋਜਪੁਰ ਵਿਚ ਕੱਲ੍ਹ ਨੂੰ ਮੀਂਹ ਪੈਣ ਦੀ ਸੰਭਾਵਨਾ ਨਹੀਂ ਹੈ ਪਰ ਆਉਣ ਵਾਲੇ ਕੁਝ ਦਿਨ ਇੱਥੇ ਵੀ ਬਾਰਿਸ਼ ਦਾ ਅਸਰ ਵੇਖਣ ਨੂੰ ਮਿਲੇਗਾ।

## ਸਿਲੰਡਰ ਨਾਲ ਲੱਦੇ ਟਰੱਕ ਦੀ ਡੰਪਰ ਨਾਲ ਭਿਆਨਕ ਟੱਕਰ, 3 ਲੋਕਾਂ ਦੀ ਮੌਤ

ਫਰੂਖਾਬਾਦ 3 ਅਗਸਤ। ਉੱਤਰ ਪ੍ਰਦੇਸ ਦੇ ਫਰੂਖਾਬਾਦ ਜ਼ਿਲ੍ਹੇ ਦੇ ਮੁਹੰਮਦਾਬਾਦ ਇਲਾਕੇ 'ਚ ਵੀਰਵਾਰ ਨੂੰ ਗੈਸ ਸਿਲੰਡਰਾਂ ਨਾਲ ਭਰੇ ਟਰੱਕ ਅਤੇ ਸਾਹਮਣੇ ਤੋਂ ਆ ਰਹੇ ਡੰਪਰ ਦੀ ਜਬਰਦਸਤ ਟੱਕਰ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿਚ 4 ਹੋਰ ਲੋਕ ਜਖਮੀ ਹੋ ਗਏ। ਪੁਲਸ ਸੂਤਰਾਂ ਨੇ ਦੱਸਿਆ ਕਿ ਮੁਹੰਮਦਾਬਾਦ ਕੋਤਵਾਲੀ ਖੇਤਰ ਦੇ ਪਿੰਡ ਕੁਮਹੌਲੀ ਨੇੜੇ ਸਵੇਰੇ 7 ਵਜੇ ਦੇ ਕਰੀਬ ਗੈਸ ਸਿਲੰਡਰਾਂ ਨਾਲ ਭਰੇ ਟਰੱਕ ਅਤੇ ਬੋਹੋਰੀਕਪੁਰ ਤੋਂ ਆ ਰਹੇ ਡੰਪਰ ਵਿਚਾਲੇ ਆਹਮੋ-ਸਾਹਮਣੇ ਟੱਕਰ ਹੋ ਗਈ।




ਪੁਲਸ ਨੇ ਦੱਸਿਆ ਕਿ ਇਸ ਭਿਆਨਕ ਟੱਕਰ 'ਚ ਟਰੱਕ ਡਰਾਈਵਰ ਅਭਿਮਨਿਊ (42), ਡੰਪਰ ਚਾਲਕ ਰਾਹੁਲ (40) ਅਤੇ ਰਾਮਕਿਸੋਰ (55) ਨਾਂ ਦੇ ਇਕ ਹੋਰ ਵਿਅਕਤੀ ਦੀ ਮੌਤ ਹੋ ਗਈ। ਸੂਤਰਾਂ ਨੇ ਦੱਸਿਆ ਕਿ ਇਸ ਘਟਨਾ 'ਚ 4 ਹੋਰ ਲੋਕ ਵੀ ਜਖਮੀ ਹੋਏ ਹਨ। ਉਨ੍ਹਾਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਦੋ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਲੋਹੀਆ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

## ਅਲਵਰ ਜਿਲ੍ਹੇ 'ਚ ਵੱਖ-ਵੱਖ ਹਾਦਸਿਆਂ 'ਚ ਚਾਰ ਲੋਕਾਂ ਦੀ ਮੌਤ

ਅਲਵਰ 3 ਅਗਸਤ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਪਿਛਲੇ 24 ਘੰਟਿਆਂ ਦੌਰਾਨ ਵੱਖ-ਵੱਖ ਹਾਦਸਿਆਂ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਜਖਮੀ ਹੋ ਗਏ। ਪੁਲਸ ਦੇ ਅਨੁਸਾਰ, ਤਾਮਿਲਨਾਡੂ ਦੇ ਰਹਿਣ ਵਾਲੇ 60 ਸਾਲਾ ਡੈਨੀਅਲ ਦੀ ਅੱਜ ਵੈਸਾਲੀ ਨਗਰ ਥਾਣੇ ਅਧੀਨ ਆਉਂਦੇ ਸੂਰਿਆ ਨਗਰ ਮੋੜ 'ਤੇ ਰੋਡਵੇਜ ਬੱਸ ਦੀ ਟੱਕਰ ਨਾਲ ਮੌਤ ਹੋ ਗਈ। ਮ੍ਰਿਤਕ ਡੈਨੀਅਲ ਸਵੇਰ ਦੀ ਸੈਰ ਲਈ ਆਪਣੇ ਘਰੋਂ ਨਿਕਲਿਆ ਸੀ ਪਰ ਵਾਪਸ ਨਹੀਂ ਆਇਆ। ਜਦੋਂ ਉਸਦੀ ਭਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨਾਲ ਸੂਰਿਆ ਨਗਰ ਮੋੜ 'ਤੇ ਹਾਦਸਾ ਹੋਇਆ ਸੀ। ਇਸ ਤੋਂ ਬਾਅਦ, ਉਸਨੂੰ ਜਨਰਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਡੈਨੀਅਲ ਨੂੰ ਮ੍ਰਿਤਕ ਐਲਾਨ ਦਿੱਤਾ। ਅਲਵਰ ਸਹਿਰ ਉਦਯੋਗ ਨਗਰ ਪੁਲਸ ਸਟੇਸਨ ਅਧੀਨ ਇੱਕ ਉਦਯੋਗਿਕ ਇਕਾਈ ਵਿੱਚ ਫੈਬਰੀਕੇਟਰ ਵਜੋਂ ਕੰਮ ਕਰਨ ਵਾਲੇ 39 ਸਾਲਾ ਮਿਠਨ ਲਾਲ ਦੀ ਬੁੱਧਵਾਰ ਸਾਮ ਨੂੰ ਫੈਕਟਰੀ ਵਿੱਚ ਕੰਮ ਕਰਦੇ ਸਮੇਂ ਦੋ ਮੰਜ਼ਿਲਾ ਛੱਤ ਤੋਂ ਡਿੱਗਣ ਨਾਲ ਮੌਤ ਹੋ ਗਈ। ਪੁਲਸ ਨੇ ਪੋਸਟਮਾਰਟਮ ਕਰਵਾ ਕੇ ਲਾਸ ਪਰਿਵਾਰ ਨੂੰ ਸੌਂਪ ਦਿੱਤੀ। ਜ਼ਿਲ੍ਹੇ ਦੇ ਰਾਜਗੜ੍ਹ-ਬੰਦੀਕੁਈ ਮੈਗਾ ਹਾਈਵੇਅ ਰੋਡ 'ਤੇ ਸਥਿਤ ਗੋਠ ਕੀ ਚੌਕੀ ਨੇੜੇ ਇੱਕ ਕਾਰ ਅਤੇ ਦੋ ਮੋਟਰਸਾਈਕਲਾਂ ਵਿਚਕਾਰ ਹੋਈ ਟੱਕਰ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਇੱਕ ਹੋਰ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਜਖਮੀ ਹੋ ਗਏ। ਪੁਲਸ ਐਂਬੂਲੈਂਸ ਦੀ ਮਦਦ ਨਾਲ ਜਖਮੀਆਂ ਨੂੰ ਰਾਜਗੜ੍ਹ ਸੀਐੱਚਸੀ ਲੈ ਗਈ। ਮ੍ਰਿਤਕ ਨੇਤਰਾਮ ਮੀਣਾ ਦੀ ਲਾਸ ਨੂੰ ਪੋਸਟਮਾਰਟਮ ਲਈ ਰਾਜਗੜ੍ਹ ਸੀਐੱਚਸੀ ਦੇ ਮੁਰਦਾਘਰ ਵਿੱਚ ਰੱਖਿਆ ਗਿਆ



ਸੀ। ਇਸੇ ਤਰ੍ਹਾਂ, ਜ਼ਿਲ੍ਹੇ ਦੇ ਰਾਜਗੜ੍ਹ ਪੰਚਾਇਤ ਸੰਮਤੀ ਖੇਤਰ ਦੇ ਸਲੋਲੀ ਪਿੰਡ ਉਸਦੀ ਭਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨਾਲ ਸੂਰਿਆ ਨਗਰ ਮੋੜ 'ਤੇ ਹਾਦਸਾ ਹੋਇਆ ਸੀ। ਇਸ ਤੋਂ ਬਾਅਦ, ਉਸਨੂੰ ਜਨਰਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਡੈਨੀਅਲ ਨੂੰ ਮ੍ਰਿਤਕ ਐਲਾਨ ਦਿੱਤਾ। ਅਲਵਰ ਸਹਿਰ ਉਦਯੋਗ ਨਗਰ ਪੁਲਸ ਸਟੇਸਨ ਅਧੀਨ ਇੱਕਵਿੱਚ ਬੁੱਧਵਾਰ ਦੇਰ ਰਾਤ ਖੇਤੀਬਾੜੀ ਦਾ ਕੰਮ ਕਰਦੇ ਸਮੇਂ ਕਰੰਟ ਲੱਗਣ ਨਾਲ ਇੱਕ 17 ਸਾਲਾ ਲੜਕਾ ਕੇਸਵ ਜੰਗੀਡ਼ ਗੰਭੀਰ ਜਖਮੀ ਹੋ ਗਿਆ। ਸੂਚਨਾ ਮਿਲਣ 'ਤੇ ਪਰਿਵਾਰ ਬੱਚੇ ਨੂੰ ਰਾਜਗੜ੍ਹ ਹਸਪਤਾਲ ਲੈ ਆਇਆ। ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

### ਸ਼ੇਅਰ ਬਾਜ਼ਾਰ 'ਚ ਬਹਾਰ : ਸੈਂਸੈਕਸ 1350 ਤੋਂ ਵੱਧ ਅੰਕ ਚੜ੍ਹਿ ਆ

ਮੁੰਬਈ 3 ਅਗਸਤ। ਲੰਬੇ ਸਮੇਂ ਤੋਂ ਬਾਅਦ ਮੰਗਲਵਾਰ ਨੂੰ ਘਰੇਲੂ ਸ਼ੇਅਰ ਬਾਜ਼ਾਰ 'ਚ ਜ਼ਬਰਦਸਤ ਕਾਰੋਬਾਰੀ ਸੈਸ਼ਨ ਦੇਖਣ ਨੂੰ ਮਿਲਿਆ। 2 ਦਿਨ ਦੀ ਗਿਰਾਵਟ ਤੋਂ ਬਾਅਦ ਦਿਨ ਭਰ ਚੰਗਾ ਵਾਧਾ ਦਿਖਾਉਣ ਤੋਂ ਬਾਅਦ ਬਾਜ਼ਾਰ 'ਚ ਭਾਰੀ ਵਾਧਾ ਦਰਜ ਕੀਤਾ ਗਿਆ। ਸੈਂਸੈਕਸ ਅੱਜ ਭਾਵ 5 ਫਰਵਰੀ ਨੂੰ 1397.07 ਅੰਕ ਭਾਵ 1.81% ਦੇ ਵਾਧੇ ਨਾਲ 78,583.81 ਦੇ ਪੱਧਰ 'ਤੇ ਬੰਦ ਹੋਇਆ ਹੈ। ਇਸ ਦੇ ਨਾਲ ਹੀ ਸੈਂਸੈਕਸ ਦੇ 25 ਸਟਾਕ ਵਾਧੇ ਨਾਲ ਅਤੇ 6 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਦੂਜੇ ਪਾਸੇ ਨਿਫਟੀ ਵੀ 378.20 ਅੰਕ ਭਾਵ 1.62% ਦੇ ਵਾਧੇ ਨਾਲ 23,739.25 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫਟੀ 50 ਦੇ 39 ਸਟਾਕ ਵਾਧੇ ਨਾਲ ਅਤੇ 12 ਸਟਾਕ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਐਨਐਸਈ ਸੈਕਟਰਲ ਇੰਡੈਕਸ ਵਿਚ ਸਾਰੇ ਸੈਕਟਰ ਵਾਧੇ ਨਾਲ ਵਪਾਰ ਕਰ ਰਹੇ ਹਨ। ਆਟੋ ਸੈਕਟਰ ਸਭ ਤੋਂ ਵੱਧ 1.20% ਵਧਿਆ ਹੈ। ਬੈਂਕ ਨਿਫਟੀ 947 ਅੰਕਾਂ ਦੀ ਛਾਲ ਨਾਲ 50,157 'ਤੇ ਬੰਦ ਹੋਇਆ। ਨਿਫਟੀ ਮਿਡਕੈਪ 800 ਅੰਕਾਂ ਦੇ ਵਾਧੇ ਨਾਲ 53,785 ਦੇ ਪੱਧਰ 'ਤੇ ਬੰਦ ਹੋਇਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੀਂਹ ਨੇ ਗੁਰਦਾਸਪੁਰ ਸ਼ਹਿਰ 'ਚ ਕੀਤਾ ਜਲ-ਥਲ, ਨਹਿਰਾਂ ਵਾਂਗ ਦੌੜਿਆ ਸੜਕਾਂ 'ਤੇ ਪਾਣੀ

**ਕੌਮੀ ਪੱਤ੍ਰਿਕਾ**

ਗੁਰਦਾਸਪੁਰ 3 ਅਗਸਤ। ਮਾਨਸੂਨ ਦੇ ਸੀਜ਼ਨ 'ਚ ਹੁਣ ਤੱਕ ਦੀ ਹੋਈ ਸਭ ਤੋਂ ਜ਼ਿਆਦਾ ਬਾਰਿਸ਼ ਨੇ ਗੁਰਦਾਸਪੁਰ ਸ਼ਹਿਰ 'ਚ ਅੱਜ ਜਲ ਥਲ ਕਰ ਦਿੱਤਾ ਹੈ। ਕੁਝ ਹੀ ਘੰਟਿਆਂ ਅੰਦਰ ਗੁਰਦਾਸਪੁਰ ਵਿੱਚ ਪਏ 152.50 ਮਿਲੀਮੀਟਰ ਮੀਂਹ ਨੇ ਜਿੱਥੇ ਪਾਣੀ ਦੇ ਨਿਕਾਸ ਸਬੰਧੀ ਸਾਰੇ ਪ੍ਰਬੰਧਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ, ਉਥੇ ਕਈ ਘਰਾਂ ਅਤੇ ਦੁਕਾਨਾਂ ਵਿੱਚ ਪਾਣੀ ਵੜਨ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਵੀ ਹੋਇਆ ਹੈ। ਹਾਲਾਤ ਇਹ ਬਣੇ ਹੋਏ ਹਨ ਕਿ ਅੱਜ ਸਵੇਰੇ ਗੁਰਦਾਸਪੁਰ ਸ਼ਹਿਰ ਦੀਆਂ ਜ਼ਿਆਦਾਤਰ ਸੜਕਾਂ ਵਿੱਚ ਨਹਿਰਾਂ ਵਾਂਗ ਪਾਣੀ ਦਾ ਵਹਾਅ ਦੇਖਣ ਨੂੰ ਮਿਲਿਆ ਜਦੋਂ ਕਿ ਕਈ ਬਾਜ਼ਾਰ ਅਤੇ ਨੀਵੇਂ ਮਹੱਲਿਆਂ ਨੇ ਵੀ ਕਈ ਘੰਟੇ ਤਲਾਅ ਦਾ ਰੂਪ ਧਾਰਨ ਕਰੀ ਰੱਖਿਆ। ਹਾਲਾਤ ਇੰਨੇ ਬਦਤਰ ਸਨ ਕਿ ਬਾਰਿਸ਼ ਖਤਮ ਹੋਣ ਦੇ ਕਈ ਘੰਟਿਆਂ ਬਾਅਦ ਵੀ ਕਈ ਸੜਕਾਂ ਅਤੇ ਮੁਹੱਲਿਆਂ ਵਿੱਚੋਂ ਪਾਣੀ ਦਾ ਨਿਕਾਸ ਨਹੀਂ ਹੋ ਸਕਿਆ ਜਿਸ ਕਾਰਨ ਅੱਜ ਤਕਰੀਬਨ ਪੂਰੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿੰਦੇ ਲੋਕ ਵੱਡੀਆਂ ਪਰੇਸ਼ਾਨੀਆਂ ਨਾਲ ਜੂਝਦੇ ਦਿਖਾਈ ਦਿੱਤੇ ਹਨ। ਮੌਸਮ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਗੁਰਦਾਸਪੁਰ ਅੰਦਰ ਅੱਜ 152.50 ਮਿਲੀਮੀਟਰ ਬਾਰਿਸ਼ ਹੋਈ ਹੈ। ਜੁਲਾਈ ਦੇ ਪੂਰੇ ਮਹੀਨੇ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਇਸ ਮਹੀਨੇ 1 ਜੁਲਾਈ ਤੋਂ 3 ਅਗਸਤ ਤੱਕ 315 ਮਿਲੀਮੀਟਰ ਮੀਂਹ ਪਿਆ ਹੈ। ਆਮ ਤੌਰ 'ਤੇ ਮਾਨਸੂਨ ਦੇ ਸੀਜ਼ਨ ਵਿੱਚ ਗੁਰਦਾਸਪੁਰ ਜ਼ਿਲ੍ਹੇ ਅੰਦਰ 500 ਤੋਂ 800 ਮਿਲੀਮੀਟਰ ਬਾਰਿਸ਼ ਹੁੰਦੀ ਹੈ। ਇਸ ਸੀਜ਼ਨ ਵਿੱਚ ਅੱਜ ਪਏ ਮੀਂਹ ਦੀ ਮਾਤਰਾ ਪਿਛਲੇ ਦਿਨਾਂ ਵਿੱਚ ਪਏ ਮੀਂਹ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਦਰਜ ਕੀਤੀ ਗਈ ਹੈ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਵੀ ਗੁਰਦਾਸਪੁਰ ਅੰਦਰ ਦਰਮਿਆਨੀ ਤੋਂ ਭਾਰੀ ਬਾਰਿਸ਼ ਹੋਵੇਗੀ। ਇਸ ਬਾਰਿਸ਼ ਨੇ ਹਾਲ ਦੀ ਘੜੀ ਲੋਕਾਂ ਨੂੰ ਹੁੰਮਸ ਤੋਂ ਕਾਫੀ ਰਾਹਤ ਦਵਾਈ ਹੈ ਅਤੇ ਤਾਪਮਾਨ ਵਿੱਚ ਤਕਰੀਬਨ 2 ਡਿਗਰੀ ਸੈਂਟੀਗਰੇਟ ਦੀ ਗਿਰਾਵਟ ਵੀ ਦਰਜ ਕੀਤੀ ਗਈ ਹੈ। ਇਸ ਭਾਰੀ ਬਾਰਿਸ਼ ਕਾਰਨ ਅੱਜ ਗੁਰਦਾਸਪੁਰ ਦਾ ਬਾਟਾ ਚੌਂਕ, ਬੀਜ ਮਾਰਕੀਟ, ਕਲਾਨੌਰੀ ਗੇਟ, ਰੇਲਵੇ ਰੋਡ ਸਮੇਤ ਹੋਰ ਅਨੇਕਾਂ ਬਾਜ਼ਾਰਾਂ ਅਤੇ ਮੁਹੱਲਿਆਂ ਵਿੱਚ ਪਾਣੀ ਦਾ ਵਹਾਅ ਦੇਖਣ ਨੂੰ ਮਿਲਿਆ। ਇਹਨਾਂ ਥਾਵਾਂ 'ਤੇ ਘੰਟਿਆਂ ਬੱਧੀ ਪਾਣੀ ਰੁਕਿਆ ਰਿਹਾ, ਜਿਸ ਕਾਰਨ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਅਤੇ ਦੁਕਾਨਦਾਰ ਵੀ ਆਪਣੀਆਂ ਦੁਕਾਨਾਂ ਨਹੀਂ ਖੋਲ ਸਕੇ। ਇਥੋਂ ਤੱਕ ਕਿ ਨਗਰ ਕੌਂਸਲ ਦੇ ਆਪਣੇ ਦਫਤਰ ਵਿੱਚ ਵੀ ਅੱਜ ਪਾਣੀ ਦਾ ਡੱਕਾ ਲੱਗਾ ਰਿਹਾ ਜਿਸ ਦੇ ਇਲਾਵਾ ਗੁਰਦਾਸਪੁਰ ਵਿਖੇ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਲੋਕ ਨਿਰਮਾਣ



ਵਿਭਾਗ ਦੇ ਦਫਤਰ, ਹਸਪਤਾਲ ਸਮੇਤ ਹੋਰ ਅਨੇਕਾਂ ਵੱਖ-ਵੱਖ ਸਰਕਾਰੀ ਅਤੇ ਗੈਰ ਸਰਕਾਰੀ ਇਮਾਰਤਾਂ ਵਿੱਚ ਪਾਣੀ ਦੇਖਣ ਨੂੰ ਮਿਲਿਆ। ਵੱਡੇ ਪੱਧਰ 'ਤੇ ਹੋਏ ਨੁਕਸਾਨ ਅਤੇ ਖੱਜਲਖੁਆਰੀ ਦੇ ਚਲਦਿਆਂ ਅੱਜ ਲੋਕ ਭਾਰੀ ਰੋਹ ਵਿੱਚ ਦੇਖਣ ਨੂੰ ਮਿਲੇ ਜਿਨਾਂ ਦਾ ਰੋਸ ਸੀ ਕਿ ਪਹਿਲਾਂ ਤੋਂ ਬਾਰਿਸ਼ ਪੈਣ ਦੀ ਸੰਭਾਵਨਾ ਦਾ ਪਤਾ ਹੋਣ ਦੇ ਬਾਵਜੂਦ ਨਗਰ ਕੌਂਸਲ ਅਤੇ ਸੀਵਰੇਜ ਸਮੇਤ ਹੋਰ ਸੰਬੰਧਿਤ ਵਿਭਾਗ ਪਾਣੀ ਦੇ ਨਿਕਾਸ ਦਾ ਢੁਕਵਾਂ ਪ੍ਰਬੰਧ ਨਹੀਂ ਕਰ ਸਕੇ ਜਿਸ ਦੇ ਚਲਦਿਆਂ ਅੱਜ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸਵੇਰੇ ਹੋਈ ਬਾਰਿਸ਼ ਕਾਰਨ ਅੱਜ ਜ਼ਿਆਦਾਤਰ ਬੱਚੇ ਸਕੂਲਾਂ ਵਿੱਚ ਨਹੀਂ ਜਾ ਸਕੇ ਕਿਉਂਕਿ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਪਾਣੀ ਜਮਾ ਹੋਣ ਕਾਰਨ ਸਕੂਲ ਵੈਨਾਂ ਅਤੇ ਰਿਕਸ਼ੇ ਆਦਿ ਸਮੇਂ ਸਿਰ ਨਹੀਂ ਪਹੁੰਚ ਸਕੇ ਜਿਸ ਕਾਰਨ ਜ਼ਿਆਦਾਤਰ ਸਕੂਲਾਂ ਵਿੱਚ ਅੱਜ ਬੱਚਿਆਂ ਦੀ ਗਿਣਤੀ ਆਮ ਦੇ ਮੁਕਾਬਲੇ ਬਹੁਤ ਘੱਟ ਰਹੀ। ਇਸੇ ਤਰ੍ਹਾਂ ਪਾਣੀ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਦੁਕਾਨਦਾਰ ਆਪਣੀ ਦੁਕਾਨਾਂ ਵੀ ਸਮੇਂ ਸਿਰ ਨਹੀਂ ਖੋਲ ਸਕੇ ਅਤੇ ਬਾਕੀ ਥਾਵਾਂ 'ਤੇ ਵੀ ਜ਼ਿਆਦਾਤਰ ਦੁਕਾਨਦਾਰ ਵਿਹਲੇ ਹੀ ਬੈਠੇ ਦਿਖਾਈ ਦਿੱਤੇ। ਸਰਕਾਰੀ ਅਤੇ ਗੈਰ ਸਰਕਾਰੀ ਦਫਤਰਾਂ ਵਿੱਚ ਡਿਊਟੀ 'ਤੇ ਜਾਣ ਵਾਲੇ ਮੁਲਾਜ਼ਮਾਂ ਨੂੰ ਵੀ ਅੱਜ ਭਾਰੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹੋਰ ਤੇ ਹੋਰ ਵੱਖ ਵੱਖ ਦਿਹਾੜੀਦਾਰ ਮਜ਼ਦੂਰਾਂ ਅਤੇ ਮਿਸਤਰੀਆਂ ਨੂੰ ਵੀ ਅੱਜ ਕੰਮ ਨਸੀਬ ਨਹੀਂ ਹੋਇਆ ਅਤੇ ਉਹ ਬਿਨਾਂ ਕਮਾਈ ਕੀਤੇ ਹੀ ਘਰਾਂ ਨੂੰ ਪਰਤ ਗਏ।

# ਰੇਲਵੇ ਸਟੇਸ਼ਨ ਦੀਨਾਨਗਰ ਦੇ ਨਵੀਨੀਕਰਨ ਨੂੰ ਲੈ ਕੇ ਰੇਲ ਅਧਿਕਾਰੀਆਂ ਨੇ ਕੀਤਾ ਦੌਰਾ

ਦੀਨਾਨਗਰ 3 ਅਗਸਤ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁੱਕਰਵਾਰ ਨੂੰ ਰੇਲਵੇ ਅਧਿਕਾਰੀਆਂ ਨੇ ਦੀਨਾਨਗਰ ਰੇਲਵੇ ਸਟੇਸ਼ਨ ਦੇ ਨਵੀਨੀਕਰਨ ਨੂੰ ਲੈ ਕੇ ਸਟੇਸ਼ਨ ਦਾ ਦੌਰਾ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਭਾਜਪਾ ਸੂਬਾ ਸਕੱਤਰ ਪ੍ਰਿੰਸੀਪਲ ਰੇਣੂ ਕਸ਼ਅਪ ਅਤੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਯਸ਼ਪਾਲ ਕੁੰਡਲ ਨੇ ਦੱਸਿਆ ਕਿ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅੱਜ ਰੇਲਵੇ ਸਟੇਸ਼ਨ ਦੀਨਾਨਗਰ ਵਿਖੇ ਰੇਲਵੇ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਰੇਲਵੇ ਸਟੇਸ਼ਨ ਦੇ ਨਵੀਨੀਕਰਨ, ਦੀਨਾਨਗਰ ਤੋਂ ਹਰਿਦੁਆਰ ਲਈ ਟ?ਰੇਨ ਚਲਾਉਣ, ਰੇਲਵੇ ਓਵਰਬ੍ਰਿਜ ਦੇ ਨੇੜਿਓਂ ਲੋਕਾਂ ਦੇ ਆਉਣ-ਜਾਣ ਲਈ ਰਸਤਾ ਬਣਾਉਣ ਅਤੇ ਪਨਿਆੜ ਵਿਖੇ ਲੋਕਲ ਟ?ਰੇਨਾਂ ਦੇ ਸਟੋਪਜ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਮੌਜੂਦ ਰੇਲਵੇ ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ਉਹਨਾਂ ਵੱਲੋਂ ਦਿੱਤੇ ਸੁਝਾਅ ਜਲਦ ਹੀ ਉੱਚ ਅਧਿਕਾਰੀਆਂ ਕੋਲ ਭੇਜੇ ਜਾਣਗੇ ਤਾਂ ਜੋ ਉਹਨਾਂ 'ਤੇ ਯੋਗ ਕਾਰਵਾਈ ਹੋ ਸਕੇ। ਮੌਕੇ 'ਤੇ ਮੌਜੂਦ ਲੋਕ ਸੇਵਾ ਦਲ ਦੇ ਆਗੂਆਂ ਵੱਲੋਂ ਰੇਲਵੇ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਰੇਲਵੇ ਅਧਿਕਾਰੀਆਂ ਸਣੇ ਲੋਕ ਸੇਵਾ ਦਲ ਦੇ ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ ਸਣੇ ਸ਼ਹਿਰ ਦੇ ਕਈ ਪਤਵੰਤੇ ਹਾਜ਼ਰ ਸਨ।

# ਮਜ਼ਦੂਰ ਮੁਕਤੀ ਮੋਰਚੇ ਵੱਲੋਂ ਪਿੰਡ ਖੰਡੇਬਾਦ ਵਿਖੇ 11 ਮੈਂਬਰੀ ਕਮੇਟੀ ਦੀ ਚੋਣ

ਲਹਿਰਾਗਾਗਾ,3 ਅਗਸਤ: ਅੱਜ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੱਦੇ ਤੇ ਲਹਿਰਾਂ ਬਲਾਕ ਦੇ ਪਿੰਡ ਖੰਡੇਬਾਦ ਵਿਖੇ ਮਜ਼ਦੂਰ ਮੁਕਤੀ ਮੋਰਚਾ ਦੀ ਦਰਸ਼ਨ ਸਿੰਘ ਖੰਡੇਬਾਦ ਦੀ ਅਗਵਾਈ ਹੇਠ ਪਿੰਡ ਪੱਧਰੀ ਸਰਵਸੰਮਤੀ ਨਾਲ 11 ਮੈਬਰੀ ਕਮੇਟੀ ਦੀ ਚੋਣ ਕੀਤੀ ਗਈ ਇਸ ਦੇ ਪ੍ਰਧਾਨ ਚਮਕੌਰ ਸਿੰਘ ਖੰਡੇਬਾਦ ਸਕੱਤਰ ਰੋਹਿਤ ਸਿੰਗਲਾ ਖਜਾਨਚੀ ਪ੍ਰੇਮ ਸਿੰਘ ਖੰਡੇਬਾਦ ਨੂੰ ਚੁਣਿਆ ਗਿਆ। ਇਸ ਵਾਰੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਕਾਮਰੇਡ ਬਿੱਟੂ ਸਿੰਘ ਖੋਖਰ ਨੇ ਕਿਹਾ ਕਿ ਸੂਬਾ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੇ - ਜ਼ਮੀਨੇ ਗਰੀਬਾਂ ਲੋਕਾਂ ਦੀਆਂ ਵੋਟਾਂ ਵਟੋਰਨ ਲਈ ਸਾਨੂੰ ਗਰੰਟੀਆ ਦਿੱਤੀਆਂ ਸਨ ਪਰ ਅੱਜ ਹੱਕ ਮੰਗਦੇ ਮਜ਼ਦੂਰਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਸਰਕਾਰ ਵੱਲੋਂ ਮਜ਼ਦੂਰਾਂ ਤੇ ਕੀਤਾ ਜਾ ਰਿਹਾ ਜ਼ਬਰ ਸ਼ਹਿਣ ਨਹੀਂ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ, ਮਜ਼ਦੂਰ ਜਮਾਤ ਦੀ ਮੁਕਤੀ ਅਤੇ ਜ਼ਮੀਨ ਮਾਨ ਸਨਮਾਨ ਦੀ ਲੜਾਈ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ ।ਅੱਜ ਦੀ ਮੀਟਿੰਗ ਚ ਪਿਛਲੇ ਦਿਨੀਂ ਪਿੰਡ ਨਿਆਲ ਦੇ ਟਰੱਕ ਡਰਾਇਵਰਾ ਵੱਲੋਂ ਇੱਕ ਟਰੱਕ ਮਾਲਕ ਦੇ ਪ੍ਰੇਸ਼ਾਨ ਕਰਨ ਕਰਕੇ ਕੀਤੀ ਖੁਦਕੁਸ਼ੀ ਤੇ ਪ੍ਰਸ਼ਾਸਨ ਵੱਲੋਂ ਜੋ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ ਇਸ ਕਰਕੇ ਪੰਜਾਬ ਸਰਕਾਰ ਦੀ ਸਖਤ ਨਿੰਦਾ ਕੀਤੀ ਗਈ। ਇਸ ਮੌਕੇ ਕੁਕੂ ਸਿੰਘ ,ਸ਼ਮਸ਼ੇਰ ਸਿੰਘ, ਕੁਲਦੀਪ ਸਿੰਘ, ਕਰਮਜੀਤ ਕੌਰ ਚਰਨਜੀਤ ਕੌਰ ਆਦਿ ਹਾਜ਼ਰ ਸਨ ।


## ਉੱਤਰ ਰੇਲਵੇ

**ਸ਼ੁਧੀਪੱਤਰ**

**ਨਿਵਿਦਾ ਸੂਚਨਾ ਨੰ.** HQ0MECH(CHG)/3/2025/Tender Dated 18.07.2025

**ਨਿਵਿਦਾ ਸੂਚਨਾ ਨੰ.** NR-HQ0MECH(CHG) 3 2025 Tender

ਸ਼ੁਧੀ ਪੱਤਰ, ਨਿਵਿਦਾ ਸੂਚਨਾ ਨੰ. NR-HQ0MECH(CHG) 3 2025 Tender ਉੱਤਰ ਰੇਲਵੇ ਦੀ ਵਰਕਸ਼ਾਪ/ਕੋਚਿੰਗ ਡਿਪੋ ਵਿਚ ਨਾਨ-ਏਸੀ ਆਈਸੀਐਫ ਕੋਚਾਂ ਵਿਚ ਪਖਾਨਿਆਂ ਦਾ ਅਪਗ੍ਰੇਡੇਸ਼ਨ। ਮਾਤਰਾ-850 ਆਈਸੀਐਫ ਨਾਨ-ਏਸੀ ਕੋਚ।

| S. no./ Clause | Description | Existing | Should be read as |
|---|---|---|---|
| 11.7 | MCF specifications | Field trial | Note (added to the clause): The latest guidelines issued, if any, from Railway Board/MCF RBL/any other Competent Authority will supersede the clause. In case no new guidelines are issued, the existing clause will prevail. |

ਇਨ੍ਹਾਂ ਨਿਵਿਦਾਵਾਂ ਨੂੰ ਵੈਬ ਸਾਈਟ IREPS 'ਤੇ ਲੋਡ ਕਰ ਦਿਤਾ ਗਿਆ ਹੈ। 2359/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਮੁੱਖ ਮੰਤਰੀ ਦਾ ਜੰਗਲਾਤ ਵਿਭਾਗ ਦੇ ਠੇਕੇ ਵਾਲੇ 942 ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ; ਸੇਵਾਵਾਂ ਪੱਕੀਆਂ ਕਰਨ ਦੇ ਨਿਯੁਕਤੀ ਪੱਤਰ ਸੌਂਪੇ

**➢ ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਕੰਟਰੈਕਟ ਉੱਤੇ ਕਰ ਰਹੇ ਸਨ ਕੰਮ ➢ ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਪੈਂਤੜਾ ਲਈ ਵਿਰੋਧੀ ਧਿਰ ਦੀ ਆਲੋਚਨਾ ➢ ਲੋਕਾਂ ਦੀ ਭਲਾਈ ਲਈ ਸੂਬਾ ਸਰਕਾਰ ਵੱਲੋਂ ਕੀਤੀਆਂ ਅਹਿਮ ਪਹਿਲਕਦਮੀਆਂ ਗਿਣਾਈਆਂ**

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਗਲਾਤ ਵਿਭਾਗ ਦੇ ਠੇਕੇ ਦੇ ਆਧਾਰ ਉੱਤੇ ਕੰਮ ਕਰ ਰਹੇ 942 ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਸੇਵਾ ਕਰ ਰਹੇ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਦੇ ਨਿਯੁਕਤੀ ਪੱਤਰ ਸੌਂਪ ਕੇ ਅੱਜ ਵੱਡਾ ਤੋਹਫ਼ਾ ਦਿੱਤਾ।

ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਉਨ੍ਹਾਂ ਨੂੰ ਇਹ ਐਲਾਨ ਕਰਦਿਆਂ ਬੇਹੱਦ ਖ਼ੁਸ਼ੀ ਹੋ ਰਹੀ ਹੈ ਕਿ ਸੂਬਾ ਸਰਕਾਰ ਨੇ ਸਾਰੇ ਕਾਨੂੰਨੀ ਤੇ ਪ੍ਰਸ਼ਾਸਕੀ ਅੜਿੱਕੇ ਦੂਰ ਕਰਦਿਆਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰ ਕੇ ਇਨ੍ਹਾਂ ਨਾਲ ਲੱਗਿਆ ਕੰਟਰੈਕਟ ਦਾ ਸ਼ਬਦ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਣੀ ਜ਼ਿੰਦਗੀ ਦੇ ਬੇਸ਼ਕੀਮਤੀ ਸਾਲ ਸਰਕਾਰ ਦੀ ਸੇਵਾ ਵਿੱਚ ਦੇਣ ਵਾਲੇ ਇਨ੍ਹਾਂ ਮੁਲਾਜ਼ਮਾਂ ਦੇ ਨਾਮ ਨਾਲ ਤੋਂ ਕੰਟਰੈਕਟ ਸ਼ਬਦ ਹਮੇਸ਼ਾ ਲਈ ਕੱਢਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮੰਤਵ ਮੁਲਾਜ਼ਮਾਂ ਦਾ ਭਵਿੱਖ ਸੁਰੱਖਿਅਤ ਕਰਨਾ ਹੈ ਅਤੇ ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਹੀ ਅੱਜ ਦਾ ਇਹ ਮੁਬਾਰਕ ਦਿਹਾੜਾ ਆਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਿਸੇ ਦੀ ਤਰਫ਼ਦਾਰੀ ਨਹੀਂ ਹੈ, ਸਗੋਂ ਸੂਬਾ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਲੋਕਾਂ ਤੇ ਸੂਬੇ ਦੀ ਸੇਵਾ ਕਰੇ ਅਤੇ ਇਸ ਲਈ ਹਰ ਹਰਬਾ ਵਰਤਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਉਨ੍ਹਾਂ ਨੂੰ ਸੇਵਾ ਦਾ ਮੌਕਾ ਦੇ ਕੇ ਮਾਣ ਬਖ਼ਸ਼ਿਆ ਹੈ ਅਤੇ ਉਹ ਇਸ ਭਰੋਸੇ ਨੂੰ ਬਰਕਰਾਰ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਪੰਜਾਬ ਦਾ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਪਣੇ ਸ਼ਾਸਨਕਾਲ ਦੇ ਅਖ਼ੀਰ ਵਿੱਚ ਕੁੱਝ ਰਿਆਇਤਾਂ ਦੇ ਕੇ ਲੋਕਾਂ ਨੂੰ ਬੇਵਕੂਫ਼ ਬਣਾਇਆ ਪਰ ਸਾਡੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਲੋਕਾਂ ਦੀਆਂ ਮੁਸੀਬਤਾਂ ਘਟਾਉਣ ਵੱਲ ਧਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਆਗੂ ਆਪਣੇ ਸ਼ਾਸਨ ਦੌਰਾਨ ਲੋਕਾਂ ਨੂੰ ਲੁੱਟਦੇ ਰਹੇ ਅਤੇ ਉਨ੍ਹਾਂ ਕਦੇ ਵੀ ਲੋਕਾਂ ਦੀ ਭਲਾਈ ਦੀ ਪਰਵਾਹ ਨਹੀਂ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਪਹਿਲੇ ਦਿਨ ਤੋਂ ਸੂਬੇ ਦੇ ਲੋਕਾਂ ਦੀ ਭਲਾਈ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਵਿਅੰਗ ਕਸਦਿਆਂ ਕਿਹਾ ਕਿ ਜਿਹੜੇ ਲੋਕ ਪੰਜਾਬ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਸਨ ਉਹ ਪੰਜਾਬੀ ਭਾਸ਼ਾ ਵਿੱਚ ਇਕ ਵੀ ਸ਼ਬਦ ਨਹੀਂ ਲਿਖ ਸਕਦੇ ਕਿਉਂਕਿ ਕਾਨਵੈਂਟ ਦੇ ਪੜ੍ਹੇ ਇਹ ਆਗੂ ਸੂਬੇ ਅਤੇ ਇਸ ਦੇ ਲੋਕਾਂ ਨਾਲੋਂ ਪੂਰੀ ਤਰ੍ਹਾਂ ਟੁੱਟੇ ਹੋਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਨਾਵਰ ਤੇ ਦੂਨ ਸਕੂਲਾਂ ਤੋਂ ਪੜ੍ਹੇ ਇਨ੍ਹਾਂ ਆਗੂਆਂ ਦਾ ਪੰਜਾਬੀ ਵਿੱਚ ਹੱਥ ਤੰਗ ਹੈ, ਜਿਸ ਕਾਰਨ ਉਹ ਲੋਕਾਂ ਨਾਲ ਜੁੜਨ ਵਿੱਚ ਅਸਹਿਜ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਸੂਬੇ ਦੇ ਸਿੱਖਿਆ ਖ਼ੇਤਰ ਨੂੰ ਨਜ਼ਰਅੰਦਾਜ਼ ਕੀਤਾ, ਜਿਸ ਕਾਰਨ ਲੋਕਾਂ ਨੇ ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਅਤੇ ਨਵੇਂ ਲੋਕਾਂ ਦੇ ਸਿਆਸਤ ਵਿੱਚ ਆਉਣ ਦਾ ਰਾਹ ਪੱਧਰਾ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਸਿਹਤ, ਸਿੱਖਿਆ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚਾ ਸਾਡੀ ਸਰਕਾਰ ਦੇ ਪੰਜ ਮੁੱਖ ਤਰਜੀਹੀ ਖ਼ੇਤਰ ਹਨ ਅਤੇ ਇਨ੍ਹਾਂ ਦੇ ਵਿਕਾਸ ਲਈ ਹਰ ਸੰਭਵ ਹੰਭਲਾ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਕ ਸਾਡੀ ਸਰਕਾਰ ਸਾਰੇ ਵਰਗਾਂ ਦੀ ਭਲਾਈ ਦੀ ਗੱਲ ਕਰਦੀ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਦੇ ਤਰਜੀਹੀ ਖ਼ੇਤਰ ਹੋਰ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਭਲਾਈ ਦੀ ਬਜਾਏ ਪਿਛਲੀਆਂ ਸਰਕਾਰਾਂ ਦੇ ਆਗੂ ਆਪਣੇ ਪਰਿਵਾਰਾਂ ਦੀ ਭਲਾਈ ਅਤੇ ਸੂਬੇ ਦੇ ਖ਼ਜ਼ਾਨੇ ਨੂੰ ਲੁੱਟਣ ਲਈ ਜ਼ਿਆਦਾ ਚਿੰਤਤ ਸਨ।



ਵਿਰੋਧੀ ਧਿਰ ਉੱਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਆਮ ਆਦਮੀ ਨੂੰ ਨਜ਼ਰਅੰਦਾਜ਼ ਕਰ ਕੇ ਸਿਰਫ਼ ਆਪਣੇ ਪਰਿਵਾਰਾਂ ਲਈ ਪੰਜਾਬੀਆਂ ਦਾ ਪੈਸਾ ਬੇਤਰਸੀ ਨਾਲ ਲੁੱਟਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਦਫ਼ਾ ਸੂਬੇ ਅਤੇ ਲੋਕਾਂ ਦੀ ਭਲਾਈ ਲਈ ਨੀਤੀਆਂ ਘੜੀਆਂ ਜਾ ਰਹੀਆਂ ਹਨ ਅਤੇ ਇਹ ਆਪਣੇ ਆਪ ਵਿੱਚ ਇਕ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਨਾਲ ਇਸ ਗੱਲੋਂ ਈਰਖਾ ਕਰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਇਕ ਆਦਮੀ ਦਾ ਪੁੱਤਰ ਸੂਬੇ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਕਿਵੇਂ ਚਲਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਦੇ ਲੋਕ ਵਿਰੋਧੀ ਤੇ ਪੰਜਾਬ ਵਿਰੋਧੀ ਪੈਂਤੜੇ ਕਾਰਨ ਸੂਬੇ ਦੇ ਲੋਕਾਂ ਦਾ ਇਨ੍ਹਾਂ ਪਾਰਟੀਆਂ ਵਿੱਚੋਂ ਵਿਸ਼ਵਾਸ ਉੱਠ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਿਆਣੇ ਤੇ ਬਹਾਦਰ ਲੋਕਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਅਤੇ 'ਆਪ' ਨੂੰ ਬਹੁਤ ਵੱਡਾ ਫਤਵਾ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਲੋਕਾਂ ਦੀ ਭਲਾਈ ਦੀ ਕਦੇ ਚਿੰਤਾ ਨਹੀਂ ਕੀਤੀ ਅਤੇ ਜ਼ਿਆਦਾਤਰ ਸਿਰਫ਼ ਆਪਣੀ ਭਲਾਈ ਲਈ ਚਿੰਤਤ ਰਹੇ।

'ਯੁੱਧ ਨਸ਼ਿਆਂ ਵਿਰੁੱਧ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਇਹ ਮੁਹਿੰਮ ਵਧੀਆ ਨਤੀਜੇ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਇਸ ਘਿਨਾਉਣੇ ਕੰਮ ਵਿਚਲੀਆਂ ਵੱਡੀਆਂ ਮੱਛੀਆਂ ਦੇਖਣਾ ਚਾਹੁੰਦੇ ਹਨ, ਉਹ ਨਾਭਾ ਜੇਲ੍ਹ ਦਾ ਫੇਰਾ ਪਾ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਇਹ ਸਮੁੱਚੀ ਮਨੁੱਖਤਾ ਵਿਰੁੱਧ ਅਪਰਾਧ ਹੈ ਅਤੇ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਕਾਨੂੰਨ ਮੁਤਾਬਕ ਉਨ੍ਹਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਡਰੱਗ ਮਾਫ਼ੀਆ ਦੀ ਪੁਸ਼ਤਪਨਾਹੀ ਕੀਤੀ ਪਰ ਸਾਡੀ ਸਰਕਾਰ ਨੇ ਨਸ਼ਿਆਂ ਵਿਰੁੱਧ ਯੁੱਧ ਛੇੜਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਬਹੁਤੀ ਬਾਰੀਕੀ ਨਾਲ ਯੋਜਨਾ ਉਲੀਕੀ ਗਈ ਹੈ ਅਤੇ ਹੁਣ ਨਸ਼ਿਆਂ ਖ਼ਿਲਾਫ਼ ਵੱਡੇ ਪੱਧਰ ਉੱਤੇ ਜੰਗ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀਆਂ ਸਪਲਾਈ ਲਾਈਨਾਂ ਤੋੜਨ ਤੋਂ ਇਲਾਵਾ ਸੂਬਾ ਸਰਕਾਰ ਨੇ ਇਸ ਘਿਨਾਉਣੇ ਜੁਰਮ ਵਿਚਲੇ ਮੁਜਰਿਮਾਂ ਨੂੰ ਸਲਾਖਾਂ ਪਿੱਛੇ ਡੱਕਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤਸਕਰਾਂ ਦੀ ਜਾਇਦਾਦ ਨੂੰ ਜ਼ਬਤ ਕੀਤਾ ਅਤੇ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕੰਮ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਸਫ਼ਲ ਨਹੀਂ ਹੋ ਸਕਦਾ।

ਮੁੱਖ ਮੰਤਰੀ ਨੇ ਨਾਭਾ ਜੇਲ੍ਹ ਵਿੱਚ ਬੰਦ ਨਸ਼ਿਆਂ ਦੇ ਸਮੁੱਚੇ ਕਾਰੋਬਾਰ ਦੇ ਮੁੱਖ ਸਰਗਨਾ ਦੇ ਮਨੁੱਖੀ ਅਧਿਕਾਰਾਂ ਬਾਰੇ ਚਿੰਤਾ ਜ਼ਾਹਰ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਸਾਧਦਿਆਂ ਪੁੱਛਿਆ ਕਿ ਉਨ੍ਹਾਂ ਪੰਜਾਬ ਦੇ ਲੋਕਾਂ ਬਾਰੇ ਅਜਿਹੀ ਚਿੰਤਾ ਕਿਉਂ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਇਸ ਨਾਲ ਇਨ੍ਹਾਂ ਆਗੂਆਂ ਦਾ ਅਸਲ ਚਿਹਰਾ ਨੰਗਾ ਹੋਇਆ ਹੈ, ਜਿਨ੍ਹਾਂ ਸੂਬੇ ਭਰ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਫੈਲਾਇਆ ਅਤੇ ਇਸ ਦੀ ਪੁਸ਼ਤਪਨਾਹੀ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੈਪਟਨ ਦੇ ਭਤੀਜੇ ਨੇ ਅਕਾਲੀ ਸਰਕਾਰ ਦੌਰਾਨ ਮੰਤਰੀ ਹੁੰਦਿਆਂ ਨਸ਼ਿਆਂ ਦਾ ਕਾਰੋਬਾਰ ਸ਼ੁਰੂ ਕੀਤਾ ਅਤੇ ਇਹ ਕਾਰੋਬਾਰ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ, ਜੋ ਹੁਣ ਭਾਜਪਾ ਵਿੱਚ ਹਨ, ਦੇ ਕਾਰਜਕਾਲ ਵਿੱਚ ਵਧਿਆ-ਫੁੱਲਿਆ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਕਾਰਜਕਾਲ ਸੰਭਾਲਿਆ, ਉਦੋਂ ਨਹਿਰੀ ਪਾਣੀ ਦਾ 21 ਫੀਸਦੀ ਸਿੰਜਾਈ ਲਈ ਵਰਤਿਆ ਜਾਂਦਾ ਸੀ ਪਰ ਅੱਜ ਇਹ ਅੰਕੜਾ 63 ਫੀਸਦੀ ਉੱਤੇ ਪੁੱਜ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਬੇਮਿਸਾਲ ਕੋਸ਼ਿਸ਼ਾਂ ਨਾਲ ਪਹਿਲੀ ਦਫ਼ਾ ਨਹਿਰਾਂ ਤੇ ਦਰਿਆਵਾਂ ਦਾ ਪਾਣੀ ਸੂਬੇ ਦੇ ਟੇਲਾਂ ਉੱਤੇ ਪੈਂਦੇ ਪਿੰਡਾਂ ਤੱਕ ਪੁੱਜਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਮੋੜਨ ਤੋਂ ਰੋਕਿਆ ਹੈ।

ਇਕ ਹੋਰ ਭਲਾਈ ਯੋਜਨਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਦੇਸ਼ ਵਿੱਚ ਪਹਿਲੀ ਵਾਰ ਕਿਸੇ ਸੂਬੇ ਵੱਲੋਂ ਸ਼ੁਰੂ ਕੀਤੀ ਜਾਣ ਵਾਲੀ 'ਮੁੱਖ ਮੰਤਰੀ ਸਿਹਤ ਯੋਜਨਾ' ਨਾਲ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਨਗਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ। ਉਨ੍ਹਾਂ ਨੇ ਮਾਣ ਨਾਲ ਕਿਹਾ ਕਿ ਪਹਿਲੀ ਵਾਰ ਕੋਈ ਸੂਬਾ ਅਜਿਹੀ ਨਿਵੇਕਲੀ ਯੋਜਨਾ ਲੈ ਕੇ ਆਇਆ ਹੈ ਜਿਸ ਨਾਲ ਲੋਕਾਂ 'ਤੇ ਵਿੱਤੀ ਬੋਝ ਘਟੇਗਾ ਅਤੇ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਹਰੇਕ ਨਾਗਰਿਕ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਜਰਖੇਜ਼ ਜ਼ਮੀਨ, ਮਨਮੋਹਕ ਬਨਸਪਤੀ ਦੀ ਬਖ਼ਸ਼ਿਸ਼ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਪਠਾਨਕੋਟ ਜ਼ਿਲ੍ਹੇ ਵਿੱਚ ਚਮਰੌੜ ਪੱਤਣ ਵਰਗੀਆਂ ਖ਼ੂਬਸੂਰਤ ਥਾਵਾਂ ਹਨ ਜਿਸ ਨੂੰ 'ਮਿੰਨੀ ਗੋਆ' ਵਜੋਂ ਜਾਣਿਆ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਬੇਸ਼ਕੀਮਤੀ ਕੁਦਰਤੀ ਸਰੋਤਾਂ ਦਾ ਸੁਭਾਗ ਹਾਸਲ ਹੈ ਜੋ ਦੁਨੀਆ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਖ਼ਿੱਤੇ ਵਿੱਚ ਆਰਥਿਕ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨਾ ਸਮੇਂ ਦੀ ਲੋੜ ਹੈ ਜਿਸ ਨਾਲ ਲੋਕਾਂ ਦਾ ਜੀਵਨ ਸੰਵਾਰਿਆ ਜਾ ਸਕਦਾ ਹੈ। ਉਨ੍ਹਾਂ ਨੇ ਦੁੱਖ ਨਾਲ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਲਾਇਕੀ ਕਾਰਨ ਪੰਜਾਬ ਨੂੰ ਵਿਕਾਸ ਦੇ ਪੱਖੋਂ ਖਾਸ ਕਰਕੇ ਸੈਰ-ਸਪਾਟਾ ਸੈਕਟਰ ਅਣਗੌਲਿਆ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਇਲਾਕੇ ਵਿੱਚ ਸੈਰ-ਸਪਾਟੇ ਦੀਆਂ ਅਥਾਹ ਸੰਭਾਵਨਾਵਾਂ ਹਨ ਜੋ ਸੈਲਾਨੀਆਂ ਨੂੰ ਕੁਦਰਤੀ ਸੁੰਦਰਤਾ ਦਾ ਅਨੰਦ ਮਾਣਨ ਲਈ ਵੱਡੇ ਪੱਧਰ ਉਤੇ ਆਕਰਸ਼ਿਤ ਕਰ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੈਲਾਨੀਆਂ ਲਈ ਕਈ ਥਾਵਾਂ ਨੂੰ ਵਿਕਸਤ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸੂਬੇ ਦੇ ਨੌਜਵਾਨਾਂ ਵਿੱਚ ਵਤਨ ਵਾਪਸੀ ਦਾ ਰੁਝਾਨ ਦੇਖਿਆ ਜਾ ਰਿਹਾ ਹੈ ਅਤੇ ਸਾਡੇ ਨੌਜਵਾਨ ਨੌਕਰੀਆਂ ਮੰਗਣ ਦੀ ਬਜਾਏ ਨੌਕਰੀਆਂ ਦੇਣ ਵਾਲੇ ਬਣ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾ ਦੀ ਸਰਕਾਰ ਦਾ ਇਕ-ਨੁਕਾਤੀ ਏਜੰਡਾ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਵੱਧ ਅਖ਼ਤਿਆਰ ਦੇਣਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨ ਦੇਸ਼ ਅਤੇ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਰਾਬਰ ਦੇ ਭਾਈਵਾਲ ਹੋਣਗੇ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੀ ਅਹਿਮ ਮੀਟਿੰਗ

**ਬਰਨਾਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੀ ਅਹਿਮ ਮੀਟਿੰਗ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੀ ਕਾਰਜਕਾਰਨੀ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐੱਸ ਦੀ ਅਗਵਾਈ ਹੇਠ ਹੋਈ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਕਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਇਸ ਏਜੰਡੇ ਵਿੱਚ ਰੈੱਡ ਕ੍ਰਾਸ ਸੁਸਾਇਟੀ ਦੇ ਸਾਲ 2024-2025 ਦੀ ਆਮਦਨੀ ਅਤੇ ਖਰਚਿਆਂ ਬਾਰੇ ਮੈਂਬਰਾਂ ਨੂੰ ਦੱਸਿਆ ਗਿਆ ਅਤੇ 2025-26 ਦਾ ਸਾਲਾਨਾ ਬਜਟ ਪੇਸ਼ ਕੀਤਾ ਗਿਆ।

ਇਸ ਤੋਂ ਇਲਾਵਾ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਰਾਹੀਂ ਵੱਖ ਵੱਖ ਕੋਰਸ ਜਿਵੇਂ ਸੜਕ ਸੁਰੱਖਿਆ ਬਾਰੇ, ਹਥਿਆਰਾਂ ਦੇ ਲਾਇਸੈਂਸ ਹੋਲਡਰਾਂ ਨੂੰ ਟ ?ਰੇਨਿੰਗ, ਵਿਦਿਆਰਥੀਆਂ ਨੂੰ ਮੁਢਲੀ ਸਹਾਇਤਾ ਦੀ ਟ ?ਰੇਨਿੰਗ ਆਦਿ ਤਜਵੀਜ਼ਤ ਕੋਰਸਾਂ ਬਾਰੇ ਮੈਂਬਰਾਂ ਨਾਲ ਚਰਚਾ ਕੀਤੀ ਗਈ ਅਤੇ ਰੈੱਡ ਕਰਾਸ ਦੀ ਇਮਾਰਤ ਦੇ ਉੱਪਰ ਮੰਜ਼ਿਲ ਬਣਾਉਣ 'ਤੇ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਕਾਰਜਕਾਰਨੀ ਦੇ ਮੈਂਬਰ ਸ੍ਰੀ ਰਾਜ ਕੁਮਾਰ ਜਿੰਦਲ ਵਲੋਂ ਆਡਿਟ ਕਰਵਾਉਣ ਬਾਰੇ ਜਾਣਕਾਰੀ ਮੰਗੀ ਗਈ। ਸਟੈਂਡਰਡ ਕੰਬਾਈਨ ਤੋਂ ਮੈਂਬਰ ਨਛੱਤਰ ਸਿੰਘ ਵਲੋਂ ਵੱਡੇ ਪ੍ਰੋਜੈਕਟ ਲਿਆਉਣ ਦਾ ਸੁਝਾਅ ਦਿੱਤਾ ਗਿਆ। ਇਸ 'ਤੇ ਡਿਪਟੀ ਕਮਿਸ਼ਨਰ ਬਰਨਾਲਾ ਨੇ ਕਿਹਾ ਕਿ ਆਉਂਦੇ ਸਮੇਂ ਸਿਹਤ ਅਤੇ ਸਿੱਖਿਆ ਆਦਿ ਖੇਤਰਾਂ ਲਈ ਵੱਡੇ ਪ੍ਰੋਜੈਕਟ ਉਲੀਕੇ ਜਾਣਗੇ ਤਾਂ ਜੋ ਸਨਅਤੀ ਆਦਾਰੇ ਸੀ ਐੱਸ ਆਰ ਵਿਚੋਂ ਯੋਗਦਾਨ ਪਾ ਸਕਣ।

ਇਸ ਮੌਕੇ ਅਵੇਤਨੀ ਸਕੱਤਰ ਸਹਿਤ ਜ਼ਿਲ੍ਹਾ ਮਾਲ ਅਫ਼ਸਰ ਗੁਰਜਿੰਦਰ ਸਿੰਘ ਨੇ ਸਾਰੇ ਮੈਂਬਰਾਂ ਨੂੰ ਟੀ ਬੀ ਮਰੀਜ਼ਾਂ ਦੀਆਂ ਪੋਸ਼ਣ ਕਿੱਟਾਂ ਲਈ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਟ ?ਰਾਈਡੈਂਟ ਗਰੁੱਪ, ਆਈ ਓ ਐੱਲ ਵਲੋਂ ਇਸ ਉਪਰਾਲੇ ਲਈ ਯੋਗਦਾਨ ਲਾਇਆ ਗਿਆ ਹੈ ਅਤੇ ਹੋਰ ਸੰਸਥਾਵਾਂ ਵੀ ਇਸ ਨੇਕ ਕਾਰਜ ਲਈ ਅੱਗੇ ਆਉਣ।

ਇਸ ਮੌਕੇ ਸੀਨੀਅਰ ਉਪ ਪ੍ਰਧਾਨ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਐੱਸ ਡੀ ਐਮ ਹਰਪ੍ਰੀਤ ਸਿੰਘ ਅਟਵਾਲ, ਐੱਸ ਡੀ ਐਮ ਸਿਮਰਪ੍ਰੀਤ ਕੌਰ, ਮੈਂਬਰ ਸ੍ਰੀ ਲੱਖਪਤ ਰਾਏ (ਐਲ ਪੀ ਰਾਏ ਡਿਵੈਲਪਰਜ਼), ਨਛੱਤਰ ਸਿੰਘ (ਸਟੈਂਡਰਡ ਕੰਬਾਈਨ), ਸ੍ਰੀ ਰਾਜ ਕੁਮਾਰ ਜਿੰਦਲ, ਸ੍ਰੀ ਰਣਧੀਰ ਕੌਸ਼ਲ, ਡਾਕਟਰ ਕਮਲੇਸ਼ ਬਾਂਸਲ, ਡਾ. ਸਸ਼ੀ ਸ਼ੋਭਤ, ਰੁਪਿੰਦਰ ਗੁਪਤਾ ਟ ?ਰਾਈਡੈਂਟ ਅਤੇ ਆਈ ਓ ਐੱਲ ਦੇ ਨੁਮਾਇੰਦੇ ਮਨਪ੍ਰੀਤ ਸ਼ਰਮਾ, ਜ਼ਿਲ੍ਹਾ ਸਿੱਖਿਆ ਦਫ਼ਤਰ ਅਤੇ ਰੈੱਡ ਕਰਾਸ ਦਫ਼ਤਰ ਦਾ ਸਟਾਫ਼ ਮੌਜੂਦ ਸੀ।

# ਮਨਜੀਤ ਸਿੰਘ ਝੱਮਟ ਨੂੰ ਬਰੈਮਟਨ (ਕੈਨੇਡਾ) ਵਿਖੇ ਬਾਵਾ ਨੇ ਇਲਾਹੀ ਗਿਆਨ ਦਾ ਸਾਗਰ ਕੀਤੀ ਭੇਂਟ



**ਲੁਧਿਆਣਾ, 3 ਅਗਸਤ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

'ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ' ਪੁਸਤਕ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਨੇ ਉੱਘੇ ਸਮਾਜਸੇਵੀ ਅਤੇ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਵਾਈਸ ਪ੍ਰਧਾਨ ਮਨਜੀਤ ਸਿੰਘ ਝੱਮਟ ਨੂੰ ਉਹਨਾਂ ਦੇ ਗ੍ਰਹਿ ਬਰੈਮਟਨ (ਕੈਨੇਡਾ) ਵਿਖੇ ਭੇਂਟ ਕੀਤੀ। ਇਸ ਸਮੇਂ ਫਾਊਂਡੇਸ਼ਨ ਦੇ ਜਨਰਲ ਸਕੱਤਰ ਅਜਮੇਰ ਸਿੰਘ ਕਲਸੀ, ਗੁਰਮੇਲ ਸਿੰਘ ਫਰੀਦਕੋਟ ਵੀ ਵਿਸ਼ੇਸ਼ ਤੌਰ 'ਤੇ ਮਨਜੀਤ ਸਿੰਘ ਝੱਮਟ ਦੇ ਗ੍ਰਹਿ ਬਰੈਮਟਨ ਪਹੁੰਚੇ।

ਇਸ ਸਮੇਂ ਸ. ਦਾਖਾ ਤੇ ਬਾਵਾ ਨੇ ਕਿਹਾ ਕਿ ਉਪਰੋਕਤ ਪੁਸਤਕ ਕੈਨੇਡਾ ਦੀਆਂ ਲਾਈਬ੍ਰੇਰੀਆਂ ਤੱਕ ਪਹੁੰਚਾਵਾਂਗੇ। ਉਹਨਾਂ ਕਿਹਾ ਕਿ ਇਹ ਪੁਸਤਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ। ਖਾਸ ਮਹੱਤਤਾ ਇਹ ਵੀ ਹੈ ਕਿ ਇਹ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹੈ। ਇਸ ਸਮੇਂ ਸ. ਝੱਮਟ ਨੇ ਉਹਨਾਂ ਦੇ ਗ੍ਰਹਿ ਵਿਖੇ ਆਉਣ ਲਈ ਸਭ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅਸੀਂ ਇਸ ਪੁਸਤਕ ਨੂੰ ਹਰ ਲਾਇਬ੍ਰੇਰੀ ਤੱਕ ਪਹੁੰਚਾਵਾਂਗੇ।

ਇਸ ਸਮੇਂ ਹਰਜਿੰਦਰ ਸਿੰਘ ਹਾਂਸ ਸ਼ੇਖ਼ੂਪੁਰਾ, ਰੁਪਿੰਦਰ ਕੌਰ, ਅਮਨਦੀਪ ਕੌਰ, ਹਰਮਨ ਸਿੰਘ ਗਰੇਵਾਲ ਝੱਮਟ, ਅਮਨਪ੍ਰੀਤ ਧਾਲੀਵਾਲ, ਕੁਲਵਿੰਦਰ ਸਿੰਘ ਸ਼ੇਖ਼ੂਪੁਰਾ, ਹਰਪਾਲ ਸਿੰਘ ਧਾਲੀਵਾਲ, ਮਨਜੀਤ ਸਿੰਘ ਮਠਾੜੂ, ਅਸ਼ੋਕ ਬਾਵਾ, ਜਤਿੰਦਰ ਕੌਰ ਬਾਵਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮੰਤਰੀ ਸੰਜੀਵ ਅਰੋੜਾ ਵੱਲੋਂ ਸੀਆਈਆਈ ਸਮਾਗਮ ਵਿੱਚ ਉਦਯੋਗਪਤੀਆਂ ਨਾਲ ਮੁਲਾਕਾਤ, ਨੀਤੀ ਲਾਗੂਕਰਨ ਨੂੰ ਹੋਰ ਮਜ਼ਬੂਤ ਕਰਨ ਲਈ ਉਦਯੋਗਾਂ ਨੂੰ ਉਹਨਾਂ ਦੇ ਫੀਡਬੈਕ ਅਤੇ ਸਹਿਯੋਗ ਲਈ ਸੱਦਾ ਦਿੱਤਾ

**ਅਰੋੜਾ ਨੇ ਉਦਯੋਗਪਤੀਆਂ ਨੂੰ ਉਦਯੋਗਿਕ ਨੀਤੀ ਵਿੱਚ ਉਨ੍ਹਾਂ ਦੇ ਕੀਮਤੀ ਸੁਝਾਵਾਂ ਨੂੰ ਸ਼ਾਮਲ ਕਰਨ ਦਾ ਦਿੱਤਾ ਭਰੋਸਾ**

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀਆਈਆਈ) ਪੰਜਾਬ ਨੇ ਅੱਜ ਪੰਜਾਬ ਸਰਕਾਰ ਦੇ ਉਦਯੋਗ, ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਸ੍ਰੀ ਸੰਜੀਵ ਅਰੋੜਾ ਨਾਲ ਸੀਆਈਆਈ ਉੱਤਰੀ ਖੇਤਰ ਹੈੱਡਕੁਆਰਟਰ, ਚੰਡੀਗੜ੍ਹ ਵਿਖੇ ਇੱਕ ਉੱਚ-ਪੱਧਰੀ ਇੰਟਰਐਕਟਿਵ ਸੈਸ਼ਨ ਕਰਵਾਇਆ। ਇਸ ਸੈਸ਼ਨ ਵਿੱਚ ਮੋਹਰੀ ਉਦਯੋਗ ਭਾਈਵਾਲਾਂ ਅਤੇ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਹਿੱਸਾ ਲਿਆ।

ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਆਪਣੇ ਮੁੱਖ ਭਾਸ਼ਣ ਦੌਰਾਨ ਪੰਜਾਬ ਵਿੱਚ ਇੱਕ ਪ੍ਰਗਤੀਸ਼ੀਲ ਉਦਯੋਗਿਕ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਨੀਤੀ ਲਾਗੂਕਰਨ ਨੂੰ ਮਜ਼ਬੂਤ ਕਰਨ ਲਈ ਉਦਯੋਗਾਂ ਨੂੰ ਉਹਨਾਂ ਦੇ ਫੀਡਬੈਕ ਅਤੇ ਸਹਿਯੋਗ ਲਈ ਸੱਦਾ ਦਿੱਤਾ। ਮੰਤਰੀ ਨੇ ਕਿਹਾ ਕਿ ਅਸੀਂ ਪੰਜਾਬ ਨੂੰ ਇੱਕ ਮੋਹਰੀ ਨਿਵੇਸ਼ ਸਥਾਨ ਵਜੋਂ ਸਥਾਪਤ ਕਰਨ ਲਈ ਉਦਯੋਗਿਕ ਖੇਤਰ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਵਿੱਚ ਕਾਰੋਬਾਰ ਲਈ ਮਾਹੌਲ ਸਿਰਜਣ ਵੱਲ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਨਿਵੇਸ਼ਕ ਲੰਬੇ ਸਮੇਂ ਦੇ ਇਸ ਦ੍ਰਿਸ਼ਟੀਕੋਣ 'ਤੇ ਭਰੋਸਾ ਮਹਿਸੂਸ ਕਰ ਰਹੇ ਹਨ । ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੇ ਉਦਯੋਗਿਕ ਨੀਤੀ ਵਿੱਚ ਹੋਰ ਸੁਧਾਰ ਕਰਨ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਲਈ ਸੈਕਟਰਲ ਵਿਸ਼ੇਸ਼ ਕਮੇਟੀਆਂ ਦੇ ਗਠਨ ਦੇ ਫੈਸਲੇ ਦੀ ਸ਼ਲਾਘਾ ਕੀਤੀ। ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੁਆਰਾ ਲਏ ਗਏ ਪਿਛਲੇ ਫੈਸਲੇ ਜਿਵੇਂ ਕਿ ਵਨ ਟਾਈਮ ਸੈਟਲਮੈਂਟ ਸਕੀਮ ਅਤੇ ਲੀਜ਼ਹੋਲਡ ਤੋਂ ਫ ?ਰੀਹੋਲਡ ਉਦਯੋਗਿਕ ਪਲਾਟਾਂ ਕਰਨ ਆਦਿ ਦੀ ਵੀ ਸ਼ਲਾਘਾ ਕੀਤੀ ਅਤੇ ਪੰਜਾਬ ਵਿੱਚ ਏਅਰ ਕਾਰਗੋ ਸਹੂਲਤ ਖੋਲ੍ਹਣ ਦੀ ਮੰਗ ਵੀ ਕੀਤੀ ਹੈ। ਸੰਜੀਵ ਅਰੋੜਾ ਨੇ ਉਦਯੋਗਪਤੀਆਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਵਿੱਚ ਏਅਰ ਕਾਰਗੋ ਸਹੂਲਤ ਖੋਲ੍ਹਣ ਲਈ ਸੁਹਿਰਦ ਯਤਨ ਕਰਨਗੇ।

ਇੱਕ ਸਵਾਲ ਦੇ ਜਵਾਬ ਵਿੱਚ ਸੰਜੀਵ ਅਰੋੜਾ ਨੇ ਕਿਹਾ ਕਿ ਨਗਰ ਨਿਗਮ ਦੀਆਂ ਹੱਦਾਂ ਤੋਂ ਬਾਹਰ ਇਮਾਰਤਾਂ ਲਈ ਸਮਰੱਥ ਅਥਾਰਟੀ ਦੀ ਲੋੜ ਨਹੀਂ ਕਿਉਂਕਿ ਫੈਕਟਰੀ ਵਿਭਾਗ ਦੁਆਰਾ ਪੂਰੀ ਤਰ੍ਹਾਂ ਢਾਂਚਾਗਤ ਤਸਦੀਕ ਤੋਂ ਬਾਅਦ ਜਾਰੀ ਕੀਤਾ ਗਿਆ ਸਥਿਰਤਾ ਸਰਟੀਫਿਕੇਟ ਇਸੇ ਉਦੇਸ਼ ਦੀ ਪੂਰਤੀ ਕਰਦਾ ਹੈ ਅਤੇ ਇਸਨੂੰ ਜਾਇਜ਼ ਮੰਨਿਆ ਜਾਣਾ ਚਾਹੀਦਾ ਹੈ। ਰਾਜ ਸਰਕਾਰ ਨੇ ਇਸ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਮੋਹਾਲੀ, ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਕਨਵੈਨਸ਼ਨ ਸੈਂਟਰ ਤਿਆਰ ਕਰਨ ਦੀ ਪ੍ਰਕਿਰਿਆ ਅਧੀਨ ਹੈ ਅਤੇ ਇੱਕ ਆਨਲਾਈਨ ਸੀਆਰਓ ਸ਼ੁਰੂ ਕੀਤਾ ਹੈ ਜੋ 15 ਕੰਮਕਾਜੀ ਦਿਨਾਂ ਦੇ ਅੰਦਰ ਪ੍ਰਦਾਨ ਕੀਤਾ ਜਾਵੇਗਾ।

ਸੀਆਈਆਈ ਪੰਜਾਬ ਦੇ ਚੇਅਰਮੈਨ ਅਤੇ ਸ਼ਿੰਗੋਰਾ ਟੈਕਸਟਾਈਲਜ਼ ਪ੍ਰਾਈਵੇਟ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਮਿਤ ਜੈਨ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਉਦਯੋਗ-ਸਰਕਾਰ ਗੱਲਬਾਤ ਨੂੰ ਸੁਚਾਰੂ ਬਣਾਉਣ ਵਿੱਚ ਸੀਆਈਆਈ ਦੀ ਭੂਮਿਕਾ 'ਤੇ ਚਾਨਣਾ ਪਾਇਆ। ਇਸ ਸੈਸ਼ਨ ਵਿੱਚ ਇਨਵੈਸਟ ਪੰਜਾਬ ਦੇ ਸੀਈਓ ਸ੍ਰੀ ਅਮਿਤ ਢਾਕਾ ਨੇ ਮੁੱਖ ਭਾਸ਼ਣ ਦਿੱਤਾ, ਜਿਨ੍ਹਾਂ ਨੇ ਰਾਜ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਕਾਰੋਬਾਰ ਕਰਨਾ ਸੁਖਾਲਾ ਬਣਾਉਣ ਲਈ ਸਰਕਾਰ ਦੀਆਂ ਚੱਲ ਰਹੀਆਂ ਪਹਿਲਕਦਮੀਆਂ ਸਾਂਝੀਆਂ ਕੀਤੀਆਂ। ਇਸ ਉਪਰੰਤ ਓਪਨ ਹਾਊਸ ਨੇ ਮੈਂਬਰਾਂ ਨੂੰ ਮੰਤਰੀ ਤੇ ਸੀਨੀਅਰ ਅਧਿਕਾਰੀਆਂ ਨਾਲ ਆਪਣੇ ਸੁਝਾਅ, ਚੁਣੌਤੀਆਂ ਅਤੇ ਸੁਝਾਅ ਸਿੱਧੇ ਸਾਂਝੇ ਕਰਨ ਦੇ ਯੋਗ ਬਣਾਇਆ। ਮੈਂਬਰਾਂ ਨੇ ਸੁਝਾਅ ਦਿੱਤਾ ਕਿ ਉਦਯੋਗਿਕ ਨੀਤੀ ਤਹਿਤ ਲੇਬਰ ਕਲੋਨੀਆਂ ਨੂੰ ਪ੍ਰੋਤਸਾਹਨ ਲਈ ਵਿਚਾਰਿਆ ਜਾਵੇ।

ਇਸ ਸਮਾਗਮ ਦਾ ਸਮਾਪਨ ਹਰਪ੍ਰੀਤ ਸਿੰਘ ਨਿੱਬਰ, ਵਾਈਸ ਚੇਅਰਮੈਨ, ਸੀਆਈਆਈ ਪੰਜਾਬ ਅਤੇ ਸੀਐਮਡੀ, ਪ੍ਰੀਤਿਕਾ ਇੰਡਸਟਰੀਜ਼ ਲਿਮਟਿਡ ਦੁਆਰਾ ਧੰਨਵਾਦ ਨਾਲ ਕੀਤਾ ਗਿਆ ਜਿਸ ਤੋਂ ਬਾਅਦ ਇੱਕ ਦੁਪਹਿਰ ਦੇ ਖਾਣੇ ਦਾ ਆਯੋਜਨ ਕੀਤਾ ਗਿਆ।

# ਸਿਰ.ਫ ਇੱਕ .ਗਲਤੀ ਕਾਰਨ 158 ਸਾਲ ਪੁਰਾਣੀ ਕੰਪਨੀ ਹੋਈ ਬੰਦ, 700 ਮੁਲਾਜ਼ਮ ਬੇਰੁਜ਼ਗਾਰ

**ਲੰਡਨ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਤੁਸੀਂ ਆਪਣੇ ਫ਼ੋਨ ਅਤੇ ਲੈਪਟੌਪ ਨੂੰ ਪਾਸਵਰਡ ਨਾਲ ਸੁਰੱਖਿਅਤ ਰੱਖ ਰਹੇ ਹੋਵੋਗੇ, ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਇੱਕ ਛੋਟੀ ਜਿਹੀ ਲਾਪਰਵਾਹੀ ਕਿਸ ਹੱਦ ਤਕ ਨੁਕਸਾਨ ਪਹੁੰਚਾ ਸਕਦੀ ਹੈ? ਬ੍ਰਿਟੇਨ ਦੀ ਇੱਕ 158 ਸਾਲ ਪੁਰਾਣੀ ਟਰਾਂਸਪੋਰਟ ਕੰਪਨੀ ਲੌਜਿਸਟਿਕਸ ਸਿਰਫ਼ ਇੱਕ ਕਮਜ਼ੋਰ ਪਾਸਵਰਡ ਕਾਰਨ ਬੰਦ ਹੋ ਗਈ, ਅਤੇ ਇਸ ਦੇ 700 ਕਰਮਚਾਰੀਆਂ ਦੀਆਂ ਨੌਕਰੀਆਂ ਚਲੀਆਂ ਗਈਆਂ।

ਨੌਰਥੈਂਪਟਨਸ਼ਾਇਰ ਸਥਿਤ ਇਹ ਕੰਪਨੀ, ਜਿਸ ਨੂੰ ਨਾਈਟਸ ਔਫ਼ ਓਲਡ ਬ੍ਰੈਂਡ ਨਾਲ ਵੀ ਜਾਣਿਆ ਜਾਂਦਾ ਹੈ, ਰੈਨਸਮਵੇਅਰ ਹਮਲੇ ਦਾ ਸ਼ਿਕਾਰ ਹੋ ਗਈ ਹੈ। ਹੈਕਰਾਂ ਨੇ ਕੰਪਨੀ ਦੇ ਇੱਕ ਕਰਮਚਾਰੀ ਦੇ ਪਾਸਵਰਡ ਦਾ ਅੰਦਾਜ਼ਾ ਲਗਾ ਕੇ ਉਸ ਦੇ ਸਿਸਟਮ 'ਚ ਘੁਸਪੈਠ ਕੀਤੀ, ਅਤੇ ਸਾਰਾ ਡੇਟਾ ਲੌਕ ਕਰ ਦਿੱਤਾ ਅਤੇ ਅੰਦਰੂਨੀ ਸਿਸਟਮ ਨੂੰ ਪੂਰੀ ਤਰ੍ਹਾਂ ਜਾਮ ਕਰ ਦਿੱਤਾ।

**ਹੈਕਰਾਂ ਨੇ ਕੰਪਨੀ ਨੂੰ ਭੇਜਿਆ ਫ਼ਿਰੌਤੀ ਦਾ ਸੁਨੇਹਾ:** ਹੈਕਰਾਂ ਨੇ ਕਿਹਾ ਕਿ ਜੇਕਰ ਕੰਪਨੀ ਡੇਟਾ ਵਾਪਿਸ ਚਾਹੁੰਦੀ ਹੈ ਤਾਂ ਪੈਸੇ ਦੇਵੇ। ਫ਼ਿਰੌਤੀ ਨੋਟ 'ਚ ਅੱਗੇ ਲਿਖਿਆ ਸੀ, "ਜੇ ਤੁਸੀਂ ਇਹ ਪੜ੍ਹ ਰਹੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਹਾਡੀ ਕੰਪਨੀ ਦਾ ਪੂਰਾ ਜਾਂ ਕੁੱਝ ਹਿੱਸਾ ਸਿਸਟਮ ਤੋਂ ਬਾਹਰ ਹੋ ਚੁੱਕਾ ਹੈ ... ਹੁਣ ਗੁੱਸਾ ਛੱਡੋ ਅਤੇ ਗੱਲਬਾਤ ਰਾਹੀਂ ਹੱਲ ਲੱਭੋ।" ਇੱਕ ਰਿਪੋਰਟ ਅਨੁਸਾਰ ਇਹ ਹਮਲਾ ਇੱਕ ਬਦਨਾਮ ਰੈਨਸਮਵੇਅਰ ਗੈਂਗ ਅਕੀਰਾ ਦੁਆਰਾ ਕੀਤਾ ਗਿਆ ਸੀ। ਇਸ ਗੈਂਗ ਨੇ ਕੰਪਨੀ ਦੇ ਪੂਰੇ ਸਿਸਟਮ ਨੂੰ ਜਾਮ ਕਰ ਦਿੱਤਾ ਜਿਸ ਕਾਰਨ KNP ਦਾ ਰੋਜ਼ਾਨਾ ਦਾ ਕੰਮ ਠੱਪ ਹੋ ਗਿਆ। ਅੰਦਾਜ਼ਾ ਲਗਾਇਆ ਗਿਆ ਹੈ ਕਿ ਹੈਕਰਾਂ ਨੇ ਲਗਭਗ 50 ਲੱਖ ਪਾਊਂਡਜ਼ (ਲਗਭਗ 52 ਕਰੋੜ ਰੁਪਏ) ਦੀ ਫ਼ਿਰੌਤੀ ਮੰਗੀ ਸੀ ਜਿਸ ਦਾ ਭੁਗਤਾਨ ਕੰਪਨੀ ਨਹੀਂ ਕਰ ਸਕੀ, ਅਤੇ ਅੰਤ 'ਚ ਇਸ ਨੂੰ ਆਪਣਾ ਸਾਰਾ ਡੇਟਾ ਗੁਆਉਣ ਤੋਂ ਬਾਅਦ ਕਾਰੋਬਾਰ ਬੰਦ ਕਰਨਾ ਪਿਆ। KNP ਦੇ ਡਾਇਰੈਕਟਰ ਪਾਲ ਐਬੋਟ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤਕ ਉਸ ਕਰਮਚਾਰੀ ਨੂੰ ਨਹੀਂ ਦੱਸਿਆ ਜਿਸ ਦੀ ਲਾਪ੍ਰਵਾਹੀ ਕਾਰਨ ਇਹ ਹਮਲਾ ਸੰਭਵ ਹੋਇਆ ਸੀ। ਉਨ੍ਹਾਂ ਇਹ ਵੀ ਮੰਨਿਆ ਕਿ ਭਾਵੇਂ ਉਨ੍ਹਾਂ ਦਾ ਸਿਸਟਮ ਉਦਯੋਗ ਦੇ ਮਿਆਰਾਂ 'ਤੇ ਖਰਾ ਉਤਰਿਆ ਸੀ, ਅਤੇ ਉਨ੍ਹਾਂ ਕੋਲ ਸਾਈਬਰ ਬੀਮਾ ਵੀ ਸੀ, ਪਰ ਫ਼ਿਰ ਵੀ ਉਹ ਹਮਲੇ ਤੋਂ ਬਚ ਨਹੀਂ ਸਕੇ।

ਬ੍ਰਿਟੇਨ ਦਾ ਰਾਸ਼ਟਰੀ ਸਾਈਬਰ ਸੁਰੱਖਿਆ ਕੇਂਦਰ (NCSC) ਹਰ ਹਫ਼ਤੇ 35-40 ਵੱਡੇ ਸਾਈਬਰ ਹਮਲਿਆਂ ਨਾਲ ਨਜਿੱਠ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਕੰਪਨੀਆਂ ਆਪਣੀ ਸੁਰੱਖਿਆ 'ਚ ਸੁਧਾਰ ਨਹੀਂ ਕਰਦੀਆਂ ਤਾਂ 2025 ਹੁਣ ਤਕ ਦਾ ਸਭ ਤੋਂ ਭੈੜਾ ਸਾਲ ਹੋ ਸਕਦਾ ਹੈ। NCSC ਦਾ ਉਦੇਸ UK ਨੂੰ ਔਨਲਾਈਨ ਦੁਨੀਆਂ 'ਚ ਸਭ ਤੋਂ ਸੁਰੱਖਿਅਤ ਬਣਾਉਣਾ ਹੈ, ਪਰ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਬਹੁਤ ਸਾਰੀਆਂ ਕੰਪਨੀਆਂ ਹਮਲਿਆਂ ਦੀ ਰਿਪੋਰਟ ਵੀ ਨਹੀਂ ਕਰਦੀਆਂ, ਅਤੇ ਹੈਕਰਾਂ ਨੂੰ ਪੈਸੇ ਦੇ ਕੇ ਚੁੱਪ-ਚਾਪ ਮਾਮਲੇ ਨੂੰ ਦਬਾ ਦਿੰਦੀਆਂ ਹਨ।

# ਪੰਜਾਬ ਨੇ ਡੇਅਰੀ ਫਾਰਮਿੰਗ ਨੂੰ ਹੁਲਾਰਾ ਦੇਣ ਲਈ 22.26 ਲੱਖ ਮਸਨੂਈ ਗਰਭਧਾਰਨ ਕਰਵਾਏ; 3.75 ਲੱਖ ਸੈਕਸਡ ਸੀਮਨ ਦੀਆਂ ਖੁਰਾਕਾਂ ਖਰੀਦੀਆਂ: ਖੁੱਡੀਆਂ

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਡੇਅਰੀ ਫਾਰਮਿੰਗ ਸੈਕਟਰ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਨੇ ਵਿੱਤੀ ਸਾਲ 2024-25 ਵਿੱਚ 22.26 ਲੱਖ ਮਸਨੂਈ ਗਰਭਧਾਰਨ ਕਰਵਾ ਕੇ ਮਹੱਤਵਪੂਰਨ ਪ੍ਰਗਤੀ ਹਾਸਲ ਕੀਤੀ, ਜਿਸ ਵਿੱਚ 18.50 ਲੱਖ ਸੀਮਨ ਸਟ ?ਰਾਅ (ਗਾਵਾਂ ਲਈ 6.47 ਲੱਖ ਅਤੇ ਮੱਝਾਂ ਲਈ 12.03 ਲੱਖ) ਦਾ ਉਤਪਾਦਨ ਵੀ ਕੀਤਾ ਗਿਆ।

ਅੱਜ ਇੱਥੇ ਕਿਸਾਨ ਭਵਨ ਵਿਖੇ ÷ਪਸ਼ੂਆਂ ਦੇ ਪਾਲਣ-ਪੋਸ਼ਣ, ਵਾਰ-ਵਾਰ ਪ੍ਰਜਨਨ ਅਤੇ ਬਿਮਾਰੀ ਦੇ ਕੰਟਰੋਲ ਲਈ ਨਵੀਨਤਾਕਾਰੀ ਪਹੁੰਚ÷ ਵਿਸ਼ੇ 'ਤੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ, ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਉੱਚ ਜੈਨੇਟਿਕ ਯੋਗਤਾ ਵਾਲੀਆਂ ਵੱਛੀਆਂ ਪੈਦਾ ਕਰਨ ਲਈ 3.75 ਲੱਖ ਫ ?ਰੋਜ਼ਨ ਸੈਕਸਡ ਸੀਮਨ ਖਰੀਦੇ ਗਏ ਤਾਂ ਜੋ ਅਵਾਰਾ ਪਸ਼ੂਆਂ ਦੀ ਗਿਣਤੀ ਘਟਾਉਣ ਅਤੇ ਕਿਸਾਨਾਂ ਦਾ ਕੱਟਿਆਂ ਤੇ ਵੱਛਿਆਂ ਦੇ ਪਾਲਣ-ਪੋਸ਼ਣ ਉੱਤੇ ਹੋਣ ਵਾਲੇ ਖਰਚ ਦੇ ਬੋਝ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਪਸ਼ੂ ਪਾਲਣ ਵਿਭਾਗ ਵੱਲੋਂ ਉੱਚ-ਗੁਣਵੱਤਾ ਵਾਲੇ ਗਾਂ ਸੀਮਨ ਦੀ ਘਾਟ ਨੂੰ ਪੂਰਾ ਕਰਨ ਲਈ ਗਾਵਾਂ ਲਈ ਉੱਚ-ਗੁਣਵੱਤਾ ਵਾਲੇ ਸੀਮਨ ਦੀਆਂ 3.38 ਲੱਖ ਡੋਜ਼ ਵੀ ਖਰੀਦੀਆਂ ਗਈਆਂ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਆਮਦਨ ਵਧਾਉਣ ਲਈ ਮਸਨੂਈ ਗਰਭਧਾਰਨ ਰਾਹੀਂ ਪਸ਼ੂਧਨ ਦੀ ਉਤਪਾਦਕਤਾ ਵਧਾਉਣ ਦੇ ਨਾਲ ਨਾਲ ਪਸ਼ੂਆਂ ਵਿੱਚ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਸਮੇਂ ਸਿਰ ਟੀਕਾਕਰਨ ਪ੍ਰੋਗਰਾਮ ਲਾਗੂ ਕਰਨ ਦੇ ਨਿਰਦੇਸ਼ ਵੀ ਦਿੱਤੇ।

ਸ. ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਸ਼ੂ ਪਾਲਣ ਦੇ ਬਿਹਤਰ ਢੰਗ-ਤਰੀਕਿਆਂ ਰਾਹੀਂ ਪਸ਼ੂ ਪਾਲਕਾਂ ਨੂੰ ਸਸ਼ਕਤ ਬਣਾਉਣ ਪ੍ਰਤੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਵਿਭਾਗ ਪਸ਼ੂਆਂ ਦੀ ਉਤਪਾਦਕਤਾ ਨੂੰ ਵਧਾਉਣ, ਬਿਮਾਰੀਆਂ ਦੇ ਪ੍ਰਕੋਪ ਨੂੰ ਘਟਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਲਗਾਤਾਰ ਕੰਮ ਕਰ ਰਿਹਾ ਹੈ। ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਇਸ ਸਮਾਗਮ ਦੀ ਮਹੱਤਤਾ 'ਤੇ ਚਾਨਣਾ ਪਾਇਆ, ਜਿਸ ਵਿੱਚ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਅਤੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਪਸ਼ੂ ਉਤਪਾਦਕਤਾ ਵਧਾਉਣ ਅਤੇ ਕਿਸਾਨਾਂ ਦੀ ਪ੍ਰਗਤੀ ਲਈ ਨਵੀਨਤਾਕਾਰੀ ਹੱਲਾਂ 'ਤੇ ਚਰਚਾ ਕੀਤੀ ਗਈ। ਉਨ੍ਹਾਂ ਵਿਭਾਗ ਦੇ ਫੀਲਡ ਸਟਾਫ ਨੂੰ ਪਸ਼ੂਆਂ ਨੂੰ ਸਮੇਂ ਸਿਰ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸਾਨਾਂ ਨੂੰ ਆਪਣੇ ਪਸ਼ੂਆਂ ਦੇ ਇਲਾਜ ਲਈ ਕਿਸੇ ਵੀ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਪਹਿਲਗਾਮ ਹਮਲੇ 'ਚ ਖੁਫੀਆ ਤੰਤਰ ਦੀ ਨਾਕਾਮੀ ਲਈ ਕੌਣ ਜ਼ਿੰਮੇਵਾਰ ਸੀ: ਮੀਤ ਹੇਅਰ

**ਸੰਗਰੂਰ ਤੋਂ ਸੰਸਦ ਮੈਂਬਰ ਨੇ 'ਅਪਰੇਸ਼ਨ ਸਿੰਧੂਰ' 'ਤੇ ਚਰਚਾ ਦੌਰਾਨ ਕੇਂਦਰ ਸਰਕਾਰ ਨੂੰ ਘੇਰਿਆ**

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਮੰਗਲਵਾਰ ਨੂੰ ਸੰਸਦ ਵਿਚ ਆਪ੍ਰੇਸ਼ਨ ਸਿੰਧੂਰ ਉੱਤੇ ਚੱਲ ਰਹੀ ਬਹਿਸ ਵਿੱਚ ਹਿੱਸਾ ਲੈਂਦਿਆਂ ਭਾਰਤ-ਪਾਕਿ ਜੰਗ ਦੌਰਾਨ ਫੇਲ੍ਹ ਸਾਬਤ ਹੋਈ ਵਿਦੇਸ਼ ਨੀਤੀ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਵਿਚ ਖੁਫ਼ੀਆ ਤੰਤਰ ਦੀ ਨਾਕਾਮੀ ਲਈ ਕੌਣ ਜ਼ਿੰਮੇਵਾਰ ਸੀ। ਉਨ੍ਹਾਂ ਕਿਹਾ ਕਿ ਕੇਂਦਰੀ ਰੱਖਿਆ ਮੰਤਰੀ ਤੇ ਗ੍ਰਹਿ ਮੰਤਰੀ ਨੇ ਲੋਕ ਸਭਾ ਵਿਚ ਆਪਣੀਆਂ ਲੰਮੀਆਂ ਤਕਰੀਰਾਂ ਦੌਰਾਨ ਇਸ ਨਾਕਾਮੀ ਲਈ ਜ਼ਿੰਮੇਵਾਰੀ ਤੱਕ ਨਹੀਂ ਕਬੂਲੀ।

ਮੀਤ ਹੇਅਰ ਨੇ ਸਭ ਤੋਂ ਪਹਿਲਾਂ ਫੌਜੀ ਸੈਨਿਕਾਂ ਨੂੰ ਸਿਜਦਾ ਕਰਦਿਆਂ ਉਨ੍ਹਾਂ ਵੱਲੋਂ ਦਿਖਾਈ ਬਹਾਦਰੀ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਲੜੀ ਜਾ ਰਹੀ ਜੰਗ ਦੌਰਾਨ ਵਿਸ਼ਵ ਗੁਰੂ ਅਖਵਾਉਣ ਵਾਲੇ ਦੇਸ਼ ਦੀ ਮਦਦ ਉਤੇ ਕੋਈ ਵੀ ਮੁਲਕ ਨਹੀਂ ਆਇਆ। ਚੀਨ ਤੇ ਤੁਰਕੀ ਜਿੱਥੇ ਖੁੱਲ ? ?ਹੇਆਮ ਪਾਕਿਸਤਾਨ ਦੀ ਪਿੱਠ ਉੱਤੇ ਸਨ, ਉੱਥੇ ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.) ਨੇ ਪਾਕਿਸਤਾਨ ਲਈ ਉਸੇ ਵੇਲੇ ਵਿੱਤੀ ਮਦਦ ਮਨਜ਼ੂਰ ਕੀਤੀ। ਵਿਦੇਸ਼ੀ ਮੁਲਕਾਂ ਦੇ ਦੌਰੇ ਉੱਤੇ ਗਏ ਭਾਰਤੀ ਸੰਸਦ ਮੈਂਬਰਾਂ ਦੇ ਵਫ਼ਦ ਨੂੰ ਇੱਕਾ-ਦੁੱਕਾ ਮੁਲਕਾਂ ਨੂੰ ਛੱਡ ਕੇ ਬਾਕੀ ਮੁਲਕਾਂ ਦਾ ਕੋਈ ਕੈਬਨਿਟ ਮੰਤਰੀ ਵੀ ਨਹੀਂ ਮਿਲਿਆ।

ਮੀਤ ਹੇਅਰ ਨੇ ਕੇਂਦਰ ਸਰਕਾਰ ਦੀ ਗੈਰ-ਸੰਜੀਦਗੀ ਦਾ ਮਾਮਲਾ ਉਠਾਉਂਦਿਆਂ ਕਿਹਾ ਕਿ ਕਿਸੇ ਵੇਲੇ ਛੋਟਾ ਜਿਹਾ ਰੇਲ ਹਾਦਸਾ ਹੋਣ ਉੱਤੇ ਰੇਲ ਮੰਤਰੀ ਨੈਤਿਕ ਆਧਾਰ ਉਤੇ ਅਸਤੀਫਾ ਦੇ ਦਿੰਦਾ ਸੀ, ਪਰ ਭਾਰਤੀ ਖੁਫੀਆ ਤੰਤਰ ਦੀ ਲਾਪਰਵਾਹੀ ਤੇ ਨਾਕਾਮੀ ਨਾਲ ਇੰਨੇ ਵੱਡੇ ਦਹਿਸ਼ਤੀ ਹਮਲੇ ਵਿੱਚ 26 ਜਾਨਾਂ ਚਲੀਆਂ ਗਈਆਂ ਪਰ ਸਰਕਾਰ ਵਿੱਚ ਕਿਸੇ ਦਾ ਅਸਤੀਫਾ ਤਾਂ ਦੂਰ ਦੀ ਗੱਲ ਕਿਸੇ ਨੇ ਜ਼ਿੰਮੇਵਾਰੀ ਤੱਕ ਨਾ ਕਬੂਲੀ।

ਮੀਤ ਹੇਅਰ ਨੇ ਕਿਹਾ ਕਿ ਰੱਖਿਆ ਮੰਤਰੀ ਤੇ ਗ੍ਰਹਿ ਮੰਤਰੀ ਦੀਆਂ ਲੰਮੀਆਂ ਤਕਰੀਰਾਂ ਵਿੱਚ ਦੇਸ਼ ਦੇ ਆਮ ਲੋਕਾਂ ਵੱਲੋਂ ਉਠਾਏ ਜਾ ਰਹੇ ਕਿਸੇ ਵੀ ਸਵਾਲ ਦਾ ਜਵਾਬ ਤੱਕ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਾਕੀ ਮੁਲਕ ਨੇ ਤਾਂ ਸੋਸ਼ਲ ਮੀਡੀਆ ਜਾਂ ਟੀਵੀ ਉਪਰ ਜੰਗ ਦੇ ਹਾਲਾਤ ਦੇਖੇ ਪਰ ਬਾਰਡਰ ਸੂਬੇ ਪੰਜਾਬ ਦੇ ਲੋਕਾਂ ਨੇ ਹਰ ਦਿਨ ਡਰੋਨ ਹਮਲਿਆਂ, ਸਾਇਰਨਾਂ ਤੇ ਬਲੈਕ ਆਊਟ ਦੇ ਸਾਏ ਹੇਠ ਗੁਜ਼ਾਰਿਆ ਸੀ।

# ਅੰਮ੍ਰਿਤਪਾਲ NSA ਨੂੰ ਚੁਣੌਤੀ ਦੇਣ ਲਈ ਕਰੇਗਾ SC ਦਾ ਰੁਖ਼

**ਖਡੂਰ ਸਾਹਿਬ,3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਬੇ ਸਮੇਂ ਤੋਂ ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਆਪਣੇ 'ਤੇ ਲੱਗੀ ਦੇ ਖ਼ਿਲਾਫ਼ ਹੁਣ ਸੁਪਰੀਮ ਕੋਰਟ ਦਾ ਰੁੱਖ ਕਰਨ ਜਾ ਰਹੇ ਹਨ। ਅੰਮ੍ਰਿਤਪਾਲ ਸਿੰਘ ਦੇ ਵਕੀਲ ਈਮਾਨ ਸਿੰਘ ਖਾਰਾ ਨੇ ਇੱਕ ਜਾਣਕਾਰੀ ਦਿੰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਸੁਪਰੀਮ ਕੋਰਟ ਦਾ ਰੁਖ ਕਰਨਗੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ 'ਤੇ ਲੱਗੇ ਨੂੰ ਮਾਨਯੋਗ ਸੁਪਰੀਮ ਕੋਰਟ ਦੇ 'ਚ ਚੁਣੌਤੀ ਦਿੱਤੀ ਜਾਵੇਗੀ।

ਇਸ ਬਾਬਤ ਅਗਲੇ ਹਫ਼ਤੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਫ਼ਿਲਹਾਲ ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹੈ ਜਦੋਂ ਕਿ ਪੁਲੀਸ ਉਸ ਦੇ ਹੋਰ ਸਾਥੀਆਂ ਨੂੰ ਪੰਜਾਬ ਲੈ ਆਈ ਹੈ।

# ਪੰਜਾਬ ਦਾ ਮੁੱਖ ਫਲ ਲੀਚੀ



• ਡਾ. ਰਣਜੀਤ ਸਿੰਘ
94170-87328

*ਰਕਬੇ ਦੇ ਹਿਸਾਬ ਨਾਲ ਲੀਚੀ ਦਾ ਪੰਜਾਬ ਵਿਚ ਪੰਜਵਾਂ ਸਥਾਨ ਹੈ। ਪੰਜਾਬ ਵਿਚ ਲੀਚੀ ਦੇ ਬਗ਼ੀਚੇ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਹਨ...*

ਕਿਸੇ ਸਮੇਂ ਪੰਜਾਬ ਨੂੰ ਬਗ਼ੀਚਿਆਂ ਦਾ ਸੂਬਾ ਮੰਨਿਆ ਜਾਂਦਾ ਸੀ। ਪੰਜਾਬ 'ਚ ਫਲਦਾਰ ਬੂਟੇ ਲਗਾਉਣ ਦੇ ਦੋ ਮੌਸਮ ਹਨ ਫਰਵਰੀ-ਮਾਰਚ ਤੇ ਅਗਸਤ-ਸਤੰਬਰ। ਇਸ ਸਮੇਂ ਪੰਜਾਬ ਵਿਚ ਸਿਰਫ਼ 76,600 ਹੈਕਟੇਅਰ ਰਕਬੇ 'ਚ ਫਲਾਂ ਦੇ ਰੁੱਖ ਹਨ। ਇਨ੍ਹਾਂ ਵਿੱਚੋਂ ਵੀ ਅੱਧਾ ਰਕਬਾ ਸਿਰਫ਼ ਕਿੰਨੂ ਹੇਠ ਹੈ।

ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਫਲਾਂ ਦੇ ਬਗ਼ੀਚੇ ਲਗਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਹਰ ਜ਼ਿਲ੍ਹੇ 'ਚ ਘੱਟੋ ਘੱਟ ਦੋ ਪਿੰਡ ਚੁਣੇ ਗਏ, ਜਿੱਥੇ ਪੱਛਮੀ ਪੰਜਾਬ ਤੋਂ ਆਏ ਕਿਸਾਨਾਂ ਨੂੰ ਵਸਾਇਆ ਗਿਆ ਸੀ। ਇਨ੍ਹਾਂ ਨੂੰ ਗਾਰਡਨ ਕਲੋਨੀਆਂ ਦਾ ਨਾਂ ਦਿੱਤਾ ਗਿਆ ਸੀ। ਪ੍ਰਤਾਪ ਸਿੰਘ ਕੈਰੋਂ ਜਦ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਬਾਗ਼ਬਾਨੀ ਲਈ ਵਿਸ਼ੇਸ਼ ਮੁਹਿੰਮ ਚਲਾਈ। ਪੰਜਾਬ ਵਿਚ ਲਗਣ ਵਾਲੇ ਕੁਝ ਮੁੱਖ ਫਲਾਂ ਵਿੱਚੋਂ ਅੱਜ ਅਸੀਂ ਲੀਚੀ ਬਾਰੇ ਜਾਣਕਾਰੀ ਦੇ ਰਹੇ ਹਾਂ।

## ਬਿਜਾਈ ਲਈ ਢੁਕਵੇਂ ਇਲਾਕੇ

ਲੀਚੀ ਨੂੰ ਅਮੀਰ ਲੋਕਾਂ ਦਾ ਫਲ ਮੰਨਿਆ ਜਾਂਦਾ ਹੈ। ਆਮ ਤੌਰ 'ਤੇ ਮੰਡੀ ਵਿਚ ਇਹ ਸਭ ਤੋਂ ਮਹਿੰਗੀ ਵਿਕਦੀ ਹੈ। ਪੰਜਾਬ ਵਿਚ ਲੀਚੀ ਦੇ ਬਗ਼ੀਚੇ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿਚ ਹਨ। ਇਸ ਦੀ ਕਾਸ਼ਤ ਗਰਮ ਇਲਾਕਿਆਂ ਵਿਚ ਨਹੀਂ ਕੀਤੀ ਜਾ ਸਕਦੀ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਗੁਰਦਾਸਪੁਰ ਸਥਿਤ ਫਲ ਖੋਜ ਕੇਂਦਰ ਵਿਚ ਲੀਚੀ ਉੱਤੇ ਖੋਜ ਕੀਤੀ ਗਈ ਤੇ ਇਸ ਇਲਾਕੇ ਵਿਚ ਇਨ੍ਹਾਂ ਦੇ ਬਾਗ਼ ਲਗਾਉਣ ਨੂੰ ਉਤਸ਼ਾਹਿਤ ਕੀਤਾ ਗਿਆ। ਲੀਚੀ ਦਾ ਬਾਹਰੀ ਛਿਲਕਾ ਖੁਰਦਰਾ ਹੁੰਦਾ ਹੈ ਪਰ ਛਿਲਣ ਪਿੱਛੋਂ ਅੰਦਰੋਂ ਸਫ਼ੈਦ ਰੰਗ ਦਾ ਰਸੀਲਾ ਗੁੱਦਾ ਨਿਕਲਦਾ ਹੈ।

ਲੀਚੀ ਦੇ ਬੂਟੇ ਪੰਜ ਕੁ ਸਾਲ ਪਿੱਛੋਂ ਫਲ ਦੇਣਾ ਸ਼ੁਰੂ ਕਰ ਦਿੰਦੇ ਹਨ। ਇਹ ਫਲ ਆਮ ਕਰਕੇ ਜੂਨ ਦੇ ਮਹੀਨੇ ਵਿਚ ਪੱਕਦੇ ਹਨ। ਇਕ ਬੂਟੇ ਤੋਂ ਕਰੀਬ 80 ਕਿੱਲੋ ਫਲ ਪ੍ਰਾਪਤ ਹੋ ਜਾਂਦੇ ਹਨ। ਰਕਬੇ ਦੇ ਹਿਸਾਬ ਨਾਲ ਲੀਚੀ ਦਾ ਪੰਜਾਬ ਵਿਚ ਪੰਜਵਾਂ ਸਥਾਨ ਹੈ।

## ਕਿਸਮਾਂ ਤੇ ਬਿਜਾਈ ਦਾ ਸਮਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਦੀ ਪੈਦਾਵਾਰ ਲਈ ਦੇਹਰਾਦੂਨ, ਕਲਕੱਤੀਆ ਅਤੇ ਸੀਂਡਲੈੱਸ ਲੇਟ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਲੀਚੀ ਦੇ ਬੂਟੇ ਗਰਮੀ ਘੱਟ ਹੋਣ 'ਤੇ ਸਤੰਬਰ-ਅਕਤੂਬਰ ਵਿਚ ਲਗਾਏ ਜਾ ਸਕਦੇ ਹਨ। •





# ਬਰਾਨੀ ਹਾਲਤਾਂ 'ਚ ਮੂੰਗਫਲੀ ਦੀ ਸੁਚੱਜੀ ਕਾਸ਼ਤ

• ਡਾ. ਬਲਵਿੰਦਰ ਸਿੰਘ ਢਿੱਲੋਂ
94654-20097



ਮੂੰਗਫਲੀ ਸਾਉਣੀ ਰੁੱਤ ਦੀ ਮੁੱਖ ਤੇਲਬੀਜ ਫ਼ਸਲ ਹੈ। ਪਾਣੀ ਦੀ ਘਾਟ ਵਾਲੀਆਂ ਬਰਾਨੀ ਹਾਲਤਾਂ ਵਿਚ ਇਸ ਫ਼ਸਲ ਦੀ ਕਾਸ਼ਤ ਕਰ ਕੇ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੂੰਗਫਲੀ ਦੀ ਫ਼ਸਲ ਮਿੱਟੀ ਦੀ ਉਪਜਾਊ ਸ਼ਕਤੀ 'ਚ ਵੀ ਵਾਧਾ ਕਰਦੀ ਹੈ। ਪੰਜਾਬ ਵਿਚ ਪਿਛਲੇ ਵਰ੍ਹੇ 1.2 ਹਜ਼ਾਰ ਹੈਕਟੇਅਰ ਰਕਬੇ 'ਚ ਮੂੰਗਫਲੀ ਦੀ ਕਾਸ਼ਤ ਕੀਤੀ ਗਈ। ਇਸ ਦੀ ਉਪਜ 2.3 ਹਜ਼ਾਰ ਟਨ ਤੇ ਝਾੜ 19.2 ਕੁਇੰਟਲ ਪ੍ਰਤੀ ਹੈਕਟੇਅਰ (7.68 ਕੁਇੰਟਲ ਪ੍ਰਤੀ ਏਕੜ) ਰਿਹਾ।

## ਉੱਨਤ ਕਿਸਮਾਂ

**ਐੱਸਜੀ-99** : ਇਸ ਦੀਆਂ ਗੱਠੀਆਂ ਦਰਮਿਆਨੇ ਆਕਾਰ ਦੀਆਂ ਤੇ ਮੁੱਖ ਜੜ੍ਹ ਦੇ ਨੇੜੇ ਲਗਦੀਆਂ ਹਨ, ਜਿਸ ਕਰਕੇ ਪੁਟਾਈ ਸਮੇਂ ਘੱਟ ਨੁਕਸਾਨ ਹੁੰਦਾ ਹੈ। ਇਕ ਕੁਇੰਟਲ ਗੱਠੀਆਂ ਵਿੱਚੋਂ 66 ਕਿੱਲੋ ਗਿਰੀਆਂ ਨਿਕਲਦੀਆਂ ਹਨ। 100 ਗਿਰੀਆਂ ਦਾ ਭਾਰ 54 ਗ੍ਰਾਮ ਹੁੰਦਾ ਹੈ, ਜਿਨ੍ਹਾਂ ਵਿਚ 52 ਫ਼ੀਸਦੀ ਤੇਲ ਹੁੰਦਾ ਹੈ। ਇਹ ਕਿਸਮ 123 ਦਿਨਾਂ 'ਚ ਪੱਕ ਜਾਂਦੀ ਹੈ। ਇਹ ਕਿਸਮ ਵਿਸ਼ਾਣੂ ਰੋਗ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਇਸ ਦਾ ਔਸਤ ਝਾੜ 10 ਕੁਇੰਟਲ ਪ੍ਰਤੀ ਏਕੜ ਹੈ।

**ਟੀਜੀ-37-ਏ** : ਇਹ ਅਗੇਤੀ ਪੱਕਣ ਵਾਲੀ ਗੁੱਛੇਦਾਰ ਕਿਸਮ ਹੈ। ਇਸ ਦੀ ਕਾਸ਼ਤ ਬਹਾਰ ਰੁੱਤ ਵਿਚ ਕਰਨੀ ਚਾਹੀਦੀ ਹੈ। ਇਕ ਕੁਇੰਟਲ ਗੱਠੀਆਂ 'ਚੋ 65 ਕਿੱਲੋ ਗਿਰੀਆਂ ਨਿਕਲਦੀਆਂ ਹਨ। ਇਕ ਗੱਠੀ 'ਚ ਦੋ ਤੋਂ ਤਿੰਨ ਗਿਰੀਆਂ ਹੁੰਦੀਆਂ ਹਨ। ਗਿਰੀਆਂ 'ਚ 48.6 ਫ਼ੀਸਦੀ ਤੇਲ ਹੁੰਦਾ ਹੈ। ਇਹ 101 ਦਿਨਾਂ 'ਚ ਪੱਕ ਜਾਂਦੀ ਹੈ। ਔਸਤ ਝਾੜ 12.3 ਕੁਇੰਟਲ ਪ੍ਰਤੀ ਏਕੜ ਹੈ।

**ਐੱਮ-522** : ਇਹ ਪਿਛੇਤੀ ਕਿਸਮ ਹੈ, ਜਿਸ ਦੀਆਂ ਗੱਠੀਆਂ ਦਰਮਿਆਨੇ ਆਕਾਰ ਦੀਆਂ ਹੁੰਦੀਆਂ ਹਨ। ਗੱਠੀਆਂ ਮੁੱਖ ਜੜ੍ਹ ਦੇ ਨੇੜੇ ਲਗਦੀਆਂ ਹਨ। ਇਕ ਕੁਇੰਟਲ ਗੱਠੀਆਂ 'ਚੋਂ 68 ਕਿੱਲੋ ਗਿਰੀਆਂ ਨਿਕਲਦੀਆਂ ਹਨ। 100 ਗਿਰੀਆਂ ਦਾ ਭਾਰ 65 ਗ੍ਰਾਮ ਹੁੰਦਾ ਹੈ, ਜਿਨ੍ਹਾਂ ਵਿਚ 51 ਫ਼ੀਸਦੀ ਤੇਲ ਹੁੰਦਾ ਹੈ। ਇਹ ਕਿਸਮ 120 ਦਿਨਾਂ 'ਚ ਪੱਕ ਜਾਂਦੀ ਹੈ। ਔਸਤ ਝਾੜ 9 ਕੁਇੰਟਲ ਪ੍ਰਤੀ ਏਕੜ ਹੈ।

## ਕਾਸ਼ਤ ਦੇ ਢੰਗ

**ਜ਼ਮੀਨ ਦੀ ਤਿਆਰੀ** : ਤਵੀਆਂ ਜਾਂ ਹਲ ਨਾਲ ਦੋ ਵਾਰ ਵਹਾਈ ਕਰ ਕੇ ਖੇਤ ਨੂੰ ਤਿਆਰ ਕਰੋ। ਲੋੜ ਪਵੇ ਤਾਂ ਬਰਾਨੀ ਹਾਲਤਾਂ ਵਿਚ ਤੀਸਰੀ ਵਹਾਈ ਅਖ਼ੀਰ ਜੁਲਾਈ ਵਿਚ ਕਰੋ।

**ਬੀਜ ਦੀ ਸੋਧ** : ਬਿਜਾਈ ਤੋਂ ਕਰੀਬ 15 ਦਿਨ ਪਹਿਲਾਂ ਮੋਟੀਆਂ ਗੱਠੀਆਂ ਵਿੱਚੋਂ ਹੱਥਾਂ ਨਾਲ ਗਿਰੀਆਂ ਕੱਢ ਲਵੋ। ਗਿਰੀਆਂ ਕੱਢਣ ਵਾਲੀ ਮਸ਼ੀਨ ਨਾਲ ਗਿਰੀਆਂ ਕੱਢਣਾ ਸਸਤਾ ਹੈ ਅਤੇ ਇਸ ਨਾਲ 6-8 ਗੁਣਾ ਵਧੇਰੇ ਕੰਮ ਹੁੰਦਾ ਹੈ। ਬਹੁਤ ਛੋਟੀਆਂ, ਸੁੱਕੀਆਂ ਤੇ ਬਿਮਾਰੀ ਵਾਲੀਆਂ ਗਿਰੀਆਂ ਬੀਜਣ ਲਈ ਨਾ ਵਰਤੋ। ਸਿਹਤਮੰਦ ਤੇ ਨਰੋਈਆਂ ਗਿਰੀਆਂ ਨੂੰ ਛਾਂਟ ਕੇ 5 ਗ੍ਰਾਮ 'ਥੀਰਮ' ਪ੍ਰਤੀ ਕਿੱਲੋ ਜਾਂ 3 ਗ੍ਰਾਮ ਇੰਡੋਫਿਲ ਐੱਮ-45 ਪ੍ਰਤੀ ਕਿੱਲੋ ਗਿਰੀਆਂ ਦੇ ਹਿਸਾਬ ਨਾਲ ਬਿਜਾਈ ਤੋਂ ਪਹਿਲਾਂ ਸੋਧ ਲਵੋ।

**ਬਿਜਾਈ ਦਾ ਸਮਾਂ ਤੇ ਢੰਗ** : ਬਰਾਨੀ ਹਾਲਤਾਂ ਵਿਚ ਮੂੰਗਫਲੀ ਦੀ ਬਿਜਾਈ ਮੌਨਸੂਨ ਸ਼ੁਰੂ ਹੋਣ ਉਪਰੰਤ ਕਰੋ। ਇਸ ਨਾਲ ਇਹ ਫ਼ਸਲ ਕਣਕ ਬੀਜਣ ਲਈ ਖੇਤ ਨੂੰ ਸਮੇਂ ਸਿਰ ਵਿਹਲਾ ਕਰ ਦੇਵੇਗੀ। ਬਿਜਾਈ ਤੋਂ ਤੁਰੰਤ ਬਾਅਦ ਖੇਤ 'ਚ ਵੱਟਾਂ ਪਾ ਕੇ ਲੋੜ ਅਨੁਸਾਰ ਕਿਆਰੇ ਬਣਾ ਲਵੋ ਤਾਂ ਜੋ ਲੋੜ ਪੈਣ 'ਤੇ ਹਲਕਾ ਪਾਣੀ ਲਾਇਆ ਜਾ ਸਕੇ। ਪੰਜ ਸੈਂਟੀਮੀਟਰ ਡੂੰਘਾਈ ਤੇ ਬਿਜਾਈ ਕੇਰੇ, ਪੋਰੇ ਜਾਂ ਡਰਿਲ ਨਾਲ ਕਰੋ। ਮੂੰਗਫਲੀ ਬੀਜਣ ਵਾਲੀਆਂ ਮਸ਼ੀਨਾਂ ਵੀ ਮਿਲਦੀਆਂ ਹਨ।

**ਬੀਜ ਦੀ ਮਾਤਰਾ** : ਮੂੰਗਫਲੀ ਦੀ ਟੀਜੀ-37-ਏ ਕਿਸਮ ਲਈ 32 ਕਿੱਲੋ, ਐੱਸਜੀ-99 ਕਿਸਮ ਲਈ 40 ਕਿੱਲੋ ਅਤੇ ਐੱਮ-522 ਕਿਸਮ ਲਈ 38 ਕਿੱਲੋ ਗਿਰੀਆਂ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜ ਦੇ ਤੌਰ 'ਤੇ ਵਰਤੋਂ। ਟੀਜੀ-37-ਏ ਅਤੇ ਐੱਸਜੀ-99 ਕਿਸਮ ਲਈ ਬੂਟੇ ਤੋਂ ਬੂਟੇ ਦਰਮਿਆਨ ਫ਼ਾਸਲਾ 15 ਸੈਂਟੀਮੀਟਰ ਅਤੇ ਐੱਮ-522 ਕਿਸਮ ਲਈ ਫ਼ਾਸਲਾ 22.5 ਸੈਂਟੀਮੀਟਰ ਰੱਖੋ।

### ਸਿੰਚਾਈ

*ਮੌਸਮੀ ਵਰਖਾ ਅਨੁਸਾਰ 2 ਜਾਂ 3 ਪਾਣੀ ਮੂੰਗਫਲੀ ਲਈ ਜ਼ਰੂਰੀ ਹਨ। ਜੇ ਬਰਸਾਤ ਲੋੜ ਅਨੁਸਾਰ ਨਾ ਹੋਵੇ ਤਾਂ ਪਹਿਲਾ ਪਾਣੀ ਫੁੱਲ ਪੈਣ ਸਮੇਂ ਲਗਾਉ। ਗੱਠੀਆਂ ਦੇ ਠੀਕ ਵਾਧੇ ਲਈ ਗੱਠੀਆਂ ਪੈਣ ਸਮੇਂ ਮੌਨਸੂਨ ਅਨੁਸਾਰ ਇਕ ਜਾਂ ਦੋ ਪਾਣੀ ਹੋਰ ਲਗਾਉ। ਮੂੰਗਫਲੀ ਦੀ ਆਸਾਨ ਪੁਟਾਈ ਲਈ ਪੁਟਾਈ ਤੋਂ ਕੁਝ ਦਿਨ ਪਹਿਲਾਂ ਇਕ ਪਾਣੀ ਲਗਾਉ।*



## ਖਾਦਾਂ ਦਾ ਪ੍ਰਬੰਧ

ਦਰਮਿਆਨੀਆਂ ਉਪਜਾਊ ਜ਼ਮੀਨਾਂ ਲਈ ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਵਰਤੋਂ 6 ਕਿੱਲੋ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਫਾਸਫੋਰਸਰਸ 8 ਕਿੱਲੋ, ਪੋਟਾਸ਼ 10 ਕਿੱਲੋ, ਯੂਰੀਆ 13 ਕਿੱਲੋ, ਸਿੰਗਲ ਸੁਪਰਫਾਸਫੇਟ 50 ਕਿੱਲੋ, ਮਿਊਰੇਟ ਆਫ ਪੋਟਾਸ਼ 17 ਕਿੱਲੋ ਅਤੇ ਜਿਪਸਮ ਦੀ 50 ਕਿੱਲੋ ਮਾਤਰਾ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਘੱਟ ਅਤੇ ਵੱਧ ਉਪਜਾਊ ਜ਼ਮੀਨਾਂ ਲਈ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰੋ। ਮਿੱਟੀ ਦੀ ਪਰਖ ਅਨੁਸਾਰ ਪੋਟਾਸ਼ ਦੀ ਘਾਟ ਹੋਣ 'ਤੇ ਇਸ ਤੱਤ ਦੀ ਵਰਤੋਂ ਕਰੋ। ਕਣਕ-ਮੂੰਗਫ਼ਲੀ ਦੇ ਫ਼ਸਲੀ ਚੱਕਰ 'ਚ ਜੇ ਕਣਕ ਨੂੰ ਸਿਫ਼ਾਰਸ਼ ਕੀਤੀ ਮਾਤਰਾ 'ਚ ਫਾਸਫੋਰਸ ਤੱਤ ਦਿੱਤਾ ਗਿਆ ਹੋਵੇ ਤਾਂ ਉਸ ਖੇਤ ਵਿਚ ਮੂੰਗਫਲੀ ਨੂੰ ਫਾਸਫੋਰਸ ਤੱਤ ਪਾਉਣ ਦੀ ਲੋੜ ਨਹੀਂ। ਜਿਪਸਮ ਦਾ ਛੱਟਾ ਦੇ ਦਿਉ ਤੇ ਹੋਰ ਸਾਰੀ ਖਾਦ ਬਿਜਾਈ ਸਮੇਂ ਡਰਿਲ ਕਰ ਦਿਉ।

**ਜ਼ਿੰਕ ਦੀ ਘਾਟ** : ਪੌਦੇ ਦੇ ਉੱਪਰਲੇ ਅੱਧੇ ਹਿੱਸੇ ਦੇ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ। ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ। ਜਦੋਂ ਜ਼ਿੰਕ ਦੀ ਘਾਟ ਗੰਭੀਰ ਹੋਵੇ ਤਾਂ ਪੌਦਾ ਪੂਰਾ ਵਧਦਾ-ਫੁੱਲਦਾ ਨਹੀਂ ਤੇ ਗਿਰੀਆਂ ਸੁੰਗੜ ਜਾਂਦੀਆਂ ਹਨ। ਅਜਿਹੀ ਹਾਲਤ ਵਿਚ 25 ਕਿੱਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21 ਫ਼ੀਸਦੀ) ਜਾਂ 16 ਕਿੱਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33 ਫ਼ੀਸਦੀ) ਪ੍ਰਤੀ ਏਕੜ ਪਾਉ। ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ।

## ਨਦੀਨਾਂ ਦੀ ਰੋਕਥਾਮ

ਦੋ ਗੋਡੀਆਂ ਬਿਜਾਈ ਤੋਂ 3 ਹਫ਼ਤੇ ਅਤੇ 6 ਹਫ਼ਤੇ ਬਾਅਦ ਕਰੋ। ਅਰੈਕਨੀ ਘਾਹ, ਕਾਂ ਮੱਕੀ ਆਦਿ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ 1.0 ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਸਟੌਂਪ 30 ਈਸੀ (ਪੈਂਡੀਮੈਥਾਲਿਨ) ਨੂੰ 200 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ ਤੇ ਬਿਜਾਈ ਤੋਂ 45 ਦਿਨਾਂ ਬਾਅਦ ਇਕ ਗੋਡੀ ਕਰੋ। •



### ਫ਼ਸਲ ਦੀ ਪੁਟਾਈ

*ਬਹਾਰ ਤੇ ਸਾਉਣੀ ਦੀ ਫ਼ਸਲ ਦਾ ਪਤਰਾਲ ਪੱਕਣ ਸਮੇਂ ਹਰਾ ਹੀ ਰਹਿੰਦਾ ਹੈ। ਬੂਟੇ ਪੁੱਟਣ ਉਪਰੰਤ ਜੇ ਦੋ ਤਿਹਾਈ ਗਿਰੀਆਂ ਦਾ ਰੰਗ ਗੁਲਾਬੀ ਅਤੇ ਗੱਠੀਆਂ ਦਾ ਛਿਲਕਾ ਅੰਦਰੋਂ ਭੂਰੇ ਜਾਂ ਕਾਲੇ ਰੰਗ ਦਾ ਹੋਵੇ ਤਾਂ ਇਹ ਫ਼ਸਲ ਦੇ ਪੱਕਣ ਦੀ ਨਿਸ਼ਾਨੀ ਹੈ। ਬਰਾਨੀ ਫ਼ਸਲ ਆਮ ਤੌਰ 'ਤੇ ਨਵੰਬਰ ਦੇ ਸ਼ੁਰੂ 'ਚ ਪੱਕ ਜਾਂਦੀ ਹੈ। ਪੱਕਣ 'ਤੇ ਸਾਰੀ ਫ਼ਸਲ ਇਕਸਾਰ ਪੀਲੀ ਹੋ ਜਾਂਦੀ ਹੈ ਤੇ ਪੁਰਾਣੇ ਪੱਤੇ ਝੜ ਜਾਂਦੇ ਹਨ। ਮੂੰਗਫਲੀ ਪੁੱਟਣ ਲਈ ਟ੍ਰੈਕਟਰ ਨਾਲ ਚੱਲਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਸ਼ੀਨ ਦੀ ਠੀਕ ਵਰਤੋਂ ਲਈ ਜ਼ਮੀਨ 'ਚ ਪੂਰੀ ਸਿੱਲ੍ਹ ਹੋਣੀ ਲਾਜ਼ਮੀ ਹੈ। ਦੂਸਰਾ ਇਹ ਕਿ ਫ਼ਸਲ ਬਹੁਤ ਜ਼ਿਆਦਾ ਪੱਕੀ ਨਹੀਂ ਹੋਣੀ ਚਾਹੀਦੀ। ਪੁੱਟੀ ਹੋਈ ਫ਼ਸਲ ਦੇ ਛੋਟੇ-ਛੋਟੇ ਢੇਰਾਂ ਨੂੰ ਦੋ ਦਿਨਾਂ ਲਈ ਖੇਤ 'ਚ ਪਏ ਰਹਿਣ ਦਿਉ। ਇਸ ਪਿੱਛੋਂ ਫ਼ਸਲ ਨੂੰ ਇਕ ਥਾਂ ਇਕੱਠੀ ਕਰ ਕੇ ਰੋਜ਼ਾਨਾ ਦੋ-ਤਿੰਨ ਵਾਰ, ਦੋ-ਤਿੰਨ ਦਿਨਾਂ ਲਈ ਤਰੰਗਲੀ ਨਾਲ ਝਾੜਦੇ ਰਹੋ ਅਤੇ ਟਾਂਗਰ ਨਾਲੋਂ ਗੱਠੀਆਂ ਤੇ ਪੱਤੇ ਵੱਖ ਕਰ ਲਉ। ਇਸ ਤੋਂ ਬਾਅਦ ਉਡਾਈ ਕਰ ਕੇ ਗੱਠੀਆਂ ਨੂੰ ਪੱਤਿਆਂ ਨਾਲੋਂ ਵੱਖ ਕਰ ਦਿਉ।*

# ਸਾਉਣੀ ਰੁੱਤ 'ਚ ਮੂੰਗੀ ਤੇ ਮਾਂਹ ਦੀ ਪੈਦਾਵਾਰ

*ਮੂੰਗੀ ਤੇ ਮਾਂਹ ਦੀਆਂ ਫ਼ਸਲਾਂ ਫਲੀਦਾਰ ਹੋਣ ਕਾਰਨ ਇਨ੍ਹਾਂ ਦੀਆਂ ਜੜ੍ਹਾਂ 'ਚ ਮੌਜੂਦ ਰਾਈਜ਼ੋਬੀਅਮ ਬੈਕਟੀਰੀਆ ਹਵਾ 'ਚੋਂ ਨਾਈਟ੍ਰੋਜਨ ਪ੍ਰਾਪਤ ਕਰ ਕੇ ਜ਼ਮੀਨ 'ਚ ਜਮ੍ਹਾਂ ਕਰਦੇ ਹਨ ਤੇ ਫ਼ਸਲ ਲਈ ਇਸ ਤੱਤ ਦੀ ਲੋੜ ਨੂੰ ਪੂਰਾ ਕਰਦੇ ਹਨ...*

• ਠਾਕਰ ਸਿੰਘ, ਜਗਮੋਹਨ ਕੌਰ
98145-44422

ਦਾਲਾਂ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾ ਕੇ ਖੇਤੀ ਪੈਦਾਵਾਰ 'ਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਦਾਲਾਂ ਮਨੁੱਖੀ ਖ਼ੁਰਾਕ ਦਾ ਅਹਿਮ ਹਿੱਸਾ ਹਨ ਕਿਉਂਕਿ ਇਨ੍ਹਾਂ ਵਿਚ 20 ਤੋਂ 25 ਫ਼ੀਸਦੀ ਪ੍ਰੋਟੀਨ ਤੇ ਹੋਰ ਜ਼ਰੂਰੀ ਤੱਤ ਹੁੰਦੇ ਹਨ। ਦਾਲਾਂ ਪ੍ਰੋਟੀਨ ਦਾ ਸਸਤਾ ਸਰੋਤ ਹਨ। ਦਾਲਾਂ ਦੀਆਂ ਜੜ੍ਹਾਂ 'ਚ ਮੌਜੂਦ ਰਾਈਜ਼ੋਬੀਅਮ ਬੈਕਟੀਰੀਆ ਹਵਾ 'ਚੋਂ ਨਾਈਟ੍ਰੋਜਨ ਪ੍ਰਾਪਤ ਕਰ ਕੇ ਜ਼ਮੀਨ 'ਚ ਜਮ੍ਹਾਂ ਕਰਦੇ ਹਨ ਤੇ ਫ਼ਸਲ ਲਈ ਇਸ ਤੱਤ ਦੀ ਲੋੜ ਨੂੰ ਪੂਰਾ ਕਰਦੇ ਹਨ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ। ਇਕ ਏਕੜ 'ਚ ਬੀਜੀ ਹੋਈ ਦਾਲ ਦੀ ਫ਼ਸਲ 5 ਤੋਂ 15 ਕਿੱਲੋ ਨਾਈਟ੍ਰੋਜਨ ਮਿੱਟੀ 'ਚ ਜਮ੍ਹਾਂ ਕਰਨ ਦੇ ਸਮਰੱਥ ਹੁੰਦੀ ਹੈ। ਦਾਲਾਂ ਦੀ ਫ਼ਸਲ 'ਚ ਖਾਦਾਂ ਤੇ ਪਾਣੀ ਦੀ ਖਪਤ ਵੀ ਘੱਟ ਹੁੰਦੀ ਹੈ। ਇਨ੍ਹਾਂ ਦੇ ਪੱਤੇ ਮਿੱਟੀ ਦੇ ਭੌਤਿਕ ਗੁਣਾਂ (ਮਿੱਟੀ ਦੀ ਘਣਤਾ, ਪਾਣੀ ਦੇ ਮਿੱਟੀ 'ਚ ਜਜ਼ਬ ਹੋਣ ਦੀ ਸ਼ਕਤੀ) 'ਚ ਵਾਧਾ ਕਰਦੇ ਹਨ। ਇਹ ਫ਼ਸਲੀ ਵਿਭਿੰਨਤਾ ਲਿਆਉਣ 'ਚ ਵੀ ਅਹਿਮ ਰੋਲ ਅਦਾ ਕਰਦੀਆਂ ਹਨ। ਦਾਲਾਂ ਦੇ ਘੱਟ ਝਾੜ ਦਾ ਮੁੱਖ ਕਾਰਨ ਇਨ੍ਹਾਂ ਦੀ ਕਾਸ਼ਤ ਹਲਕੀ ਤੇ ਘੱਟ ਉਪਜਾਊ ਜ਼ਮੀਨ 'ਤੇ ਕਰਨਾ ਹੈ। ਪੰਜਾਬ 'ਚ ਸਾਉਣੀ ਰੁੱਤੇ ਮੁੱਖ ਤੌਰ 'ਤੇ ਮੂੰਗੀ ਤੇ ਮਾਂਹ ਬੀਜੇ ਜਾਂਦੇ ਹਨ।

## ਫ਼ਸਲੀ ਚੱਕਰ

ਸਾਉਣੀ ਰੁੱਤ ਵਿਚ ਮੂੰਗੀ ਨੂੰ ਰਾਇਆ ਤੇ ਕਣਕ ਤੋਂ ਬਾਅਦ ਜਾਂ ਰਾਇਆ/ਕਣਕ-ਗਰਮ ਰੁੱਤ ਦੀ ਮੂੰਗੀ ਤੋਂ ਬਾਅਦ ਲਗਾਇਆ ਜਾ ਸਕਦਾ ਹੈ। ਮਾਂਹ ਦੀ ਫ਼ਸਲ ਕਣਕ ਤੋਂ ਬਾਅਦ ਬੀਜੀ ਜਾ ਸਕਦੀ ਹੈ।

## ਖੇਤ ਦੀ ਤਿਆਰੀ

ਮੂੰਗੀ ਤੇ ਮਾਂਹ ਵੱਖ-ਵੱਖ ਤਰ੍ਹਾਂ ਦੀਆਂ ਚੰਗੇ ਜਲ-ਨਿਕਾਸ ਵਾਲੀਆਂ ਜ਼ਮੀਨਾਂ 'ਚ ਬੀਜੇ ਜਾ ਸਕਦੇ ਹਨ। ਚੰਗੇ ਜਲ ਨਿਕਾਸ ਵਾਲੀਆਂ ਮੱਧਮ ਤੋਂ ਭਾਰੀਆਂ ਜ਼ਮੀਨਾਂ ਇਨ੍ਹਾਂ ਦੀ ਕਾਸ਼ਤ ਲਈ ਕਾਫ਼ੀ ਢੁੱਕਵੀਆਂ ਹਨ। ਦਾਲਾਂ ਖਾਰੇਪਣ, ਲੂਣੇਪਣ ਤੇ ਸੇਮ ਨੂੰ ਨਹੀਂ ਸਹਿ ਸਕਦੀਆਂ ਕਿਉਂਕਿ ਇਨ੍ਹਾਂ ਕਾਰਨਾਂ ਨਾਲ ਬੀਜ ਦੇ ਉੱਗਣ ਤੇ ਜੜ੍ਹਾਂ ਵਿਚ ਨਾਈਟ੍ਰੋਜਨ ਤੱਤ ਵਾਲੀਆਂ ਥੈਲੀਆਂ ਬਣਨ 'ਤੇ ਮਾੜਾ ਅਸਰ ਪੈਂਦਾ ਹੈ। ਚੰਗੀ ਫ਼ਸਲ ਲੈਣ ਲਈ ਖੇਤ ਨਦੀਨਾਂ ਤੇ ਢੇਲਿਆਂ ਤੋਂ ਰਹਿਤ ਹੋਣਾ ਚਾਹੀਦਾ ਹੈ। ਬੀਜ ਦੇ ਠੀਕ ਪੁੰਗਾਰੇ ਲਈ ਖੇਤ ਭੁਰਭੁਰਾ ਹੋਣਾ ਚਾਹੀਦਾ ਹੈ। ਮਿੱਟੀ ਨੂੰ ਭੁਰਭੁਰਾ ਬਣਾਉਣ ਲਈ 2-3 ਵਾਰ ਵਾਹ ਕੇ ਹਰ ਵਾਰ ਸੁਹਾਗਾ ਮਾਰਨਾ ਚਾਹੀਦਾ ਹੈ।

## ਉੱਨਤ ਕਿਸਮਾਂ

ਪੀਏਯੂ ਵੱਲੋਂ ਮੂੰਗੀ ਦੀਆਂ ਐੱਮਐੱਲ-2056 ਅਤੇ ਐੱਮਐੱਲ-818 ਕਿਸਮਾਂ ਦੀ ਬਿਜਾਈ ਲਈ ਸਿਫ਼ਾਰਸ਼ ਕੀਤੀ ਗਈ ਹੈ। ਇਹ ਕਿਸਮਾਂ ਪੀਲਾ ਚਿਤਕਬਰਾ ਰੋਗ ਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹਨ। ਮਾਂਹ ਦੀਆਂ ਮਾਂਹ-114 ਅਤੇ ਮਾਂਹ-338 ਉੱਨਤ ਕਿਸਮਾਂ ਹਨ। ਇਹ ਕਿਸਮਾਂ ਚਿਤਕਬਰਾ ਰੋਗ ਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੇ ਸਮਰੱਥ ਹਨ।

### ਬੀਜ ਨੂੰ ਟੀਕਾ ਲਗਾਉਣਾ

*ਮੂੰਗੀ ਨੂੰ ਟੀਕਾ ਲਗਾਉਣ ਨਾਲ ਝਾੜ 'ਚ 12-16 ਫ਼ੀਸਦੀ ਵਾਧਾ ਹੁੰਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਇਕਰੋਬਾਇਆਲੋਜੀ ਵਿਭਾਗ ਪਾਸੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਬੀਜ ਨੂੰ ਥੋੜ੍ਹਾ ਜਿਹਾ ਗਿੱਲਾ ਕਰ ਕੇ ਇਕ ਏਕੜ ਲਈ ਦਿੱਤੇ ਗਏ ਟੀਕੇ ਨਾਲ ਚੰਗੀ ਤਰ੍ਹਾਂ ਰਲਾ ਲਵੋ ਤੇ ਫਿਰ ਇਸ ਬੀਜ ਨੂੰ ਛਾਵੇਂ ਫ਼ਰਸ਼ 'ਤੇ ਖਿਲਾਰ ਦਿਉ।*

## ਬੀਜ ਦੀ ਮਾਤਰਾ

ਬੀਜ ਦੀ ਸਿਫ਼ਾਰਸ਼ ਕੀਤੀ ਮਾਤਰਾ ਹੀ ਵਰਤੋ ਤਾਂ ਕਿ ਬੂਟਿਆਂ ਦੀ ਪੂਰੀ ਗਿਣਤੀ ਹੋ ਸਕੇ ਤੇ ਵਧੀਆ ਝਾੜ ਲਿਆ ਜਾ ਸਕੇ। ਸਾਉਣੀ ਰੁੱਤ ਦੀ ਮੂੰਗੀ ਲਈ 8 ਕਿੱਲੋ ਅਤੇ ਮਾਂਹ ਲਈ 6-8 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਬੀਜ ਭਰੋਸੇਮੰਦ ਸੰਸਥਾ ਤੋਂ ਹੀ ਖ਼ਰੀਦੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਸੋਧਣ ਨਾਲ ਕਈ ਬਿਮਾਰੀਆਂ ਤੋਂ ਨਿਜਾਤ ਪਾਈ ਜਾ ਸਕਦੀ ਹੈ। ਬੀਜ ਨੂੰ ਸੋਧਣ ਲਈ ਉੱਲੀਨਾਸ਼ਕ ਦਵਾਈਆਂ 'ਕੈਪਟਾਨ' ਜਾਂ 'ਥੀਰਮ' ਦਵਾਈ 3 ਗ੍ਰਾਮ ਪ੍ਰਤੀ ਕਿੱਲੋ ਬੀਜ ਲਈ ਵਰਤੋ।

## ਬਿਜਾਈ ਦਾ ਸਮਾਂ

ਵਧੇਰੇ ਝਾੜ ਲੈਣ ਲਈ ਬਿਜਾਈ ਦਾ ਠੀਕ ਸਮਾਂ ਤੇ ਠੀਕ ਤਰੀਕਾ ਬਹੁਤ ਮਹੱਤਵਪੂਰਨ ਹਨ। ਮੂੰਗੀ ਨੂੰ ਜੁਲਾਈ ਮਹੀਨੇ ਡਰਿਲ/ਪੋਰੇ ਜਾਂ ਕੇਰੇ ਨਾਲ 4-6 ਸੈਂਟੀਮੀਟਰ ਡੂੰਘਾ, 30 ਸੈਂਟੀਮੀਟਰ ਕਤਾਰ ਤੋਂ ਕਤਾਰ ਦੇ ਫ਼ਾਸਲੇ ਤੇ 10 ਸੈਂਟੀਮੀਟਰ ਬੂਟੇ ਤੋਂ ਬੂਟੇ ਦੇ ਫ਼ਾਸਲੇ 'ਤੇ ਬੀਜੋ। ਵਧੇਰੇ ਝਾੜ ਲੈਣ ਲਈ ਅੱਧਾ-ਅੱਧਾ ਬੀਜ ਪਾ ਕੇ 30 ਸੈਂਟੀਮੀਟਰ ਵਿੱਥ ਤੇ ਦੋ-ਪਾਸੀ ਬਿਜਾਈ ਕਰੋ। ਮੂੰਗੀ ਦੀ ਬਿਜਾਈ ਜ਼ੀਰੋ ਟਿਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜੇ ਬਿਨਾਂ ਵਾਹੇ ਖੇਤ 'ਚ ਬਿਜਾਈ ਕਰਨੀ ਹੋਵੇ ਤੇ ਬੀਜਣ ਤੋਂ ਪਹਿਲਾਂ ਨਦੀਨ ਜ਼ਿਆਦਾ ਹੋਣ ਤਾਂ ਨਦੀਨਾਂ ਤੋਂ ਨਿਜਾਤ ਪਾਉਣ ਲਈ 500 ਮਿਲੀਲਿਟਰ ਗ੍ਰਾਮੈਕਸੋਨ 24 ਐੱਸਐੱਲ (ਪੈਰਾਕੁਇਟ) ਨੂੰ 200 ਲੀਟਰ ਪਾਣੀ 'ਚ ਮਿਲਾ ਕੇ ਛਿੜਕਾਅ ਕਰੋ। ਮੂੰਗੀ ਨੂੰ ਕਣਕ ਵਾਂਗ ਬੈੱਡਾਂ 'ਤੇ ਵੀ ਬੀਜਿਆ ਜਾ ਸਕਦਾ ਹੈ। ਇਸ ਲਈ 67.5 ਸੈਂਟੀਮੀਟਰ ਦੀ ਵਿੱਥ 'ਤੇ ਬਣੇ ਬੈੱਡਾਂ ਉੱਪਰ ਮੂੰਗੀ ਦੀਆਂ ਦੋ ਕਤਾਰਾਂ 20 ਸੈਂਟੀਮੀਟਰ ਦੇ ਫ਼ਾਸਲੇ 'ਤੇ ਬੀਜੋ। ਬੈੱਡਾਂ 'ਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਅਤੇ ਇਹ ਖੇਤ ਵਿਚ ਜ਼ਿਆਦਾ ਪਾਣੀ ਖੜ੍ਹਾ ਹੋਣ ਦੇ ਨੁਕਸਾਨ ਤੋਂ ਵੀ ਬਚਾਉਂਦੇ ਹਨ। ਮਾਂਹ ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਵਿਚ ਸੇਂਜੂ ਹਾਲਤਾਂ ਵਿਚ ਜੁਲਾਈ ਅਖ਼ੀਰ ਤਕ ਕੀਤੀ ਜਾ ਸਕਦੀ ਹੈ। ਬਿਜਾਈ ਕੇਰੇ ਜਾਂ ਪੋਰੇ ਜਾਂ ਡਰਿੱਲ ਨਾਲ 4-6 ਸੈਂਟੀਮੀਟਰ ਡੂੰਘਾਈ ਅਤੇ 30 ਸੈਂਟੀਮੀਟਰ ਦੀਆਂ ਕਤਾਰਾਂ 'ਤੇ ਕਰੋ।

### ਸਿੰਚਾਈ

*ਸਾਉਣੀ ਦੇ ਮੌਸਮ 'ਚ ਅਕਸਰ ਸਿੰਚਾਈ ਦੀ ਲੋੜ ਨਹੀਂ ਪੈਂਦੀ ਪਰ ਜੇ ਮੀਂਹ ਨਾ ਪੈਣ ਤਾਂ ਫ਼ਸਲ ਨੂੰ ਲੋੜ ਅਨੁਸਾਰ ਪਾਣੀ ਲਗਾਉ।*

## ਖਾਦਾਂ

ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰੋ। ਦਾਲਾਂ ਨੂੰ ਘੱਟ ਮਾਤਰਾ ਵਿਚ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਲੋੜ ਹੁੰਦੀ ਹੈ। ਮੱਧਮ ਵਰਗ ਦੀ ਉਪਜਾਊ ਮਿੱਟੀ ਲਈ ਮੂੰਗੀ ਵਾਸਤੇ 5 ਕਿੱਲੋ ਨਾਈਟ੍ਰੋਜਨ (11 ਕਿੱਲੋ ਯੂਰੀਆ) ਅਤੇ 16 ਕਿੱਲੋ ਫਾਸਫੋਰਸ (100 ਕਿੱਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਪਾਉ। ਮਾਂਹ ਨੂੰ ਵੀ 5 ਕਿੱਲੋ ਨਾਈਟ੍ਰੋਜਨ ਤੇ 10 ਕਿੱਲੋ ਫਾਸਫੋਰਸ (60 ਕਿੱਲੋ ਸਿੰਗਲ ਸੁਪਰਫਾਸਫੇਟ) ਬਿਜਾਈ ਸਮੇਂ ਪਾਓ।

## ਨਦੀਨ ਪ੍ਰਬੰਧ

ਨਦੀਨਾਂ ਤੋਂ ਨਿਜਾਤ ਪਾਉਣ ਲਈ ਮੂੰਗੀ ਵਿਚ ਇਕ ਜਾਂ ਦੋ ਗੋਡੀਆਂ ਕਰੋ। ਪਹਿਲੀ ਗੋਡੀ ਬਿਜਾਈ ਤੋਂ 4 ਹਫ਼ਤੇ ਪਿੱਛੋਂ ਤੇ ਦੂਜੀ ਉਸ ਤੋਂ 2 ਹਫ਼ਤੇ ਪਿੱਛੋਂ ਕਰੋ। ਨਦੀਨ ਨਾਸ਼ਕਾਂ ਨਾਲ ਵੀ ਨਦੀਨਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ। ਮੂੰਗੀ ਵਿਚ ਇਕ ਲੀਟਰ ਸਟੌਂਪ 30 ਈਸੀ (ਪੈਂਡੀਮੈਥਾਲੀਨ) ਦੇ ਛਿੜਕਾਅ ਨਾਲ ਜਾਂ 600 ਮਿਲੀਲਿਟਰ ਸਟੌਂਪ 30 ਈਸੀ ਪ੍ਰਤੀ ਏਕੜ ਵਰਤੋਂ ਤੇ ਬਿਜਾਈ ਤੋਂ ਚਾਰ ਹਫ਼ਤੇ ਬਾਅਦ ਇਕ ਗੋਡੀ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਸਟੌਂਪ ਦਾ ਛਿੜਕਾਅ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ 200 ਲੀਟਰ ਪਾਣੀ ਦੀ ਵਰਤੋਂ ਕਰ ਕੇ ਕਰੋ। ਮਾਂਹ ਵਿਚ ਨਦੀਨਾਂ ਤੋਂ ਨਿਜਾਤ ਲਈ ਇਕ ਗੋਡੀ ਬਿਜਾਈ ਤੋਂ ਇਕ ਮਹੀਨੇ ਬਾਅਦ ਕਰੋ। ਨਦੀਨਾਂ ਤੋਂ ਛੁਟਕਾਰੇ ਲਈ ਇਕ ਲੀਟਰ ਸਟੌਂਪ 30 ਈਸੀ (ਪੈਂਡੀਮੈਥਾਲਿਨ) ਪ੍ਰਤੀ ਏਕੜ ਦਾ ਛਿੜਕਾਅ ਕਰੋ ਜਾਂ 600 ਮਿਲੀਲਿਟਰ ਸਟੌਂਪ ਦਾ ਛਿੜਕਾਅ ਕਰੋ ਤੇ ਬਿਜਾਈ ਤੋਂ 25 ਦਿਨਾਂ ਬਾਅਦ ਇਕ ਗੋਡੀ ਕਰੋ। ਸਟੌਂਪ ਦਾ ਛਿੜਕਾਅ ਬਿਜਾਈ ਤੋਂ ਦੋ ਦਿਨਾਂ ਵਿਚ 200 ਲੀਟਰ ਪਾਣੀ ਪ੍ਰਤੀ ਏਕੜ ਦੀ ਵਰਤੋਂ ਕਰ ਕੇ ਕਰੋ। ਖ਼ਿਆਲ ਰੱਖੋ ਕਿ ਜ਼ਮੀਨ ਵਿਚ ਛਿੜਕਾਅ ਸਮੇਂ ਚੰਗਾ ਵੱਤਰ ਹੋਵੇ ਤਾਂ ਕਿ ਨਦੀਨ ਨਾਸ਼ਕ ਚੰਗੀ ਤਰ੍ਹਾਂ ਨਦੀਨਾਂ ਦੀ ਰੋਕਥਾਮ ਕਰ ਸਕੇ। ਛਿੜਕਾਅ ਲਈ ਫਲੈਟ ਫੈਨ ਜਾਂ ਫਲੱਡ ਜੈੱਟ (ਕੱਟ ਵਾਲੀ) ਨੋਜ਼ਲ ਦੀ ਵਰਤੋਂ ਕਰੋ।

## ਕਟਾਈ ਤੇ ਗਹਾਈ

ਮੂੰਗੀ ਦੀ ਕਟਾਈ ਉਸ ਸਮੇਂ ਕਰੋ ਜਦੋਂ ਕਾਫ਼ੀ ਪੱਤੇ ਝੜ ਜਾਣ ਤੇ ਲਗਪਗ 80 ਫ਼ੀਸਦੀ ਫਲੀਆਂ ਪੱਕ ਜਾਣ। ਕੰਬਾਈਨ ਨਾਲ ਮੂੰਗੀ ਦੀ ਵਾਢੀ ਕਰਨ ਲਈ 800 ਮਿਲੀਲਿਟਰ ਗਰੈਮਕਸੋਨ 24 ਐੱਸਐੱਲ (ਪੈਰਾਕੁਇਟ) ਪ੍ਰਤੀ ਏਕੜ 200 ਲੀਟਰ ਪਾਣੀ 'ਚ ਘੋਲ ਕੇ 80 ਫ਼ੀਸਦੀ ਫਲੀਆਂ ਪੱਕ ਜਾਣ 'ਤੇ ਛਿੜਕਾਅ ਕਰੋ ਤਾਂ ਕਿ ਬੂਟੇ ਪੂਰੇ ਸੁੱਕ ਜਾਣ ਤੇ ਆਸਾਨੀ ਨਾਲ ਵਾਢੀ ਕੀਤੀ ਜਾ ਸਕੇ। ਮਾਂਹਾਂ ਦੀ ਵਾਢੀ ਉਸ ਸਮੇਂ ਕਰੋ ਜਦੋਂ ਪੱਤੇ ਝੜ ਜਾਣ ਤੇ ਫਲੀਆਂ ਸਲੇਟੀ-ਕਾਲੀਆਂ ਹੋ ਜਾਣ। •







# ਜ਼ਹਿਰ-ਮੁਕਤ ਬਾਸਮਤੀ ਦੀ ਪੈਦਾਵਾਰ

*ਖੇਤੀ ਜ਼ਹਿਰਾਂ ਦੀ ਬੇਲੋੜੀ ਵਰਤੋਂ ਬਾਸਮਤੀ ਦੇ ਮਿਆਰ 'ਚ ਗਿਰਾਵਟ ਦਾ ਕਾਰਨ ਬਣਦੀਆਂ ਹਨ ਤੇ ਬਰਾਮਦ 'ਤੇ ਮਾੜਾ ਅਸਰ ਪਾਉਂਦੀਆਂ ਹਨ...*



• ਗੁਰਪ੍ਰੀਤ ਸਿੰਘ ਮੱਕੜ, ਰਣਵੀਰ ਸਿੰਘ ਗਿੱਲ

ਬਾਸਮਤੀ ਲੰਬੇ ਪਤਲੇ ਤੇ ਖ਼ੁਸ਼ਬੂਦਾਰ ਦਾਣਿਆਂ ਵਾਲੀਆਂ ਚੌਲਾਂ ਦੀਆਂ ਰਵਾਇਤੀ ਕਿਸਮਾਂ ਦੀ ਸ਼੍ਰੇਣੀ ਵਿੱਚੋਂ ਹੈ। ਭਾਰਤ 'ਚ ਹੁਣ ਤਕ ਬਾਸਮਤੀ ਦੀਆਂ 32 ਕਿਸਮਾਂ 'ਸੀਡ ਐਕਟ-1966' ਤਹਿਤ ਰਜਿਸਟਰਡ ਹਨ। ਇਨ੍ਹਾਂ ਵਿੱਚੋਂ ਕੁਝ ਕਿਸਮਾਂ, ਜਿਵੇਂ ਪੂਸਾ ਬਾਸਮਤੀ-1, ਪੂਸਾ-1401, ਬਾਸਮਤੀ-386, ਤਰੌੜੀ ਜਾਂ ਐੱਚਬੀਸੀ-19, ਸੁਪਰ ਜਾਂ ਸ਼ਬਨਮ ਆਦਿ ਯੂਰਪੀਅਨ ਸੰਘ ਵੱਲੋਂ ਬਰਾਮਦ ਕੀਤੇ ਜਾਣ ਲਈ ਮਨਜ਼ੂਰਸ਼ੁਦਾ ਹਨ। ਭਾਰਤ 'ਚ ਬਾਸਮਤੀ ਦੀ ਕਾਸ਼ਤ ਮੁੱਖ ਤੌਰ 'ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰਾਖੰਡ, ਪੱਛਮੀ ਉੱਤਰ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿਚ ਕੀਤੀ ਜਾਂਦੀ ਹੈ। ਭਾਰਤ ਬਾਸਮਤੀ ਦਾ ਨਾ ਸਿਰਫ਼ ਸਭ ਤੋਂ ਵੱਡਾ ਉਤਪਾਦਕ ਹੈ ਬਲਕਿ ਦੁਨੀਆ ਭਰ ਵਿਚ ਬਾਸਮਤੀ ਦੇ ਬਰਾਮਦ ਦੇ ਮਾਮਲੇ 'ਚ ਪਹਿਲੇ ਸਥਾਨ 'ਤੇ ਹੈ। 2017-18 ਦੌਰਾਨ ਭਾਰਤ ਨੇ 40.52 ਲੱਖ ਮੀਟ੍ਰਿਕ ਟਨ ਬਾਸਮਤੀ ਐਕਪੋਰਟ ਕੀਤੀ, ਜਿਸ ਦੀ ਕੀਮਤ 26,841 ਕਰੋੜ ਰੁਪਏ ਸੀ।

## ਜ਼ਹਿਰਾਂ ਸਬੰਧੀ ਵੱਖ-ਵੱਖ ਦੇਸ਼ਾਂ ਦੇ ਮਾਪਦੰਡ

ਬਾਸਮਤੀ ਕਿਸਮਾਂ ਪੱਕਣ 'ਚ ਕਰੀਬ ਪੰਜ ਮਹੀਨੇ ਦਾ ਸਮਾਂ ਲੈਂਦੀਆਂ ਹਨ। ਇਸ ਦੌਰਾਨ ਫ਼ਸਲ ਉੱਪਰ ਵੱਖ-ਵੱਖ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਿਸਾਨ ਅਕਸਰ ਰਸਾਇਣਕ ਜ਼ਹਿਰਾਂ ਦੀ ਵਰਤੋਂ ਨੂੰ ਤਰਜੀਹ ਦਿੰਦੇ ਹਨ। ਖੇਤੀ ਜ਼ਹਿਰਾਂ ਦੀ ਦੁਰਵਰਤੋਂ ਕਾਰਨ ਬਾਸਮਤੀ ਦੇ ਦਾਣਿਆਂ ਵਿਚ ਇਨ੍ਹਾਂ ਜ਼ਹਿਰਾਂ ਦੀ ਰਹਿੰਦ-ਖੂੰਹਦ ਦੀ ਸਮੱਸਿਆ ਵੱਡੇ ਪੱਧਰ 'ਤੇ ਸਾਹਮਣੇ ਆਈ ਹੈ। ਬੀਤੇ ਕੁਝ ਸਾਲਾਂ ਦੌਰਾਨ ਕਈ ਵਾਰ ਯੂਰਪੀਅਨ ਸੰਘ, ਅਮਰੀਕਾ ਤੇ ਈਰਾਨ ਵਰਗੇ ਦੇਸ਼ਾਂ ਵੱਲੋਂ ਭਾਰਤ ਤੋਂ ਬਾਸਮਤੀ ਦੀ ਖ਼ਰੀਦ 'ਤੇ ਪਾਬੰਦੀ ਲਗਾਏ ਜਾਣ ਦੀਆਂ ਖ਼ਬਰਾਂ ਆਈਆਂ ਹਨ। 2012 ਵਿਚ ਅਮਰੀਕਾ ਨੇ ਭਾਰਤ ਤੋਂ ਲਗਪਗ 151.2 ਕਰੋੜ ਰੁਪਏ ਦੀ ਬਾਸਮਤੀ ਦੀ ਖ਼ਰੀਦ ਨੂੰ ਇਸ ਲਈ ਠੁਕਰਾ ਦਿੱਤਾ ਕਿਉਂਕਿ ਉਸ ਵਿਚ ਖੇਤੀ ਜ਼ਹਿਰਾਂ ਦੀ ਰਹਿੰਦ-ਖੂੰਹਦ ਮਿੱਥੀ ਗਈ ਹੱਦ ਤੋਂ ਜ਼ਿਆਦਾ ਪਾਈ ਗਈ ਸੀ। ਇਸੇ ਕਾਰਨ ਅਪ੍ਰੈਲ 2018 ਵਿਤ ਜਾਰਡਨ ਐਗਰੀਕਲਚਰਲ ਮਿਨਿਸਟਰੀ ਨੇ ਵੀ ਭਾਰਤ ਤੋਂ 270 ਟਨ ਬਾਸਮਤੀ ਦੇ ਆਰਡਰ ਨੂੰ ਠੁਕਰਾ ਦਿੱਤਾ। ਅਮਰੀਕਾ ਵੱਲੋਂ ਬੁਪਰੋਫੇਜਿਨ ਅਤੇ ਆਈਸੋਪ੍ਰੋਥਾਇਉਲੇਨ ਜ਼ਹਿਰਾਂ ਦੀ ਦਾਣਿਆਂ ਵਿਚਲੀ ਰਹਿੰਦ-ਖੂੰਹਦ ਦੀ ਹੱਦ (ਐੱਮਆਰਐੱਲ) 0.01 ਮਿਲੀਗ੍ਰਾਮ ਪ੍ਰਤੀ ਕਿੱਲੋ ਮਿੱਥੀ ਗਈ ਹੈ। ਇਸੇ ਤਰ੍ਹਾਂ ਯੂਰਪੀਅਨ ਸੰਘ ਨੇ ਜਨਵਰੀ 2018 ਤੋਂ ਟ੍ਰਾਈਸਾਈਕਲਾਜ਼ੋਲ ਜ਼ਹਿਰ ਦੀ ਬਾਸਮਤੀ ਵਿਚ ਰਹਿੰਦ-ਖੂੰਹਦ ਦੀ ਹੱਦ ਨੂੰ 100 ਗੁਣਾ ਘਟਾ ਕੇ 0.01 ਮਿਲੀਗ੍ਰਾਮ ਪ੍ਰਤੀ ਕਿੱਲੋ ਕਰ ਦਿੱਤਾ ਹੈ। ਜਾਰਡਨ ਐਗਰੀਕਲਚਰਲ





ਮਿਨਿਸਟਰੀ ਨੇ ਵੀ ਯੂਰਪੀਅਨ ਸੰਘ ਵੱਲੋਂ ਟ੍ਰਾਈਸਾਈਕਲਾਜ਼ੋਲ ਜ਼ਹਿਰ ਦੀ ਰਹਿੰਦ-ਖੂੰਹਦ ਦੀ ਹੱਦ ਲਈ ਮਿੱਥੇ ਗਏ ਪੈਮਾਨੇ ਨੂੰ ਲਾਗੂ ਕਰ ਲਿਆ ਹਨ। ਇਨ੍ਹਾਂ ਘਟਨਾਵਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਖੇਤੀ ਜ਼ਹਿਰਾਂ ਦੀ ਵਰਤੋਂ ਕਾਰਨ ਬਾਸਮਤੀ ਵਿਚ ਜ਼ਹਿਰਾਂ ਦੀ ਰਹਿੰਦ-ਖੂੰਹਦ ਮਿੱਥੇ ਹੋਏ ਪੱਧਰ ਤੋਂ ਵੱਧ ਹੋਣ ਕਾਰਨ ਇਸ ਦੀ ਬਰਾਮਦ ਉੱਪਰ ਮਾੜਾ ਅਸਰ ਪੈ ਰਿਹਾ ਹੈ।

## ਮਿਆਰੀ ਉਤਪਾਦਨ ਲਈ ਅਹਿਮ ਨੁਕਤੇ

ਕੀਟਨਾਸ਼ਕਾਂ, ਉੱਲਨਾਸ਼ਕਾਂ ਤੇ ਹੋਰ ਖੇਤੀ ਜ਼ਹਿਰਾਂ ਦੀ ਸੁਚੱਜੀ ਵਰਤੋਂ ਲਈ ਹੇਠ ਲਿਖੇ ਨੁਕਤੇ ਅਪਨਾ ਕੇ ਮਿਆਰੀ ਬਾਸਮਤੀ ਦੀ ਪੈਦਾਵਾਰ ਕੀਤੀ ਜਾ ਸਕਦੀ ਹੈ :

ਖੇਤ ਵਿਚ ਖੜ੍ਹੀ ਫ਼ਸਲ ਦਾ ਲਗਾਤਾਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਕੀੜੇ ਜਾਂ ਬਿਮਾਰੀ ਦੇ ਹਮਲੇ ਦਾ ਸਮੇਂ ਸਿਰ ਪਤਾ ਲਗਾਇਆ ਜਾ ਸਕੇ ਤੇ ਉਸ ਦੀ ਰੋਕਥਾਮ ਕੀਤੀ ਜਾ ਸਕੇ। ਕੀਟਨਾਸ਼ਕਾਂ ਜਾਂ ਉੱਲੀਨਾਸ਼ਕਾਂ ਦੀ ਵਰਤੋਂ ਵਿੱਤੀ ਨੁਕਸਾਨ ਦੇ ਪੱਧਰ (Economic threshold level) ਤੇ ਹੋਰ ਜ਼ਰੂਰੀ ਸਾਵਧਾਨੀਆਂ ਅਨੁਸਾਰ ਕਰੋ। ਚੰਗੇ ਨਤੀਜਿਆਂ ਲਈ ਖੇਤੀ ਜ਼ਹਿਰਾਂ ਦੀ ਵਰਤੋਂ ਸਿਫ਼ਾਰਸ਼ ਮਾਤਰਾ ਅਤੇ ਸਹੀ ਤਕਨੀਕ ਅਨੁਸਾਰ ਹੀ ਕਰੋ ਤਾਂ ਜੋ ਖ਼ੁਰਾਕੀ ਪਦਾਰਥਾਂ ਵਿਚ ਖੇਤੀ ਜ਼ਹਿਰਾਂ ਦੀ ਰਹਿੰਦ-ਖੂੰਹਦ ਦੀ ਮਾਤਰਾ ਨਾ ਵਧੇ। ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਵਰਤੋਂ ਸਿਫਾਰਸ਼ ਮਾਤਾਰ ਅਨੁਸਾਰ ਜਾਂ ਮਿੱਟੀ ਪਰਖ ਦੀ ਪਰਖ ਦੇ ਆਧਾਰ 'ਤੇ ਹੀ ਕਰੋ। ਇਨ੍ਹਾਂ ਦੀ ਵਧੇਰੇ ਵਰਤੋਂ ਨਾਲ ਫ਼ਸਲ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵਧਦਾ ਹੈ। ਸਿੰਥੈਟਿਕ ਪਰਿਥਰਾਇਡ ਗਰੁੱਪ ਦੇ ਕੀਟਨਾਸ਼ਕਾਂ (ਸਾਈਪਰਮੈਥਰਿਨ, ਸਾਈਫਲੂਥਰਿਨ ਆਦਿ) ਦੀ ਵਰਤੋਂ ਨਾ ਕਰੋ। ਇਸ ਨਾਲ ਰਸ ਚੂਸਣ ਵਾਲੇ ਕੀੜਿਆਂ (ਬੂਟਿਆਂ ਦੇ ਟਿੱਡੇ) ਦਾ ਹਮਲਾ ਵੱਧ ਜਾਂਦਾ ਹੈ। ਟ੍ਰਾਈਸਾਈਕਲਾਜ਼ੋਲ ਉੱਲੀਨਾਸ਼ਕ ਦੀ ਬਾਸਮਤੀ ਅਤੇ ਝੋਨੇ ਵਿਚ ਮਿੱਥੀ ਹੋਈ ਹੱਦ ਤੋਂ ਵਧੇਰੇ ਰਹਿੰਦ-ਖੂੰਹਦ, ਬਾਸਮਤੀ ਦੀ ਬਰਾਮਦ 'ਚ ਵੱਡਾ ਅੜਿੱਕਾ ਬਣ ਕੇ ਸਾਹਮਣੇ ਆ ਰਹੀ ਹੈ। ਇਸ ਲਈ ਬਾਸਮਤੀ ਵਿਚ ਭੁਰੜ ਰੋਗ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐੱਸਸੀ 200 ਮਿਲੀਲਿਟਰ ਨੂੰ 200 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਗੋਭ ਵੇਲੇ ਤੇ ਮੁੰਜਰਾਂ ਨਿਕਲਣੀਆਂ ਸ਼ੁਰੂ ਹੋਣ 'ਤੇ ਛਿੜਕਾਅ ਕਰੋ। ਫ਼ਸਲ ਦੇ ਪੱਕਣ ਸਮੇਂ ਆਖ਼ਰੀ ਦੋ-ਤਿੰਨ ਹਫ਼ਤੇ ਖੇਤੀ ਜ਼ਹਿਰਾਂ ਦੀ ਵਰਤੋਂ ਤੋਂ ਗੁਰੇਜ਼ ਕਰੋ। ਖੇਤੀ ਜ਼ਹਿਰਾਂ ਦੀ ਸੁਚੱਜੀ ਵਰਤੋਂ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਮਾਹਿਰਾਂ ਨਾਲ ਸੰਪਰਕ ਰੱਖੋ। ਬਾਸਮਤੀ 'ਚ ਖੇਤੀ ਜ਼ਹਿਰਾਂ ਦੀ ਰਹਿੰਦ-ਖੂੰਹਦ ਤੇ ਬਰਾਮਦ ਸਬੰਧੀ ਵੱਖ-ਵੱਖ ਦੇਸ਼ਾਂ ਦੇ ਨਿਯਮਾਂ ਬਾਰੇ ਜਾਣਕਾਰੀ ਜਾਣਕਾਰੀ 'ਅਪੇਡਾ' ਦੀ ਵੈੱਬਸਾਈਟ ਤੋਂ ਪ੍ਰਾਪਤ ਕਰੋ। •

### ਖੇਤੀ ਜ਼ਹਿਰਾਂ ਦੀ ਰੋਕਥਾਮ ਲਈ ਜ਼ਿੰਮੇਵਾਰ ਸੰਸਥਾਵਾਂ

*ਖੇਤੀ ਜ਼ਹਿਰਾਂ ਦੇ ਮਾੜੇ ਪ੍ਰਭਾਵ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ 'ਪੰਜਾਬ ਖੇਤੀਬਾੜੀ ਯੂਨੀਵਰਸਿਟੀ' ਲੁਧਿਆਣਾ ਵੱਲੋਂ 'ਸਰ ਰਤਨ ਟਾਟਾ ਟਰੱਸਟ' ਦੇ ਸਹਿਯੋਗ ਨਾਲ ਕਈ ਪ੍ਰੋਗਰਾਮ ਉਲੀਕੇ ਗਏ ਹਨ। ਇਸ ਤੋਂ ਇਲਾਵਾ 'ਐਗਰੀਕਲਚਰਲ ਐਂਡ ਪ੍ਰੋਸੈੱਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ' (APEDA) ਵੀ ਕਿਸਾਨਾਂ, ਸਨਅਤਕਾਰਾਂ ਤੇ ਸਬੰਧਤ ਵਿਭਾਗਾਂ ਨੂੰ ਇਸ ਬਾਰੇ ਜਾਣੂ ਕਰਵਾਉਣ ਲਈ ਯੂਨੀਵਰਸਿਟੀਆਂ, ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਅਤੇ ਖੇਤੀਬਾੜੀ ਵਿਭਾਗਾਂ ਦੇ ਸਹਿਯੋਗ ਨਾਲ ਸੂਬਾ ਪੱਧਰੀ ਵਰਕਸ਼ਾਪਾਂ ਕਰਵਾਉਂਦੀ ਹੈ। 'ਅਪੇਡਾ' ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪਹਿਲੀ ਨਵੰਬਰ 2017 ਤੋਂ ਬਾਅਦ ਭਾਰਤ ਤੋਂ ਯੂਰਪੀਅਨ ਸੰਘ ਨੂੰ ਐਕਸਪੋਰਟ ਕੀਤੀ ਜਾਣ ਵਾਲੀ ਬਾਸਮਤੀ ਵਿਚ ਵੱਖ-ਵੱਖ ਜ਼ਹਿਰਾਂ ਦੀ ਰਹਿੰਦ-ਖੂੰਹਦ ਲਈ ਟੈਸਟਿੰਗ 'ਬਾਸਮਤੀ ਐਕਸਪੋਰਟ ਡਿਵੈਲਪਮੈਂਟ ਫਾਊਂਡੇਸ਼ਨ' (BEDF), ਮੋਦੀਪੁਰਮ ਦੀ ਪ੍ਰਯੋਗਸ਼ਾਲਾਂ ਜਾਂ ਕਿਸੇ 'ਨੈਸ਼ਨਲ ਐਕਰੀਡਿਟੇਸ਼ਨ ਬੋਰਡ ਫਾਰ ਟੈਸਟਿੰਗ ਐਂਡ ਕੈਲੀਬਰੇਸ਼ਨ ਲੈਬੋਰੇਟਰੀ' (NABL) ਦੁਆਰਾ ਪ੍ਰਮਾਣਿਤ ਪ੍ਰਯੋਗਸ਼ਾਲਾ ਤੋਂ ਕਰਵਾਉਣੀ ਲਾਜ਼ਮੀ ਹੈ। ਬਾਸਮਤੀ ਦੀ ਬਰਾਮਦ ਜਾਂ ਐਕਸਪੋਰਟ ਸਬੰਧੀ ਮੌਜੂਦਾ ਸਖ਼ਤ ਨਿਯਮਾਂ ਨੂੰ ਧਿਆਨ 'ਚ ਰੱਖਦੇ ਹੋਏ ਜ਼ਹਿਰ-ਮੁਕਤ ਤੇ ਮਿਆਰੀ ਬਾਸਮਤੀ ਪੈਦਾ ਕਰਨ ਲਈ ਜ਼ਰੂਰੀ ਕਦਮ ਚੁੱਕਣੇ ਬੇਹੱਦ ਲਾਜ਼ਮੀ ਹਨ। ਬਰਾਮਦ ਕੀਤੀ ਜਾਣ ਵਾਲੀ ਮਿਆਰੀ ਤੇ ਜ਼ਹਿਰ-ਮੁਕਤ ਬਾਸਮਤੀ ਦੀ ਪੈਦਾਵਾਰ ਲਈ ਕਿਸਾਨਾਂ, ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ।*



## ਸੰਪਾਦਕੀ

### ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀਸੀਐੱਸ) ਵੱਲੋਂ 12,000 ਤੋਂ ਵੱਧ ਕਰਮਚਾਰੀਆਂ

ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀਸੀਐੱਸ) ਵੱਲੋਂ 12,000 ਤੋਂ ਵੱਧ ਕਰਮਚਾਰੀਆਂ ਜਾਂ ਆਪਣੇ ਲਗਭਗ 2 ਪ੍ਰਤੀਸ਼ਤ ਮੁਲਾਜ਼ਮਾਂ ਦੀ ਛਾਂਟੀ ਦਾ ਫ਼ੈਸਲਾ, ਅਜਿਹੇ ਸੰਕਟ ਦੀ ਝਲਕ ਹੈ ਜਿਸ ਦਾ ਕਰੀਬ ਹਰ ਖੇਤਰ ਨੂੰ ਆਪਣੀ ਲਪੇਟ ਵਿੱਚ ਲੈਣ ਦਾ ਖ਼ਦਸ਼ਾ ਹੈ। ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਕਾਰਨ ਆ ਰਹੀ ਤਿੱਖੀ ਤਕਨੀਕੀ ਤਬਦੀਲੀ ਅਤੇ ਮੰਗ ਦਾ ਉਤਰਾਅ-ਚੜ੍ਹਾਅ ਭਾਰਤ ਦੇ ਪ੍ਰਸਿੱਧ ਆਈਟੀ (ਸੂਚਨਾ ਤਕਨੀਕ) ਸੇਵਾਵਾਂ ਖੇਤਰ ਨੂੰ ਢਾਂਚਾਗਤ ਤਬਦੀਲੀਆਂ ਕਰਨ ਲਈ ਮਜਬੂਰ ਕਰ ਰਿਹਾ ਹੈ। ਟੀਸੀਐੱਸ ਦਾ ਦਾਅਵਾ ਹੈ ਕਿ ਨੌਕਰੀਆਂ ਵਿੱਚ ਕਟੌਤੀ ਦਾ ਕਾਰਨ ਲੋੜੀਂਦੇ ਹੁਨਰਾਂ ਦੀ ਘਾਟ ਹੈ ਤੇ ਇਸ ਦੇ ਵਿਕਸਤ ਹੋ ਰਹੇ ਕਾਰੋਬਾਰੀ ਮਾਡਲ ਵਿੱਚ ਕੁਝ ਕਰਮਚਾਰੀਆਂ ਦੀ ਦੁਬਾਰਾ ਤਾਇਨਾਤੀ ਸੰਭਵ ਨਹੀਂ ਹੈ। ਇਸ ਦੇ ਸੀਈਓ (ਮੁੱਖ ਕਾਰਜਕਾਰੀ ਅਧਿਕਾਰੀ) ਦਾ ਇਹ ਦਾਅਵਾ ਕਿ ਨੌਕਰੀਆਂ ਵਿੱਚ ਛਾਂਟੀ ਲਈ ਏਆਈ ਜ਼ਿੰਮੇਵਾਰ ਨਹੀਂ ਹੈ, ਉਦਯੋਗ ਜਗਤ ਜਾਂ ਵੱਖ-ਵੱਖ ਬਾਜ਼ਾਰਾਂ ਨੂੰ ਸ਼ਾਂਤ ਕਰਨ ਲਈ ਕਾਫ਼ੀ ਨਹੀਂ ਹੈ। ਲਾਗਤ ਘਟਾਉਣ ਦੀਆਂ ਪਹਿਲਕਦਮੀਆਂ ਤਹਿਤ ਹੋਰਨਾਂ ਆਈਟੀ ਕੰਪਨੀਆਂ ਵਿੱਚ ਵੀ ਛਾਂਟੀ ਹੋ ਸਕਦੀ ਹੈ। ਏਆਈ ਹੁਣ ਬੁਨਿਆਦੀ ਰੂਪ ਵਿੱਚ ਕਾਰੋਬਾਰੀ ਨਿਯਮ ਦੁਬਾਰਾ ਲਿਖ ਰਹੀ ਹੈ। ਇਨ੍ਹਾਂ ਹਾਲਾਤ ਵਿੱਚ ਭਵਿੱਖ ਲਈ ਕੀ ਤਿਆਰੀ ਰੱਖੀ ਜਾਵੇ, ਇਹ ਹਰ ਕਾਰੋਬਾਰੀ ਉੱਦਮ ਦੇ ਏਜੰਡੇ ਵਿੱਚ ਸਭ ਤੋਂ ਉੱਤੇ ਹੋਣਾ ਚਾਹੀਦਾ ਹੈ। ਇਸ ਨਵੀਂ ਹਕੀਕਤ ਨੂੰ ਦੇਖਦਿਆਂ ਇਹ ਸਵਾਲ ਜਿਹੜਾ ਬਹੁਤ ਫ਼ਿਕਰਮੰਦ ਕਰਦਾ ਹੈ- ਉਹ ਹੈ: ਕੀ ਇਹ ਤਕਨੀਕੀ ਤਬਦੀਲੀ ਕਰਮਚਾਰੀਆਂ ਦੀ ਕੀਮਤ ’ਤੇ ਹੋਣੀ ਜ਼ਰੂਰੀ ਹੈ? ਟੀਸੀਐੱਸ ਨੇ ਏਆਈ ਹੁਨਰਾਂ ਤੇ ਸਿਖਲਾਈ ਵਿੱਚ ਵੱਡਾ ਨਿਵੇਸ਼ ਕੀਤਾ ਹੈ, ਫਿਰ ਵੀ ਬਹੁਤ ਸਾਰੇ ਦਰਮਿਆਨੇ ਤੋਂ ਸੀਨੀਅਰ ਪੱਧਰ ਦੇ ਕਰਮਚਾਰੀਆਂ ਨੂੰ ਬਰਕਰਾਰ ਰੱਖਣ ਵਿੱਚ ਇਹ ਕੰਪਨੀ ਅਸਮਰੱਥ ਹੈ। ਇਹ ਸਾਹਮਣੇ ਆਉਣਾ ਕਿ ਤਕਨੀਕ ਦੇ ਨਵੇਂ ਹੁਨਰਾਂ ਨਾਲ ਲੈਸ ਹੋਣਾ ਵੀ ਹਮੇਸ਼ਾ ਕੰਮ ਨਹੀਂ ਆਉਂਦਾ, ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਡਰਾਉਣਾ ਦ੍ਰਿਸ਼ ਸਾਹਮਣੇ ਆ ਰਿਹਾ ਹੈ ਜਿੱਥੇ ਕਾਰੋਬਾਰ, ਭਾਵੇਂ ਵੱਡੇ ਜਾਂ ਛੋਟੇ, ਪਿੱਛੇ ਰਹਿਣ ਦੇ ਡਰੋਂ ਨਵੇਂ ਮਾਡਲਾਂ ਨੂੰ ਅੰਨ੍ਹੇਵਾਹ ਅਪਣਾ ਰਹੇ ਹਨ। ਬੇਯਕੀਨੀ ਵਾਲੇ ਇਨ੍ਹਾਂ ਸਮਿਆਂ ਵਿੱਚ ਜੇ ਕੋਈ ਉਮੀਦ ਹੈ ਤਾਂ ਉਹ ਸਾਲਾਂ ਤੋਂ ਭਾਰਤ ਵੱਲੋਂ ਵੱਡੇ ਪੱਧਰ ’ਤੇ ਕੀਤੀ ਜਾ ਰਿਹਾ ਤਕਨੀਕੀ ਪਰਿਵਰਤਨ ਹੈ- ਹਰੇਕ ਸਮਾਜਿਕ ਤੇ ਆਰਥਿਕ ਪੱਧਰ ’ਤੇ ਡਿਜੀਟਲ ਤਬਦੀਲੀ ਨੂੰ ਅਪਣਾਇਆ ਗਿਆ ਹੈ। ਏਆਈ ਅਪਨਾਉਣ ਲਈ ਵੀ ਉਸੇ ਤਰ੍ਹਾਂ ਦੇ ਢਾਂਚਾਗਤ, ਨਿਯਮਤ, ਪ੍ਰਾਈਵੇਟ-ਸਰਕਾਰੀ ਖੇਤਰ ਦੇ ਸਹਿਯੋਗ ਦੀ ਲੋੜ ਪਵੇਗੀ। ਸੰਖੇਪ ਵਿੱਚ ਕਿਹਾ ਜਾਵੇ ਤਾਂ ਇਹ ਅਜਿਹੀ ਭਾਰਤੀ ਪਹੁੰਚ ਹੈ ਜੋ ਮਾਨਵੀ ਸਰੋਤ ਅਤੇ ਤਬਦੀਲੀ ਅਪਨਾਉਣ ਦੀ ਇਸ ਦੀ ਸਮਰੱਥਾ ਦੀ ਕਦਰ ਕਰਦੀ ਹੈ। ਭਾਰਤ ਵਿੱਚ ਵਧ ਰਿਹਾ ਬੇਰੁਜ਼ਗਾਰੀ ਦਾ ਸੰਕਟ ਲਗਾਤਾਰ ਦਖ਼ਲ ਮੰਗਦਾ ਹੈ। ਹਰਿਆਣਾ ਸਟਾਫ ਸਿਲੈਕਸ਼ਨ ਕਮਿਸ਼ਨ ਦੇ ਦੋ-ਰੋਜ਼ਾ ਟੈਸਟ ਵਿੱਚ ਦੇਖੀ ਗਈ ਰਿਕਾਰਡ ਹਾਜ਼ਰੀ ਬੇਰੁਜ਼ਗਾਰੀ ਦੇ ਪੈਮਾਨੇ ਅਤੇ ਮੌਕਿਆਂ ਦੀ ਘਾਟ ਦੀ ਯਾਦ ਦਿਵਾਉਂਦੀ ਹੈ। ਆਬਾਦੀ ਦਾ ਅਜੇ ਤੱਕ ਲਾਭ ਨਹੀਂ ਲਿਆ ਜਾ ਸਕਿਆ, ਬਲਕਿ ਇਹ ਗਰਾਫ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ।

### ਟਰੈਫਿਕ ਤੇ ਪ੍ਰਦੂਸ਼ਣ ਕਾਰਨ ਗੁਰੂਗ੍ਰਾਮ ਦਾ ਹਾਲ

ਗੁਰੂਗ੍ਰਾਮ ਦਾ ਦਮ ਘੁਟ ਰਿਹਾ ਹੈ- ਟਰੈਫਿਕ ਜਾਂ ਪ੍ਰਦੂਸ਼ਣ ਕਰ ਕੇ ਨਹੀਂ, ਸਗੋਂ ਕੂੜੇ ਅਤੇ ਪ੍ਰਸ਼ਾਸਕੀ ਲਾਪਰਵਾਹੀ ਕਾਰਨ। ‘ਗ਼ੈਰ-ਕਾਨੂੰਨੀ ਪਰਵਾਸੀਆਂ’ ਵਿਰੁੱਧ ਕਾਰਵਾਈ ਦੇ ਨਾਂ ’ਤੇ ਪੁਲੀਸ ਵੱਲੋਂ ਕੀਤੀ ਗਈ ਸਖ਼ਤੀ ਨੇ ਮਾਨਵੀ ਅਤੇ ਨਾਗਰਿਕ ਸੰਕਟ ਪੈਦਾ ਕਰ ਦਿੱਤਾ ਹੈ। ਸੈਂਕੜੇ ਬੰਗਾਲੀ ਭਾਸ਼ਾਈ ਪਰਵਾਸੀ ਮਜ਼ਦੂਰ (ਜ਼ਿਆਦਾਤਰ ਅਸਾਮ ਤੇ ਪੱਛਮੀ ਬੰਗਾਲ ਤੋਂ) ਰਾਤੋ-ਰਾਤ ਸ਼ਹਿਰ ਛੱਡ ਕੇ ਭੱਜ ਗਏ ਹਨ, ਜਿਨ੍ਹਾਂ ਨੂੰ ਪ੍ਰੇਸ਼ਾਨ ਕੀਤੇ ਜਾਣ, ਪੱਖਪਾਤੀ ਨਜ਼ਰਬੰਦੀ ਅਤੇ ਕਾਨੂੰਨੀ ਸਹਾਇਤਾ ਨਾ ਮਿਲਣ ਦਾ ਡਰ ਸਤਾ ਰਿਹਾ ਸੀ। ਨਤੀਜੇ ਵਜੋਂ ਸ਼ਹਿਰ ਵਿੱਚ ਕੂੜੇ ਦੇ ਢੇਰ ਲੱਗ ਗਏ ਹਨ ਅਤੇ ਸ਼ਹਿਰ ਦੀ ਹਾਲਤ ਮਾੜੀ ਹੋ ਗਈ ਹੈ। ਇਹ ਪਰਵਾਸ ਗੁਰੂਗ੍ਰਾਮ ਪੁਲੀਸ ਵੱਲੋਂ ਅਣਅਧਿਕਾਰਤ ਬੰਗਲਾਦੇਸ਼ੀ ਪਰਵਾਸੀਆਂ ਦੀ ਸ਼ਨਾਖ਼ਤ ਦੀ ਮੁਹਿੰਮ ਵਿੱਢਣ ਤੋਂ ਬਾਅਦ ਹੋਇਆ ਹੈ। ਲਗਭਗ 250 ਤੋਂ ਵੱਧ ਜਣਿਆਂ ਵਿੱਚੋਂ, ਸਿਰਫ਼ 10 ਦੀ ਹੀ ਬੰਗਲਾਦੇਸ਼ੀ ਪਰਵਾਸੀਆਂ ਵਜੋਂ ਪੁਸ਼ਟੀ ਹੋਈ ਸੀ। ਬਾਕੀਆਂ ਨੂੰ ਹਾਲਾਂਕਿ ਰਿਹਾਅ ਕਰ ਦਿੱਤਾ ਗਿਆ, ਪਰ ਜਿਹੜਾ ਨੁਕਸਾਨ ਹੋਣਾ ਸੀ, ਉਹ ਪਹਿਲਾਂ ਹੀ ਹੋ ਚੁੱਕਾ ਸੀ। ਇਹ ਗੱਲ ਫੈਲ ਗਈ, ਡਰ ਹੋਰ ਜਿ ?ਆਦਾ ਗਹਿਰਾ ਹੋ ਗਿਆ ਅਤੇ ਸ਼ਹਿਰ ਦੀ ਅਤਿ ਮਹੱਤਵਪੂਰਨ ਪਰ ਆਮ ਤੌਰ ’ਤੇ ਅਦ੍ਰਿਸ਼ ਰਹਿਣ ਵਾਲੀ ਕਿਰਤ ਸ਼ਕਤੀ- ਸਫ਼ਾਈ ਕਰਮਚਾਰੀ, ਘਰੇਲੂ ਕੰਮਕਾਜ ਕਰਨ ਵਾਲੇ ਤੇ ਦਿਹਾੜੀਦਾਰ ਮਜ਼ਦੂਰ- ਰਾਤੋ-ਰਾਤ ਸ਼ਹਿਰ ਵਿੱਚੋਂ ਗਾਇਬ ਹੋ ਗਏ। ਨਜ਼ਰਬੰਦੀ ਕੈਂਪਾਂ ਅਤੇ ਕੇਂਦਰਾਂ ਨੇ ਹੋਰ ਕੁਝ ਨਹੀਂ ਬਲਕਿ ਮਾੜੇ ਰਿਕਾਰਡ ਤੇ ਬਦਸਲੂਕੀ ਦੇ ਡਰ ਨੂੰ ਹੀ ਹੋਰ ਪੱਕਾ ਕੀਤਾ ਹੈ।

ਇਹ ਸੰਕਟ ਦੋ ਅਸਹਿਜ ਸਚਾਈਆਂ ਨੂੰ ਉਭਾਰਦਾ ਹੈ। ਪਹਿਲਾ, ਸ਼ਹਿਰੀ ਮੱਧਵਰਗ ਆਪਣੇ ਬੁਨਿਆਦੀ ਕੰਮਾਂ- ਸਾਫ਼ ਸੜਕਾਂ, ਪੱਕੇ ਹੋਏ ਭੋਜਨ, ਨਿਰਮਾਣ ਕਾਰਜਾਂ ਲਈ- ਅਸਥਿਰ ਪਰਵਾਸੀ ਅਰਥਚਾਰੇ ’ਤੇ ਨਿਰਭਰ ਕਰਦਾ ਹੈ ਤੇ ਦੂਜਾ, ਉਹੀ ਅਰਥਚਾਰਾ ਉਦੋਂ ਬੇਰਹਿਮੀ ਨਾਲ ਬੇਅਰਥ ਹੋ ਜਾਂਦਾ ਹੈ ਜਦੋਂ ਰਾਜਨੀਤਕ ਪੈਂਤੜੇਬਾਜ਼ੀ ਜਾਂ ਲੋਕ ਲੁਭਾਉਣੇ ਉਪਾਅ ਕਿਸੇ ਦੀ ਬਲੀ ਮੰਗਦੇ ਹਨ। ਅਣਅਧਿਕਾਰਤ ਪਰਵਾਸੀਆਂ ਅਤੇ ਭਾਰਤੀ ਨਾਗਰਿਕਾਂ ਵਿਚਕਾਰ ਨੈਤਿਕ ਅਤੇ ਕਾਨੂੰਨੀ ਫ਼ਰਕ ਨੂੰ ਬਾਕਾਇਦਾ ਜਾਂਚਿਆ ਜਾਣਾ ਚਾਹੀਦਾ ਹੈ, ਪਰ ਇਸ ਸਬੰਧੀ ਪੂਰਾ ਧਿਆਨ ਰੱਖਿਆ ਜਾਵੇ ਕਿ ਇਹ ਕਾਨੂੰਨੀ ਪ੍ਰਕਿਰਿਆ ਇੱਜ਼ਤ-ਮਾਣ ਅਤੇ ਸ਼ਿਸ਼ਟਾਚਾਰ ਦੀ ਕੀਮਤ ’ਤੇ ਅਮਲ ਵਿੱਚ ਨਾ ਲਿਆਂਦੀ ਜਾਵੇ। ਭਾਸ਼ਾਈ ਜਾਂ ਨਸਲੀ ਪਛਾਣ ’ਤੇ ਆਧਾਰਿਤ ਕਾਰਵਾਈਆਂ ਸਮਾਜਿਕ ਤਾਣੇ-ਬਾਣੇ ਨੂੰ ਖੋਰਾ ਲਾਉਂਦੀਆਂ ਹਨ। ਪਰਵਾਸੀ ਮਜ਼ਦੂਰ ਭਾਵੇਂ ਸਰਹੱਦ ਪਾਰੋਂ ਜਾਂ ਕਿਸੇ ਹੋਰ ਰਾਜ ਤੋਂ ਹੋਣ, ਮਾਨਵੀ ਸਲੂਕ ਦੇ ਹੱਕਦਾਰ ਹਨ; ਸ਼ੱਕ ਦੇ ਨਹੀਂ। ਗੁਰੂਗ੍ਰਾਮ ਪ੍ਰਸ਼ਾਸਨ ਦਾ ਬਾਅਦ ਵਿੱਚ ਕਾਰਵਾਈ ਨੂੰ ਰੋਕਣ ਦਾ ਫ਼ੈਸਲਾ ਸੰਕੇਤ ਕਰਦਾ ਹੈ ਕਿ ਨੁਕਸਾਨ ਘਟਾਉਣ ਦੀ ਕੋਸ਼ਿਸ਼ ਹੋਈ ਹੈ, ਪਰ ਹੋ ਸਕਦਾ ਹੈ ਕਿ ਹੁਣ ਬਹੁਤ ਦੇਰ ਹੋ ਗਈ ਹੋਵੇ। ਜੇ ਸਾਡੇ ਸ਼ਹਿਰ ਕਾਰਜਸ਼ੀਲ ਅਤੇ ਨਿਆਂਸੰਗਤ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਹਰ ਹਾਲ ਮਹਿਸੂਸ ਕਰਨਾ ਪਵੇਗਾ ਕਿ ਸਲਾਮਤੀ ਮਨੁੱਖਤਾ ਦੀ ਕੀਮਤ ’ਤੇ ਸੰਭਵ ਨਹੀਂ ਹੋ ਸਕਦੀ। ਪਰਵਾਸੀ ਸਮੱਸਿਆ ਨਹੀਂ ਹਨ। ਸਮੱਸਿਆ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਵਾਜਬੀਅਤ ਅਤੇ ਪਛਾਣ ਵਿਚਲਾ ਫ਼ਰਕ ਸਮਝਣ ਵਿੱਚ ਉੱਕਾ ਹੀ ਨਾਕਾਮ ਹੋਣਾ। ਇਹ ਬਹੁਤ ਸੰਵੇਦਨਸ਼ੀਲ ਮਸਲੇ ਹਨ, ਇਨ੍ਹਾਂ ਨੂੰ ਸਿਆਸਤ ਦੀ ਤੱਕੜੀ ਵਿੱਚ ਤੋਲਣਾ ਠੀਕ ਨਹੀਂ। ਉਂਝ ਵੀ ਅਜਿਹੇ ਮਾਮਲਿਆਂ ਵਿੱਚ ਸਭ ਤੋਂ ਵੱਧ ਮਾਰ ਹੇਠਲੇ ਤਬਕੇ ਦੇ ਲੋਕਾਂ ਨੂੰ ਪੈਂਦੀ ਹੈ ਜਿਨ੍ਹਾਂ ਨੂੰ ਜੀਵਨ ਦੀ ਭਾਰਤੀ ਗੱਡੀ ਖਿੱਚਣ ਲਈ ਬਹੁਤ ਜੱਦੋਜਹਿਦ ਕਰਨੀ ਪੈਂਦੀ ਹੈ।

## ਬੇਬੇ ਨਾਨਕੀ ਸੇਵਾ ਸੁਸਾਇਟੀ ਵੱਲੋਂ ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ 28 ਸਤੰਬਰ ਨੂੰ

**ਮਾਛੀਵਾੜਾ ਸਾਹਿਬ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਬੇਬੇ ਨਾਨਕੀ ਸੇਵਾ ਸੋਸਾਇਟੀ ਦੇ ਪ੍ਰਧਾਨ ਭਾਈ ਬੂਟਾ ਸਿੰਘ ਈਸਾਪੁਰ ਵਾਲਿਆਂ ਵੱਲੋਂ ਸਮਾਜ ਵਿੱਚ ਲੋੜਵੰਦਾਂ ਲਈ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਬੇਗਮਪੁਰ ਨੇੜੇ ਨਵਾਂਸ਼ਹਿਰ ਵਿਖੇ 28 ਸਤੰਬਰ ਦਿਨ ਐਤਵਾਰ ਨੂੰ ਲੋੜਵੰਦ ਧੀਆਂ ਦੇ ਆਨੰਦ ਕਾਰਜ ਸਮੂਹ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ। ਇਸ ਕਾਰਜ ਦੌਰਾਨ ਧੀਆਂ ਨੂੰ ਜੋ ਵੀ ਵਿਆਹ ਦੌਰਾਨ ਸਮਾਨ ਦਿੱਤਾ ਜਾਂਦਾ ਹੈ ਕੋਈ ਵੀ ਦਾਨੀ ਸੱਜਣ ਆਪਣੀ ਸਮਰੱਥਾ ਅਨੁਸਾਰ ਉਹ ਦਾਨ ਦੇ ਸਕਦਾ ਹੈ।

ਇਹ ਜੋ ਕਾਰਜ ਹਨ ਸੰਗਤਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਨੇਪਰੇ ਚੜਦੇ ਹਨ। ਇਸ ਸਮਾਗਮ ਦੌਰਾਨ ਮੈਡੀਕਲ ਚੈਕ ਅਪ ਕੈਂਪ ਫਰੀ ਲਗਾਇਆ ਜਾਵੇਗਾ ਅਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਭਾਈ ਬੂਟਾ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਲੋੜਵੰਦ ਲੜਕੀ ਦਾ ਵਿਆਹ ਕਾਰਜ ਹੋਵੇ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ। ਉਹਨਾਂ ਨੇ ਕਿਹਾ ਕਿ ਇਸ ਵਿੱਚ ਵਿਸ਼ੇਸ਼ ਸਹਿਯੋਗ ਬੇਬੇ ਨਾਨਕੀ ਸੇਵਾ ਸੋਸਾਇਟੀ, ਸਮੂਹ ਨੌਜਵਾਨ ਸਭਾ ਗੁਰਦੁਆਰਾ ਪ੍ਰਬੰਧਕ ਕਮੇਟੀ ਬੇਗਮਪੁਰ ਅਤੇ ਸਮੂਹ ਨਗਰ ਪੰਚਾਇਤ। ਇਸ ਤੋਂ ਇਲਾਵਾ ਬਾਬਾ ਸ਼ੁੱਧ ਸਿੰਘ ਜੀ ਟੂਸੇ ਵਾਲੇ ਅਤੇ ਬਾਬਾ ਗੁਰਮੇਲ ਸਿੰਘ ਜੀ ਚਮਕੌਰ ਸਾਹਿਬ ਲੰਗਰਾਂ ਵਾਲੇ ਵਿਸ਼ੇਸ਼ ਤੌਰ ਤੇ ਧੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਲੋੜਵੰਦ ਧੀ ਦਾ ਵਿਆਹ ਕਰਵਾਕੇ ਪੁਲਿਸ ਅਫਸਰ ਨੇ ਪੇਸ਼ ਕੀਤੀ ਇਨਸਾਨੀਅਤ ਦੀ ਮਿਸਾਲ

**ਅੰਮ੍ਰਿਤਸਰ 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਥੇ ਅਕਸਰ ਪੁਲਿਸ ਅਧਿਕਾਰੀਆਂ ਬਾਰੇ ਨਕਾਰਾਤਮਕ ਖ਼ਬਰਾਂ ਸਾਹਮਣੇ ਆਉਂਦੀਆਂ ਹਨ, ਉਥੇ ਅੰਮ੍ਰਿਤਸਰ ਵਿਖੇ ਤਾਇਨਾਤ ਇੱਕ ਪੁਲਿਸ ਮੁਲਾਜ਼ਮ ਨੇ ਇਨਸਾਨੀਅਤ ਅਤੇ ਭਲਾਈ ਦੀ ਉਚੀ ਮਿਸਾਲ ਪੇਸ਼ ਕਰਦਿਆਂ ਸਮਾਜ ਵਿੱਚ ਨਵੀਂ ਉਮੀਦ ਜਨਮ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਉਕਤ ਪੁਲਿਸ ਅਫਸਰ ਨੇ ਇੱਕ ਐਸੀ ਲੋੜਵੰਦ ਧੀ ਦਾ ਵਿਆਹ ਕਰਵਾਇਆ, ਜਿਸ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਉਸ ਦੀ ਪਰਵਰਿਸ਼ ਚਾਚਾ ਜੀ ਕਰ ਰਹੇ ਸਨ, ਪਰ ਚਾਚਾ ਦੀ ਵੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ।



ਕੁੜੀ ਪੂਰੀ ਤਰ੍ਹਾਂ ਅਸਹਾਇ ਹੋ ਚੁੱਕੀ ਸੀ।

ਜਦੋਂ ਇਹ ਜਾਣਕਾਰੀ ਅੰਮ੍ਰਿਤਸਰ ਦੇ ਇੱਕ ਨਿੱਜੀ ਪੁਲਿਸ ਅਧਿਕਾਰੀ ਨੂੰ ਮਿਲੀ, ਤਾਂ ਉਨ੍ਹਾਂ ਨੇ ਆਪਣੇ ਪੈਸਿਆਂ ਅਤੇ ਕੋਸ਼ਿਸ਼ਾਂ ਨਾਲ ਇਸ ਕੁੜੀ ਦਾ ਵਿਆਹ ਕਰਵਾਇਆ। ਇਹ ਕੋਈ ਪਹਿਲਾ ਵਾਰ ਨਹੀਂ, ਉਕਤ ਪੁਲਿਸ ਅਧਿਕਾਰੀ ਪਿਛਲੇ ਸਮੇਂ ਦੌਰਾਨ ਵੀ ਟਰੈਫਿਕ ਸੁਰੱਖਿਆ ਸੰਬੰਧੀ ਜਾਗਰੂਕਤਾ, ਹੈਲਮੈਟ ਵੰਡਣ ਅਤੇ ਪਿਆਰ ਭਰੇ ਅੰਦਾਜ਼ ਵਿੱਚ ਲੋਕਾਂ ਨੂੰ ਨਿਯਮ ਸਮਝਾਉਣ ਵਰਗੇ ਕਈ ਭਲਾਈ ਦੇ ਕੰਮ ਕਰ ਚੁੱਕੇ ਹਨ।

ਸਮਾਜਿਕ ਸਰਗਰਮੀਆਂ ‘ਚ ਹਮੇਸ਼ਾ ਅੱਗੇ ਰਹਿਣ ਵਾਲੇ ਇਸ ਪੁਲਿਸ ਅਫਸਰ ਦੀ ਭਲਾਈ ਦੀ ਕਾਰਗੁਜ਼ਾਰੀ ਨੂੰ ਲੋਕਾਂ ਵੱਲੋਂ ਬੇਹੱਦ ਸਰਾਹਿਆ ਜਾ ਰਿਹਾ ਹੈ।

ਲੋਕਾਂ ਨੇ ਮੰਗ ਕੀਤੀ ਹੈ ਕਿ ਐਸੇ ਪੁਲਿਸ ਮੁਲਾਜ਼ਮਾਂ ਨੂੰ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ ਜੋ ਆਪਣੇ ਫਰਜ਼ ਤੋਂ ਉੱਪਰ ਚੜ੍ਹਕੇ ਇਨਸਾਨੀਅਤ ਨਿਭਾਉਂਦੇ ਹਨ।

## ਨਸ਼ਿਆਂ ਦੇ ਪਸਾਰੇ ਤੋਂ ਦੁੱਖੀ ਹੋ ਕੇ ਵਿਦੇਸ਼ਾਂ ਚ ਜਾਣ ਦਾ ਰੁਝਾਨ ਕਾਫ਼ੀ ਰੁੱਕਿਆ : ਧਾਲੀਵਾਲ

**ਅੰਮ੍ਰਿਤਸਰ 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜਨਾਲਾ ਤੋਂ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਸਾਬਕਾ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਵਲੋਂ ਹਲਕੇ ਵਿਖੇ ਸੈਲਫ ਡਿਫੈਂਸ ਕਮੇਟੀਆਂ , ਗ੍ਰਾਮ ਪੰਚਾਇਤਾਂ, ਸਮਾਜ ਸੇਵੀ ਸੰਸਥਾਵਾਂ ਤੇ ਯੂਥ ਕਲੱਬਾਂ ਦੀ ਭਰਵੀਂ ਸ਼ਮੂਲੀਅਤ ਨਾਲ ਕੰਦੋਵਾਲੀ, ਸੰਤੂ ਨੰਗਲ, ਪਠਾਨ ਨੰਗਲ, ਤੇ ਚੇਤਨਪੁਰਾ ਪਿੰਡਾਂ ਚ ਕਰਵਾਈਆਂ ਗਈਆਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਪ੍ਰਭਾਵਸ਼ਾਲੀ ਰੈਲੀਆਂ ਦੌਰਾਨ ਸਮੂਹ ਹਾਜ਼ਰੀਨ, ਜਿਨ੍ਹਾਂ ਚ ਨੌਜੁਆਨਾ ਤੇ ਔਰਤਾਂ ਵੀ ਵੱਡੀ ਗਿਣਤੀ ਚ ਸ਼ਾਮਲ ਸਨ, ਨੂੰ ਨਸ਼ਿਆਂ ਦੇ ਖਾਤਮੇ ਲਈ ਛੇੜੀ ਗਈ ਜੰਗ ਦਾ ਪ੍ਰਮੁੱਖ ਹਿੱਸਾ ਬਣਨ ਲਈ ਸਮੂਹਿਕ ਸਹੁੰ ਚੁਕਵਾਈ।

ਰੈਲੀਆਂ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਸ.ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਗੁਰੂਆਂ , ਪੀਰਾਂ, ਫਕੀਰਾਂ ਦੀ ਪਵਿੱਤਰ ਧਰਤੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢਿਆ ਯੁੱਧ ਨਸ਼ਿਆਂ ਵਿਰੁੱਧ ਫੈਸਲਾਕੁੰਨ ਦੌਰ ‘ਚ ਪੁੱਜ ਚੁੱਕਾ ਹੈ। 23 ਹਜਾਰ ਦੇ ਕਰੀਬ ਤਸਕਰਾਂ ਨੂੰ ਰੰਗੇ ਹੱਥੀ ਦਬੋਚ ਕੇ ਵੱਡੀ ਮਾਤਰਾ ‘ਚ ਨਸ਼ੀਲੇ ਪਦਾਰਥਾਂ ਸਣੇ 12 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਬਰਾਮਦ ਕੀਤੇ ਜਾਣ ਨਾਲ ਨਸ਼ਾ ਤਸਕਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਜਾਣ ਲਈ ਵੀ ਮਜਬੂਰ ਹੋ ਰਹੇ ਹਨ।

ਸੂਬਾ ਮਾਨ ਸਰਕਾਰ ਵਲੋਂ ਨਿਸ਼ਾਨਾ ਮਿੱਥ ਕੇ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਮਿਲ ਰਹੇ ਸਾਰਥਿਕ ਨਤੀਜਿਆਂ ਤੋਂ ਮਾਵਾਂ ਨੂੰ ਆਪਣੇ ਪੁੱਤ, ਭੈਣਾਂ ਨੂੰ ਭਰਾ ਅਤੇ ਪਤਨੀ ਨੂੰ ਆਪਣੇ ਪਤੀ ਦੇ ਨਸ਼ਿਆਂ ਤੋਂ ਬੱਚ ਜਾਣ ਦੀ ਪੱਕੀ ਉਮੀਦ ਬੱਝ ਗਈ ਹੈ ਅਤੇ ਨਸ਼ਿਆਂ ਦੇ ਪ੍ਰਕੋਪ ਦੀ ਚੁੰਗਲ ‘ਚੋਂ ਬਚਾਉਣ ਲਈ ਘਰ, ਜ਼ਮੀਨਾਂ ਵੇਚ ਕੇ ਲੱਖਾਂ ਰੁਪਏ ਖਰਚ ਕਰਕੇ ਮਾਪਿਆਂ ਵਲੋਂ ਟਰੈਵਲ ਏਜੰਟਾਂ ਰਾਹੀਂ ਬੱਚਿਆਂ ਨੂੰ ਕਾਨੂੰਨੀ ਤੇ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਚ ਭੇਜਣ ਦੀ ਤਿੱਖੀ ਚੱਲ ਰਹੀ ਰਫ਼ਤਾਰ ਨੂੰ ਠੱਲ ਪਈ ਹੈ, ਜਿਸਦਾ ਪ੍ਰਤੱਖ ਪਰਮਾਣ ਆਈਲਟਸ ਕਰਨ ਪਿੱਛੋਂ ਵਿਦੇਸ਼ਾਂ ਵੱਲ ਉਡਾਰੀ ਭਰਨ ਲਈ ਨੌਜੁਆਨਾਂ ਵਲੋਂ ਬੈਂਕਾਂ ਤੋਂ ਲਏ ਜਾਂਦੇ ਕਰਜ਼ੇ ਦੇ ਅੰਕੜੇ ਚ 3 ਫ਼ੀਸਦ ਗਿਰਾਵਟ ਦਰਜ ਹੋਈ ਹੈ ਅਤੇ ਅੰਕੜਿਆਂ ਚ ਆਈ ਗਿਰਾਵਟ ਕੌਮੀ ਪੱਧਰ ਤੇ ਬੈਂਕਾਂ ਦੇ ਜਾਰੀ ਹੋਏ ਕਰਜ਼ਿਆਂ ਚ ਦਰਸਾਏ ਗਏ ਹਨ ,ਨੌਜੁਆਨ ਹੁਣ ਵਿਦੇਸ਼ਾਂ ਲਈ ਪਰਵਾਸ ਦੀ ਉਡਾਣ ਭਰਨ ਦੀ ਬਜਾਏ ਪੰਜਾਬ ਚ ਨੌਕਰੀਆਂ ਸਣੇ ਆਪਣੇ ਕੰਮ ਧੰਦੇ ਖੋਲ੍ਹਣ ਵੱਲ ਤੁਰ ਪਏ ਹਨ, ਜੋ ਸਰਕਾਰ ਦੀ ਇਕ ਮਹੱਤਵਪੂਰਨ ਪ੍ਰਾਪਤੀ ਹੈ।

ਉਹਨਾਂ ਨੇ ਯੁੱਧ ਨਸ਼ਿਆਂ ਵਿਰੁੱਧ ਹਿੱਕ ਠੋਕ ਕੇ ਮਾਣ ਮੱਤੀਆਂ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ ਤੇ ਜਿਕਰ ਕੀਤਾ ਅਤੇ ਕਿਹਾ ਕਿ ਪਹਿਲੀ ਮਾਰਚ ਤੋਂ ਸੁਰੂ ਹੋਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ 151 ਦਿਨ ਚ ਦਾਖਲ ਹੋ ਗਈ ਹੈ ਅਤੇ ਬੀਤੇ ਕੱਲ੍ਹ 150 ਦਿਨਾਂ ਚ 23 ਹਜ਼ਾਰ800 ਤਸਕਰਾਂ ਨੂੰ ਰੰਗੇ ਹਥੀ ਗ੍ਰਿਫਤਾਰ ਕਰਕੇ 13 ਕਰੋੜ ਡਰੱਗ ਮਨੀ ਤੇ ਅਰਬਾਂ ਰੁਪਏ ਮੁੱਲ ਦੇ ਹੈਰੋਇਨ ਸਣੇ ਹੋਰ ਨਸ਼ੀਲੇ ਪਦਾਰਥ ਬਰਾਮਦ ਕਰਨ ਚ ਪੁਲੀਸ ਸਫਲ ਰਹੀ ਹੈ। ਇਸ ਮੌਕੇ ਤੇ ਖੁਸ਼ਪਾਲ ਸਿੰਘ ਧਾਲੀਵਾਲ, ਸਾਬਕਾ ਸਰਪੰਚ ਸੁੱਖ ਕੰਦੋਵਾਲੀ, ਗੁਰਜੰਟ ਸਿੰਘ ਸੋਹੀ, ਪੀ ਏ ਮੁਖਤਾਰ ਸਿੰਘ ਬਲੜਵਾਲ ਸਮੇਤ ਹੋਰ ਅਧਿਕਾਰੀ ਤੇ ਡਿਫੈਂਸ ਕਮੇਟੀਆਂ ਦੇ ਆਹੁਦੇਦਾਰ, ਪੰਚ ਸਰਪੰਚ, ਮੋਹਤਬਰ ਵੱਡੀ ਗਿਣਤੀ ‘ਚ ਮੌਜੂਦ ਸਨ।

## ਬੌਧਿਕ ਤੌਰ ’ਤੇ ਅਸਮਰੱਥ ਬੱਚੀ ਨੇ ਕੀਤਾ ਸੰਸਥਾ ਦਾ ਨਾਮ ਰੋਸ਼ਨ



**ਅੰਮ੍ਰਿਤਸਰ 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਥਾ ਕਮਿਊਨਟੀ ਹੋਮ ਫਾਰ ਮੈਂਟਲੀ ਰਿਟਾਰਡਿਡ, ਅੰਮ੍ਰਿਤਸਰ ਜੋ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਚੱਲ ਰਹੀ ਹੈ । ਇਹ ਸੰਸਥਾ ਵਿਸ਼ੇਸ਼ ਜਰੂਰਤਾਂ ਵਾਲੀਆਂ ਬੱਚੀਆਂ ਦੀ ਦੇਖ ਰੇਖ ਲਈ ਕੰਮ ਕਰਦੀ ਹੈ। ਇਸ ਸੰਸਥ ਦੀ 1 ਸਹਿਵਾਸਣ, ਉਮਰ 28 ਸਾਲ, ਦੀ ਸਪੈਸ਼ਲ ਓਲੰਪਿਕਸ ਭਾਰਤ, ਅੰਮ੍ਰਿਤਸਰ ਵਲੋਂ ਕਰਵਾਏ ਗਏ ਬੋਸੇ ਲਈ ਜ਼ਿਲ੍ਹਾ ਅਤੇ ਰਾਜ ਚੋਣ ਟਰਾਇਲ (District and State Selection Trials for Bocce) Selection ਹੋਣ ਉਪਰੰਤ ਇਸ ਸਹਿਵਾਸਣ ਨੇ ਨੈਸ਼ਨਲ ਚੈਂਪੀਅਨਸ਼ਿਪ ਬੋਸੇ (National Championship Bocce) ਵਿੱਚ ਭਾਗ ਲਿਆ ਜੋ ਕਿ ਮਿਤੀ 24/07/2025 ਤੋਂ 28/07/2025 ਨੂੰ ਅਟਲ ਬਿਹਾਰੀ ਵਾਜਪਾਈ ਯੂਨੀਵਰਸਿਟੀ ਬਿਲਾਸਪੁਰ, ਛੱਤੀਸਗੜ੍ਹ ਵਿਖੇ ਹੋਇਆ ।

ਇਸ ਸਬੰਧੀ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਖੁਸ਼ੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਸੰਸਥਾ ਦੇ ਸਹਿਵਾਸਣ ਨੇ ਲਗਭਗ 29 ਸਟੇਟ ਵਿਚੋਂ ਯੂਨੀਫਾਈਡ ਸੀਨੀਅਰ ਗਰੁੱਪ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਦੇ ਨਾਲ ਗੋਲਡ ਮੈਡਲ ਅਤੇ Single Senior Group F (AC) ਵਿਚੋਂ ਤੀਸਰਾ ਸਥਾਨ ਪ੍ਰਾਪਤ ਕਰਨ ਦੇ ਨਾਲ ਬਰਾਉਨ ਮੈਡਲ ਹਾਸਲ ਕੀਤਾ ਹੈ।

ਅੱਜ ਡਿਪਟੀ ਕਮਿਸ਼ਨਰ ਵਲੋਂ ਸਹਿਵਾਸਣ ਦੀ ਹੌਂਸਲਾ ਅਫਜਾਈ ਕਰਦੇ ਹੋਏ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਅਤੇ ਤੋਹਫਾ ਵਜੋਂ ਘੜੀ ਗਿਫਟ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਸ੍ਰੀਮਤੀ ਮੀਨਾ ਦੇਵੀ, ਸੁਪਰਡੈਂਟ ਹੋਮ ਮਿਸ ਸਵਿਤਾ ਰਾਣੀ, ਮਿਸ ਮਨਪ੍ਰੀਤ ਕੌਰ (ਟੀਚਰ), ਪਹਿਲ ਸਕੂਲ ਦੇ ਪ੍ਰਿੰਸੀਪਲ ਸ: ਧਰਮਿੰਦਰ ਸਿੰਘ ਵੀ ਇਸ ਮੌਕੇ ਹਾਜ਼ਰ ਸਨ।

## ਪੂਜਨ ਕਰਕੇ ਸ੍ਰੀ ਰਾਮ ਲੀਲਾ ਦੀ ਰਿਹਸਲ ਸ਼ੁਰੂ ਕੀਤੀ

**ਖਰੜ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਮ ਲੀਲਾ ਡਰਾਮਾਟਿਕ ਕਲੱਬ ਖਰੜ ਵਲੋਂ ਦੁਸਾਹਿਰੇ ਦੇ ਤਿਓਹਾਰ ਨੂੰ ਲੈ ਕੇ ਹਰ ਸਾਲ ਮੰਚਨ ਕੀਤੇ ਜਾਂਦੀ ਸ੍ਰੀ ਰਾਮ ਲੀਲਾ ਦੀ ਰਿਹਾਸਲ ਪੂਜਨ ਕਰਕੇ ਸ਼ੁਰੂਆਤ ਕੀਤੀ ਗਈ ਹੈ। ਖਰੜ ਦੇ ਪ੍ਰਸਿੱਧ ਪੰਡਿਤ ਗਣੇਸ਼ ਦੱਤ ਸ਼ਾਸਤਰੀ ਜੀ ਵਲੋਂ ਵਿਧੀ ਪੂਰਬਕ ਪੂਜਨ ਕਰਕੇ ਰਿਹਸਲ ਦੀ ਸ਼ੁਰੂਆਤ ਕਰਵਾਈ ਗਈ ਹੈ। ਸ੍ਰੀ ਰਾਮ ਲੀਲਾ ਦਾ ਮੰਚਨ ਮਿਤੀ 21-9-2025 ਤੋਂ ਆਰੰਭ ਹੋਵੇਗਾ ਜੋ 3 ਅਕਤੂਬਰ ਤੱਕ ਜਾਰੀ ਰਹੇਗਾ। ਕਲੱਬ ਦੇ ਪ੍ਰਧਾਨ ਸਿਵਚਰਨ ਪਿੰਕੀ, ਸੀਨੀਅਰ ਵਾਈਸ ਪ੍ਰਧਾਨ ਵਰਿੰਦਰ ਭਾਮਾ ਨੇ ਦਸਿਆ ਕਿ ਕਲਾਕਾਰਾਂ ਵਲੋਂ ਰੋਜ਼ਾਨਾ ਰਿਹਸਲ ਕੀਤੀ ਜਾਵੇਗੀ ਅਤੇ ਤਿਆਰੀਆਂ ਕਰਨ ਲਈ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਇਸ



ਮੌਕੇ ਹਰਗੋਪਾਲ ਵਰਮਾ, ਪੰਕਜ ਚੱਢਾ, ਪ੍ਰਵੀਨ ਕਰਵਲ ਡਾਇਟਰੈਕਟਰ, ਸਰਬਜੀਤ ਵਿੱਕੀ ਸਟੋਰ ਇੰਚਾਰਜ਼, ਯੁਗੇਸ਼ ਕਪਿਲਯੋਗੀ, ਸ਼ਾਮ ਸੁੰਦਰ, ਨਿਭੈ ਸ਼ਰਮਾ, ਸਤੀਸ਼ ਰਾਣਾ, ਨੀਰਜ਼ ਕਰਵਲ, ਵਿਕਰਮ ਭਾਮਾ, ਅਨੀਸ਼ ਚੱਢਾ, ਮੁਨੀਸ਼ ਖਰਬੰਦਾ ਸਮੇਤ ਕਲੱਬ ਦੇ ਸਮੂਹ ਮੈਂਬਰ ਹਾਜ਼ਰ ਸਨ।

## ਪੀ ਐਮ ਸ੍ਰੀ ਸੀਨੀਅਰ ਸੈਕੰਡਰੀ ਸਕੂਲ ਮਹਿਮਾ ਸਰਜਾ ਦੇ ਬੱਚਿਆਂ ਨੂੰ ਮਿਡ ਡੇ ਮੀਲ ਦੇ ਖਾਣੇ ਸਮੇਂ ਨਹੀਂ ਨਸੀਬ ਹੁੰਦਾ ਪਾਣੀ

**ਬਠਿੰਡਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਮਹਿਮਾ ਸਰਜਾ ਦਾ ਪੀ ਐਮ ਸ਼੍ਰੀ ਸੀਨੀਅਰ ਸੈਕੰਡਰੀ ਸਕੂਲ ਪਹਿਲਾਂ ਵੀ ਕਾਫੀ ਵਿਵਾਦਾਂ ਵਿੱਚ ਘਿਰਿਆ ਰਿਹਾ ਹੈਂ।ਬੱਚਿਆਂ ਦੇ ਮਿਡ ਡੇ ਮੀਡ ਲਈ ਆਏ ਚੌਲ ਲਿਫਾਫਿਆਂ ਵਿੱਚ ਪੈਕ ਕਰਕੇ ਵੇਚਣ ਦੀ ਤਿਆਰੀ ਸੀ।ਜਿਸ ਨੂੰ ਮੌਕੇ ਤੇ ਜਾ ਕੇ ਸਰਪੰਚ ਗੁਰਜੀਤ ਕੌਰ ਅਤੇ ਚੇਅਰਮੈਨ ਸੁਰਿੰਦਰ ਸਿੰਘ ਬਿੱਟੂ, ਪੰਚ ਗੁਰਜੰਟ, ਪੰਚ ਜ਼ਲੌਰ ਸਿੰਘ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬਿੰਦਰ ਸਿੰਘ ਕੋਕੀ ਨੇ ਜਾ ਕੇ ਫੜ ਲਿਆ। ਸਰਪੰਚ ਨੇ ਦੋਸ਼ ਲਾਇਆ ਕਿ ਬੀਤੀ ਰਾਤ ਵੀ ਸਕੂਲ ਦੇ ਵਿੱਚੋਂ ਦੋ ਗੱਟੇ ਚੋਲਾਂ ਦੇ ਚੋਰੀ ਕੀਤੇ ਗਏ ਹਨ। ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬਿੰਦਰ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਮਿਡ ਡੇ ਮੀਲ ਦੇ ਖਾਣੇ ਸਮੇਂ ਪੀਣ ਲਈ ਪਾਣੀ ਵੀ ਨਹੀਂ ਦਿੱਤਾ ਜਾਂਦਾ। ਜਦ ਕਿ ਇਹਨਾਂ ਨੂੰ ਗਲਾਸ ਵੀ ਨਵੇਂ ਲਿਆ ਕੇ ਦਿੱਤੇ ਹਨ।



ਜਦੋਂ ਚੇਅਰਮੈਨ ਸੁਰਿੰਦਰ ਸਿੰਘ ਬਿੱਟੂ ਨਾਲ ਗੱਲਬਾਤ ਕੀਤੀ ਤਾ ਉਹਨਾਂ ਨੇ ਕਿਹਾ ਕਿ ਸਕੂਲ ਪ੍ਰਿੰਸੀਪਲ ਵੱਲੋਂ ਪੰਚਾਇਤ ਨੂੰ ਇੱਕ ਲੈਟਰ ਲਿਖਿਆ ਗਿਆ ਕਿ ਖੇਡ ਗਰਾਉਂਡ ਵਿੱਚੋਂ ਦਰਖਤ ਚੋਰੀ ਹੋ ਗਏ ਹਨ ਅਤੇ ਚੋਰਾਂ ਦੀ ਭਾਲ ਕੀਤੀ ਜਾਵੇ।ਪਰ ਸਰਪੰਚ ਨੇ ਆ ਕੇ ਸਕੂਲ ਦੇ ਕਮਰੇ ਵਿੱਚੋਂ ਹੀ ਦੱਰਖਤ ਕਢਵਾ ਲਏ ਅਤੇ ਕਿਹਾ ਕਿ ਅਸੀਂ ਪ੍ਰਿੰਸੀਪਲ ਤੇ ਬਣਦੀ ਕਾਰਵਾਈ ਕਰਾਂਗੇ।

ਜਦੋਂ ਮਿਡ ਡੇ ਮੀਲ ਦੇ ਚੌਲਾਂ ਦੇ ਘਪਲੇ ਸਬੰਧੀ ਸਰਪੰਚ ਗੁਰਜੀਤ ਕੌਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਸਕੂਲ ਵਾਲੇ ਚੌਲਾਂ ਨੂੰ ਦੁਕਾਨ ਤੇ ਵੇਚਣ ਦੀ ਤਿਆਰੀ ਵਿੱਚ ਸਨ ਪਰ ਉਹਨਾਂ ਨੇ ਮੌਕੇ ਤੇ ਜਾ ਕੇ ਸਕੂਲ ਵਿੱਚ ਸਮੇਤ ਲਿਫਾਫਿਆਂ ਵਿੱਚ ਪੈਕ ਕੀਤੇ ਚੌਲ ਫੜ ਲਏ

ਜਦੋਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬਿੰਦਰ ਸਿੰਘ ਕੋਕੀ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਸਾਰੇ ਮਾਮਲੇ ਦੀ ਸ਼ਾਨ ਬੀਨ ਹੋਣੀ ਚਾਹੀਦੀ ਹੈ ਕਿ ਇਹ ਚੌਲ ਜਿਸ ਸਮੇਂ ਵਧੇ ਤਾਂ ਉਸ ਸਮੇਂ ਬੱਚਿਆਂ ਨੂੰ ਖਾਣਾ ਕਿਉਂ ਨਹੀਂ ਦਿੱਤਾ ਗਿਆ।

ਜਦੋਂ ਸਕੂਲ ਦੇ ਪ੍ਰਿੰਸੀਪਲ ਆਸ਼ੂ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਮੌਸਮ ਖਰਾਬ ਹੋਣ ਕਾਰਨ ਉਹਨਾਂ ਨੇ ਬੱਚਿਆਂ ਨੂੰ ਘਰਾਂ ਵਿੱਚ ਲਿਜਾਣ ਲਈ ਚੌਲ ਲਿਫਾਫਿਆਂ ਵਿੱਚ ਪੈਕ ਕੀਤੇ ਸਨ। ਸਮੂਹ ਸਟਫ ਨੇ ਆਮ ਆਦਮੀ ਪਾਰਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਬਿੱਟੂ ਨੂੰ ਕਿਹਾ ਕਿ ਜੇਕਰ ਉਹਨਾਂ ਨੂੰ ਬਾਰ-ਬਾਰ ਸਕੂਲ ਵਿੱਚ ਆ ਕੇ ਬੱਚਿਆਂ ਸਾਹਮਣੇ ਉਨ੍ਹਾਂ ਦੀ ਬੇਜ਼ਤੀ ਕੀਤੀ ਗਈ ਤਾਂ ਉਹ ਬਦਲੀ ਕਿਸੇ ਹੋਰ ਥਾਂ ਦੀ ਕਰਵਾ ਲੈਣਗੇ।

## ਈਟੀਓ ਵੱਲੋਂ ਜੋਤੀਸਰ ਕਾਲੋਨੀ ਜੰਡਿਆਲਾ ਗੁਰੂ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦੀ ਸ਼ੁਰੂਆਤ

**ਅੰਮ੍ਰਿਤਸਰ 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਦੀ ਜੋਤੀਸਰ ਕਾਲੋਨੀ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਰਾਜ ਕਰ ਰਹੀਆਂ ਸਰਕਾਰਾਂ ਵੱਲੋਂ ਅਣਗੌਲਿਆਂ ਕੀਤੀ ਹੋਈ ਸੀ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦੀ ਸ਼ੁਰੂਆਤ ਕੀਤੀ ।

ਉਹਨਾਂ ਨੇ ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਇਸ ਇਲਾਕੇ ਵਿੱਚ ਗਲੀਆਂ ਦੀ ਰੌਸ਼ਨੀ ਲਈ ਸਟਰੀਟ ਲਾਈਟਾਂ ਵੀ ਲਗਾਉਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਮੈਂ ਆਪਣੇ ਹਲਕੇ ਦੇ ਇਲਾਕੇ ਵਿੱਚ ਕੇਵਲ ਰੌਸ਼ਨੀਆਂ ਰਾਹੀਂ ਹਨੇਰਾ ਹੀ ਨਹੀਂ ਦੂਰ ਕਰਨਾ ਬਲਕਿ ਤੁਹਾਡੇ ਬੱਚੇ ਪੜਾ ਕੇ ਉਹਨਾਂ ਦਾ ਭਵਿੱਖ ਵੀ ਰੁਸ਼ਨਾਉਣਾ ਹੈ। ਉਹਨਾਂ ਕਿਹਾ ਕਿ ਮੈਂ ਆਪਣੇ ਹਲਕੇ ਦਾ ਇੱਕ ਵੀ ਬੱਚਾ ਪੜਨ ਤੋਂ ਵਿਰਵਾ ਨਹੀਂ ਰਹਿਣ ਦੇਣਾ। ਉਹਨਾਂ ਕਿਹਾ ਕਿ ਪੜ੍ਹਾਈ ਹੀ ਇੱਕ ਮਾਤਰ ਤਰੱਕੀ ਦਾ ਸਾਧਨ ਹੈ, ਸੋ ਸਾਰੇ ਮਾਪੇ ਆਪਣੇ ਬੱਚੇ ਜਰੂਰ ਪੜਾਉਣ।

ਕੈਬਨਿਟ ਮੰਤਰੀ ਨੇ ਇਲਾਕੇ ਵਿੱਚ ਲੋਕਾਂ ਦੀ ਲੋੜ ਅਨੁਸਾਰ ਹੋਰ ਸਹੂਲਤਾਂ ਵੀ ਦੇਣ ਦਾ ਐਲਾਨ ਕੀਤਾ ਅਤੇ ਨਾਲ ਹੀ ਕਿਹਾ ਕਿ ਕਿਸੇ ਵੀ ਮੁਸ਼ਕਲ ਵੇਲੇ ਤੁਸੀਂ ਮੇਰਾ ਦਰਵਾਜ਼ਾ ਖੜਕਾ ਸਕਦੇ ਹੋ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਹਲਕਾ ਜੰਡਿਆਲਾ ਗੁਰੂ ਦੇ ਬਲਾਕ ਪ੍ਰਧਾਨ ਅਤੇ ਸਰਪੰਚ ਸਾਹਿਬਾਨਾਂ ਨਾਲ ਮੁਲਾਕਾਤ ਕਰਕੇ ਲੋਕਾਂ ਦੀਆਂ ਜ਼ਮੀਨੀ ਸਮੱਸਿਆਵਾਂ ਸੁਣੀਆਂ। ਉਹਨਾਂ ਕਿਹਾ ਕਿ ਹਰ ਇਕ ਮੁੱਦੇ ਦੇ ਹੱਲ ਲਈ ਮੈਂ ਦਿਨ ਰਾਤ ਮਿਹਨਤ ਕਰ ਰਿਹਾ ਹਾਂ।

ਲੋਕਾਂ ਦੀ ਖੁਸ਼ਹਾਲੀ ਮੇਰਾ ਸਭ ਤੋਂ ਵੱਡਾ ਮਿਸ਼ਨ ਹੈ। ਕੈਬਨਟ ਮੰਤਰੀ ਨੇ ਕਿਹਾ ਕਿ ਮੇਰੇ ਹਲਕੇ ਦੇ ਸਰਪੰਚ ਮੇਰੇ ਲਈ ਮੇਰਾ ਪਰਿਵਾਰ ਹਨ, ਜਿਵੇਂ ਪਰਿਵਾਰ ਇੱਕ-ਦੂਜੇ ਦੀ ਤਾਕਤ ਹੁੰਦੇ ਨੇ, ਓਸੇ ਤਰ੍ਹਾਂ ਤੁਸੀਂ ਮੇਰੀ ਤਾਕਤ ਹੋ।

## ਲੈਂਡ ਪੁਲਿੰਗ ਨੀਤੀ ਪੰਜਾਬ ਅਤੇ ਪੰਜਾਬੀਆਂ ਦੀ ਜ਼ਮੀਨ ਖੋਹਣ ਦੀ ਸਾਜ਼ਿਸ਼: ਸੋਨੂ ਜਾਫਰ

**ਅੰਮ੍ਰਿਤਸਰ 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੈਂਡ ਪੁਲਿੰਗ ਨੀਤੀ ਨੂੰ ਲੈ ਕੇ ਸੂਬੇ ਭਰ ਵਿੱਚ ਵਿਰੋਧ ਦੀ ਲਹਿਰ ਉੱਠ ਰਹੀ ਹੈ। ਕਈ ਕਿਸਾਨੀ ਸੰਗਠਨ ਤੇ ਵਿਰੋਧੀ ਧਿਰਾਂ ਨੇ ਇਸ ਨੀਤੀ ਨੂੰ ਜ਼ਮੀਨ ਖੋਹਣ ਵਾਲੀ ਕਾਰਪੋਰੇਟ-ਪੱਖੀ ਚਾਲ ਕਰਾਰ ਦਿੱਤਾ ਹੈ।

ਇਸ ਸਬੰਧੀ ਕਾਂਗਰਸ ਦੇ ਵਰਿਸ਼ਠ ਆਗੂ ਅਤੇ ਸਾਬਕਾ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸੋਨੂ ਜਾਫਰ ਨੇ ਕਿਹਾ ਕਿ ਲੈਂਡ ਪੁਲਿੰਗ ਨੀਤੀ ਸਿਰਫ ਕਿਸਾਨ ਵਿਰੋਧੀ ਨਹੀਂ, ਪੰਜਾਬੀ ਹਿੱਤਾਂ, ਸੱਭਿਆਚਾਰ, ਤੇ ਪਿੰਡਾਂ ਦੀ ਅਸਲੀਅਤ ਖ਼ਿਲਾਫ਼ ਇੱਕ ਸਿੱਧਾ ਹਮਲਾ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਜ਼ਮੀਨ ਸਿਰਫ ਖੇਤੀ ਲਈ ਨਹੀਂ, ਸਾਡੀ ਮਾਂ ਵਰਗੀ ਧਰਤੀ ਹੈ। ਇਸ ਜ਼ਮੀਨ ਨੇ ਸਾਡੇ ਅੰਨਦਾਤਾ, ਜਵਾਨ ਤੇ ਆਰਥਿਕਤਾ ਨੂੰ ਜਨਮ ਦਿੱਤਾ ਹੈ। ਪਰ ਮੌਜੂਦਾ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਇਨ੍ਹਾਂ



ਜ਼ਮੀਨਾਂ ਨੂੰ ਲੈਂਡ ਪੁਲਿੰਗ ਦੇ ਨਾਮ @ਤੇ ਉਨ੍ਹਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ।ਸੋਨੂ ਜਾਫਰ ਨੇ ਦਲੀਲ ਦਿੱਤੀ ਕਿ ਇਹ ਨੀਤੀ ਕਿਸਾਨੀ ਦੇ ਹੱਕ ਵਿੱਚ ਨਹੀਂ, ਸਿੱਧੀ ਤੌਰ ’ਤੇ ਰੀਅਲ ਐਸਟੇਟ ਮਾਫੀਆ, ਵਪਾਰਕ ਘਰਾਣਿਆਂ ਅਤੇ ਸਰਕਾਰੀ ਭੂਮਾਫੀਆ ਲਈ ਬਣਾਈ ਗਈ ਹੈ। ਉਨ੍ਹਾਂ ਕਿਹਾ,

ਉਨ੍ਹਾਂ ਅਗੇ ਕਿਹਾ ਕਿ ਸਰਕਾਰ ਨੇ ਕਿਸੇ ਵੀ ਪੱਧਰ ’ਤੇ ਕਿਸਾਨਾਂ ਦੀ ਰਾਏ ਨਹੀਂ ਲਈ। ਨਾ ਕੋਈ ਜਨ ਸੁਣਵਾਈ ਹੋਈ, ਨਾ ਕੋਈ ਸੰਸਦ ਜਾਂ ਵਿਧਾਨ ਸਭਾ ਵਿੱਚ ਤਰਕਸ਼ੀਲ ਚਰਚਾ।

ਜਾਫਰ ਨੇ ਸਖ਼ਤ ਸ਼ਬਦਾਂ @ਚ ਆਖਿਆ ਕਿ ਜੇ ਲੈਂਡ ਪੁਲਿੰਗ ਪਾਲਿਸੀ ਜਾਰੀ ਰਹੀ ਤਾਂ ਪਿੰਡਾਂ ਦੀ ਪਛਾਣ ਮਿਟ ਜਾਵੇਗੀ। ਕਿਸਾਨ ਆਪਣੇ ਹੀ ਪਿੰਡ ਵਿੱਚ ਕਿਰਾਏਦਾਰ ਬਣ ਕੇ ਰਹਿ ਜਾਵੇਗਾ। ਜਿਸ ਜ਼ਮੀਨ ਨੇ ਅਸੀਂ ਲਹੂ ਵਗਾ ਕੇ ਸਿੰਚੀ, ਉਸਨੂੰ ਹੀ ਸਰਕਾਰ ਉਤਸ਼ਾਹਿਤ ਢੰਗ ਨਾਲ ਵੇਚ ਰਹੀ ਹੈ।

ਉਨ੍ਹਾਂ ਕਿਹਾ ਕਿ ਕਿਸਾਨੀ ਸੰਕਟ ਦੀ ਮੂਲ ਵਜ੍ਹਾ ਲਾਗਤ ਵਧਣਾ, ਮਕੌਲੇ ਭਾਅ ਤੇ ਝੂਠਾ ਬੀਮਾ ਨਹੀਂ, ਬਲਕਿ ਜ਼ਮੀਨ ਦੀ ਥੋਖ ਵੇਚੀ ਜਾ ਰਹੀ ਸੰਸਕ੍ਰਿਤੀ ਹੈ। ਪਹਿਲਾਂ ਨਕਲੀ ਖੇਤੀ ਯੋਜਨਾਵਾਂ, ਹੁਣ ਲੈਂਡ ਪੁਲਿੰਗ — ਇਹ ਪੰਜਾਬ ਦੇ ਆਤਮ-ਨਿਰਭਰ ਹਿੱਸੇ @ਤੇ ਹਮਲਾ ਹੈ, ਜਾਫਰ ਨੇ ਕਿਹਾ।

ਸੋਨੂ ਜਾਫਰ ਨੇ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ, ਪਿੰਡਾਂ ਅਤੇ ਜ਼ਮੀਨ ਨਾਲ ਖੜੀ ਸੀ, ਹੈ ਅਤੇ ਰਹੇਗੀ। ਜੇਕਰ ਇਹ ਨੀਤੀ ਤੁਰੰਤ ਵਾਪਸ ਨਾ ਲਈ ਗਈ, ਤਾਂ ਕਾਂਗਰਸ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੜਕਾਂ @ਤੇ ਉਤਰੇਗੀ ਅਤੇ ਰਾਜ ਪੱਧਰ ’ਤੇ ਜਨਅੰਦੋਲਨ ਸ਼ੁਰੂ ਕਰੇਗੀ।

## ਸ਼ਹੀਦ ਊਧਮ ਸਿੰਘ ਨੂੰ ਦਿੱਤੀ ਸ਼ਰਧਾਂਜਲੀ ਅਤੇ ਗਾਈਆਂ ਕਵਿਤਵਾਂ

**ਸਮਾਣਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਲਜ ਅਧੀਨ ਚਲਾਏ ਜਾ ਰਹੇ ਪਬਲਿਕ ਕਾਲਜੀਏਟ ਸੀਨੀਅਰ ਸੈਕੰਡਰੀ, ਸਕੂਲ ਸਮਾਣਾ ਦੇ ਐਨ.ਐਸ.ਐਸ. ਵਿਭਾਗ ਵਲੋ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਅਗਵਾਈ ਹੇਠ ਊਧਮ ਸਿੰਘ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਦੇਸ਼ ਭਗਤੀ ਦੇ ਗੀਤ, ਕਵਿਤਾਵਾਂ ਅਤੇ ਭਾਸ਼ਣ ਦੀ ਪੇਸ਼ਕਾਰੀ ਦਾ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਕਾਲਜੀਏਟ ਸਕੂਲ ਦੇ ਐਨ. ਐਸ. ਐਸ. ਵਲੰਟੀਅਰਜ਼ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਵਿਸਥਾਰਪੂਰਵਕ

ਸਾਰਾ ਮਾਹੌਲ ਦੇਸ਼ ਭਗਤੀ ਨਾਲ ਰੰਗ ਦਿੱਤਾ। ਪ੍ਰਿੰਸੀਪਲ ਡਾ. ਹਰਕੀਰਤ ਸਿੰਘਨੇ ਐਨ.ਐਸ.ਐਸ. ਵਲੰਟੀਅਰਜ਼ ਦੀ



ਪ੍ਰਸੰਸ਼ਾ ਕਰਦੇ ਹੋਏ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਜੀਵਨ ਦੇਸ਼ ਅਤੇ ਸਮਾਜ ਨੂੰ ਇਕਜੁੱਟ ਕਰਨ ਦੀ ਪ੍ਰੇਰਨਾ ਦਿੰਦਾ ਹੈ। ਸਾਨੂੰ ਸ਼ਹੀਦ ਊਧਮ ਸਿੰਘ ਦੀ ਵਿਚਾਰਧਾਰਾ ਨੂੰ ਗ੍ਰਹਿਣ ਕਰਕੇ ਅੱਜ ਦੀਆਂ ਸਮੱਸਿਆਵਾਂ ਨੂੰ ਇੱਕਜੁਟ ਹੋ ਕੇ ਹੱਲ ਕਰਨ ਵਿਚ ਸਾਕਾਰਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪ੍ਰੋਗਰਾਮ ਅਫਸਰ ਐਨ.ਐਸ.ਐਸ., ਪ੍ਰੋ. ਅਸ਼ਵਨੀ ਕੁਮਾਰ ਨੇ ਪ੍ਰਿੰਸੀਪਲ ਸਾਹਿਬ ਅਤੇ ਸਾਰੇ ਵਲੰਟੀਅਰਜ਼ ਦਾ ਧੰਨਵਾਦ ਕੀਤਾ।

## ਪੁਲਿਸ ਵੱਲੋ ਨਾਜਾਇਜ਼ ਸ਼ਰਾਬ ਸਣੇ ਮੁਲਜ਼ਮ ਕੀਤਾ ਕਾਬੂ

**ਸਮਾਣਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਜਾਇਜ਼ ਸ਼ਰਾਬ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਇੱਕ ਨੌਜਵਾਨ ਨੂੰ ਮਵੀਕਲਾਂ ਪੁਲਿਸ ਨੇ 30 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਵੀਕਲਾਂ ਪੁਲਿਸ ਚੌਕੀ ਇੰਚਾਰਜ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਗੁਰਜਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਨਾਗਰੀ ਵਜੋਂ ਹੋਈ ਹੈ। ਏ.ਐਸ.ਆਈ . ਪਰਮਜੀਤ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਅਰਾਈਮਾਜਰਾ ਵਿੱਚ ਗਸ਼ਤ @ਤੇ ਸਨ । ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਾਜਾਇਜ਼ ਸ਼ਰਾਬ ਵੇਚਣ ਲਈ ਬੱਸ ਸਟੈਂਡ, ਪਿੰਡ ਮਰਦਾਹੇੜੀ ਨੂੰ ਜਾਂਦੇ ਰਜਵਾਹੇ ਦੇ ਵਿਚਕਾਰ ਖੱਡਾਂ ਵਿੱਚ ਬੈਠਾ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਛਾਪਾ ਮਾਰਨ @ਤੇ ਮੁਲਜ਼ਮ ਨੂੰ 30 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਮਵੀਕਲਾਂ ਪੁਲਿਸ ਚੌਕੀ ਇੰਚਾਰਜ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਗੁਰਜਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਨਾਗਰੀ ਵਜੋਂ ਹੋਈ ਹੈ। ਏ.ਐਸ.ਆਈ . ਪਰਮਜੀਤ ਸਿੰਘ ਪੁਲਿਸ ਪਾਰਟੀ ਸਮੇਤ ਪਿੰਡ ਅਰਾਈਮਾਜਰਾ ਵਿੱਚ ਗਸ਼ਤ @ਤੇ ਸਨ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ @ਤੇ ਮੁਲਜ਼ਮ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

ਮਿੰਨੀ ਕਹਾਣੀ

## ਇਨਸਾਨੀਅਤ



• ਲੱਖਾ ਧੀਮਾਨ

ਮੈਂ 5 ਵਜੇ ਹਰ ਰੋਜ਼ ਵਾਂਗ ਪੈਦਲ ਹੀ ਦਫ਼ਤਰ ਤੋਂ ਨਿਕਲ ਬੱਸ ਸਟੈਂਡ ਵੱਲ ਨੂੰ ਚੱਲ ਪਿਆ। ਤਿੰਨ ਨੌਜਵਾਨ ਬੁਲਟ ਮੋਟਰਸਾਈਕਲ ’ਤੇ ਪਟਾਕੇ ਮਾਰਦੇ ਹੋਏ ਟ੍ਰੈਫਿਕ ਨੂੰ ਚੀਰਦੇ ਮੇਰੇ ਕੋਲ ਦੀ ਲੰਘੇ। ਕੁਝ ਕੁ ਕਦਮਾਂ ’ਤੇ ਅੱਗੇ ਜਾ ਕੇ ਇਕ ਤੇਜ਼ ਪਟਾਕਾ ਵੱਜਿਆ ਤੇ ਇਕ ਬਜ਼ੁਰਗ ਮਜ਼ਦੂਰ ਤੋਂ ਖਸਤਾ ਹਾਲ ਸਾਈਕਲ ਨਾ ਸੰਭਲ਼ਿਆ ਤੇ ਉਹ ਡਿੱਗ ਪਿਆ। ਉਸ ਦਾ ਟਿਫਨ ਦੂਰ ਰੁੜ ਗਿਆ। ਮੈਂ ਭੱਜ ਕੇ ਉਸ ਨੂੰ ਉਠਾਇਆ ਤਾਂ ਉਹ ਸਹਾਰੇ ਨਾਲ ਸਾਈਕਲ ਸੰਭਾਲ਼ਦਾ ਖੜ੍ਹਾ ਹੋ ਗਿਆ। ਮੈਂ ਉਸ ਦਾ ਦੂਰ ਰੁੜ ਗਿਆ ਟਿਫਨ ਜਿਸ ਦਾ ਢੱਕਣ ਖੁੱਲ੍ਹ ਕੇ ਨਾਲੀ ਵਿਚ ਜਾ ਡਿੱਗਾ ਉਸ ਬਜ਼ੁਰਗ ਨੂੰ ਫੜਾਉਂਦੇ ਹੋਏ ਪੁੱਛਿਆ, ‘ਬਾਬਾ ਜੀ ਸੱਟ ਤਾਂ ਨਹੀ ਲੱਗੀ’।

‘ਨਹੀਂ ਪੁੱਤ ਸੱਟ ਤਾਂ ਨਹੀਂ ਲੱਗੀ, ਆਹ ਮੇਰਾ ਟਿਫਨ ਵਿੰਗਾ ਹੋ ਗਿਆ ਲਗਦਾ।’ ਉਸ ਨੇ ਟਿਫਨ ਫੜ੍ਹ ਕੇ ਢੱਕਣ ਬੰਦ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕਿਹਾ।

ਮੈਂ ਕਿਹਾ, ‘ਸ਼ੁਕਰ ਹੈ, ਬਾਬਾ ਜੀ ਸੱਟ ਨਹੀਂ ਲੱਗੀ’। ਮੈਂ ਇਨ੍ਹਾਂ ਕਹਿ ਕੇ ਬਸ ਸਟੈਂਡ ਵੱਲ ਚੱਲ ਪਿਆ ਤੇ ਬਾਬਾ ਵੀ ਖਿੱਲਰਿਆ ਸਾਮਾਨ ਇਕੱਠਾ ਕਰ ਕੇ ਲਿਫ਼ਾਫ਼ੇ ਵਿਚ ਪਾ ਮੇਰੇ ਤੋਂ ਅੱਗੇ ਲੰਘ ਗਿਆ। ਅੱਗੇ ਜਾ ਕੇ ਦੇਖਿਆ ਉਹੋ ਬੁਲਟ ਵਾਲੇ ਖ਼ੂਨ ਨਾਲ ਲੱਥ-ਪੱਥ ਇਕ ਸਾਇਡ ਤੇ ਡਿੱਗੇ ਹੋਏ ਸਨ ਤੇ ਉਹੀ ਬਾਬਾ ਆਪਣੇ ਵਿੰਗੇ ਹੋਏ ਟਿਫਨ ਨਾਲ ਉਨ੍ਹਾਂ ਨੂੰ ਪਾਣੀ ਪਿਆ ਰਿਹਾ ਸੀ। ਆਲ-ਦੁਆਲੇ ਝੁੰਡ ਬਣਾ ਕੇ ਖੜ੍ਹੇ ਲੋਕ ਆਪਣੇ ਮੋਬਾਈਲਾਂ ਨਾਲ ਡਿੱਗੇ ਨੌਜਵਾਨਾਂ ਦੀ ਫੋਟੋ, ਵੀਡੀਓ ਬਣਾਉਣ ਵਿਚ ਮਸਰੂਫ਼ ਸਨ। ਮੈਂ ਐਂਬੂਲੈਂਸ ਨੂੰ ਫੋਨ ਕਰ ਕੇ ਆਪਣੇ ਪਿੰਡ ਵਾਲੀ ਬਸ ਲੰਘਣ ਦੇ ਡਰੋਂ ਤੇਜ਼ ਕਦਮੀ ਬਸ ਸਟੈਂਡ ਵੱਲ ਹੋ ਗਿਆ।

*ਮੋਬਾਈਲ : 90417-36550*

## ਗ਼ਜ਼ਲਾਂ

ਪਿਆਰ ਮੁਹੱਬਤ ਵਾਲੇ ਨੂੰ ਮਜਬੂਰ ਕਰੇ ਕਿਓਂ?
ਜਿਹੜਾ ਦਿਲ ਵਿਚ ਵਸਦਾ ਉਸ ਤੋਂ ਦੂਰ ਕਰੇ ਕਿਓਂ?

ਸੋਨੇ ਰੰਗੇ ਖਾਬ ਸਜਾਏ ਦਿਲ ਦੇ ਅੰਦਰ,
ਪਾ ਕੇ ਵੱਸ ਹਾਲਾਤ ਦੇ ਚਕਨਾਚੂਰ ਕਰੇ ਕਿਓਂ?

ਜੇ ਦੇਣੀ ਹੈ ਗੁਰਬਤ ਫਿਰ ਤੂੰ ਮਾਣ ਨਾਂ ਬਖਸ਼ੀ,
ਪੱਲਾ ਅੱਡਣ ਵਾਲੇ ਨੂੰ ਮਸ਼ਹੂਰ ਕਰੇ ਕਿਓਂ?

ਝੁੱਗੀਆਂ ਦੇ ਜੇ ਹਉਕੇ ਨੀ ਸੁਣਦੇ ਤੈਨੂੰ,
ਮਹਿਲਾ ਦੇ ਅਰਦਾਸੇ ਫਿਰ ਮਨਜ਼ੂਰ ਕਰੇ ਕਿਓਂ?

ਜਿਸ ਦੇ ਪੱਲੇ ਥੋੜ੍ਹਾ ਉਸ ਤੋਂ ਖੋਹ ਲੈਂਦਾ ਹੈਂ,
ਰੱਜੇ ਪੁੱਜੇ ਲੋਕਾਂ ਨੂੰ ਭਰਪੂਰ ਕਰੇ ਕਿਓਂ?

ਤੇਰੇ ਦਰ ਉੱਤੇ ਮੈਂ ਸੁਣਿਆ ਸੱਚ ਦਾ ਵਾਸਾ,
ਪੱਖੋ ਖਾਤਰ ਇਤਨਾ ਫਰਕ ਹਜ਼ੂਰ ਕਰੇ ਕਿਓਂ?



• **ਜਗਤਾਰ ਪੱਖੋ**, *ਮੋਬਾਈਲ : 94651-96946*

# ਪੰਜਾਬੀ ਦਾ ਫਿਲਾਸਫਰ ਗਲਪਕਾਰ ਗੁਰਦਿਆਲ ਸਿੰਘ



ਗੁਰਭਜਨ ਗਿੱਲ
ਮੋਬਾਈਲ : 98726-31199

*ਘਰੇਲੂ ਕਾਰਨਾਂ ਕਰਕੇ ਪ੍ਰੋ. ਗੁਰਦਿਆਲ ਸਿੰਘ ਨੇ ਬਚਪਨ ਵਿਚ ਪੜ੍ਹਾਈ ਵਿਚਾਲੇ ਛੱਡ ਕੇ ਕਈ ਸਾਲ ਇਕ ਕਾਮੇ ਦੇ ਰੂਪ ਵਿਚ ਮੁਸ਼ੱਕਤ ਭਰੀ ਜ਼ਿੰਦਗੀ ਹੰਢਾਈ। ਫਿਰ ਮਾਸਟਰ ਮਦਨ ਮੋਹਨ ਸ਼ਰਮਾ ਦੀ ਹੱਲਾਸ਼ੇਰੀ ਸਦਕਾ ਸਖ਼ਤ ਮਿਹਨਤ ਤੇ ਘਾਲਣਾ ਘਾਲ ਕੇ ਦਸਵੀਂ ਪਾਸ ਕਰ, ਉਚੇਰੀ ਵਿੱਦਿਆ ਪ੍ਰਾਪਤ ਕੀਤੀ...*

ਪ੍ਰੋ. ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਪਿਤਾ ਜਗਤ ਸਿੰਘ ਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ, ਉਨ੍ਹਾਂ ਦੇ ਨਾਨਕਾ ਪਿੰਡ ‘ਭੈਣੀ ਫੱਤਾ’ ਵਿਚ ਹੋਇਆ। ਉਨ੍ਹਾਂ ਦਾ ਦਾਦਕਾ ਪਿੰਡ ਜੈਤੋ ਹੈ। ਬਚਪਨ ਤੋਂ ਆਖਰੀ ਵਕਤ ਤਕ ਉਹ ਇੱਥੇ ਹੀ ਰਹੇ। ਉਨ੍ਹਾਂ ਦੇ ਤਿੰਨ ਭਰਾ ਤੇ ਇਕ ਭੈਣ ਹਨ। 14 ਸਾਲ ਦੀ ਉਮਰ ’ਚ ਉਨ੍ਹਾਂ ਦਾ ਵਿਆਹ ਬਲਵੰਤ ਕੌਰ ਨਾਲ ਹੋਇਆ। ਗੁਰਦਿਆਲ ਸਿੰਘ ਇਕ ਪੁੱਤਰ ਤੇ ਦੋ ਧੀਆਂ ਦਾ ਪਿਤਾ ਬਣਿਆ।

ਘਰੇਲੂ ਕਾਰਨਾਂ ਕਰਕੇ ਪ੍ਰੋ. ਗੁਰਦਿਆਲ ਸਿੰਘ ਨੇ ਬਚਪਨ ਵਿਚ ਪੜ੍ਹਾਈ ਵਿਚਾਲੇ ਛੱਡਕੇ ਕਈ ਸਾਲ ਇਕ ਕਾਮੇ ਦੇ ਰੂਪ ਵਿਚ ਮੁਸ਼ੱਕਤ ਭਰੀ ਜ਼ਿੰਦਗੀ ਹੰਢਾਈ। ਜਵਾਨੀ ਦੀ ਚੜ੍ਹਦੀ ਉਮਰੇ ਆਪਣੇ ਆਲੇ-ਦੁਆਲੇ ਦੇ ਲੋਕਾਂ ਅਤੇ ਖ਼ੁਦ ਦਾ ਜੀਵਨ ਸੁਖਾਵਾਂ ਬਣਾਉਣ ਦੀ ਤਾਂਘ ਉਨ੍ਹਾਂ ਅੰਦਰ ਮਚਲਣ ਲੱਗੀ, ਇਸ ਖਾਹਸ਼ ਤੇ ਮਾਸਟਰ ਮਦਨ ਮੋਹਨ ਸ਼ਰਮਾ ਦੀ ਹੱਲਾਸ਼ੇਰੀ ਸਦਕਾ ਦਸਵੀਂ ਪਾਸ ਕਰ ਕੇ ਪ੍ਰਾਈਵੇਟ ਸਕੂਲ ਵਿਚ ਮਾਸਟਰੀ ਕੀਤੀ। ਸਖ਼ਤ ਮਿਹਨਤ ਤੇ ਘਾਲਣਾ ਘਾਲ ਕੇ ਉਚੇਰੀ ਵਿੱਦਿਆ ਪ੍ਰਾਪਤ ਕਰ ਸਰਕਾਰੀ ਨੌਕਰੀ (ਲੈਕਚਰਾਰਸ਼ਿਪ) ਹਾਸਲ ਕਰ, ਪਟਿਆਲੇ ਯੂਨੀਵਰਸਿਟੀ ਵਿਚ ਰੀਡਰ ਬਣੇ ਅਤੇ 1995 ਵਿਚ ਪ੍ਰੋਫੈਸਰੀ ਤੋਂ ਸੇਵਾ ਮੁਕਤ ਹੋਏ।

ਪ੍ਰੋ. ਗੁਰਦਿਆਲ ਸਿੰਘ ਨੇ ਆਪਣਾ ਸਾਹਿਤਕ ਸਫ਼ਰ 1957 ਵਿਚ ਇਕ ਕਹਾਣੀਕਾਰ ਵਜੋਂ ਸ਼ੁਰੂ ਕੀਤਾ ਅਤੇ ਥੋੜ੍ਹੇ ਹੀ ਸਮੇਂ ਵਿਚ ਉਨ੍ਹਾਂ ਦਾ ਜ਼ਿਕਰ ਪੰਜਾਬੀ ਦੇ ਉੱਚ ਕੋਟੀ ਦੇ ਕਹਾਣੀਕਾਰਾਂ ਵਿਚ ਹੋਣ ਲੱਗਿਆ। 1964 ਵਿਚ ਜਦੋਂ ਉਨ੍ਹਾਂ ਦਾ ਪਹਿਲਾ ਨਾਵਲ ‘ਮੜ੍ਹੀ ਦਾ ਦੀਵਾ’ ਪ੍ਰਕਾਸ਼ਿਤ ਹੋਇਆ ਤਾਂ ਪੰਜਾਬੀ ਸਾਹਿਤ ਵਿਚ ਏਨਾ ਚਰਚਿਤ ਹੋਇਆ ਕਿ ਉਨ੍ਹਾਂ ਦੇ ਨਾਂ ਦੇ ਨਾਲ ‘ਮੜ੍ਹੀ ਦਾ ਦੀਵਾ’ ਜੁੜ ਗਿਆ। ਇਹ ਕਈ ਭਾਸ਼ਾਵਾਂ ’ਚ ਅਨੁਵਾਦ ਹੋਇਆ। ਫ਼ਿਲਮ ਵੀ ਬਣੀ ਇਸ ’ਤੇ। ਜਿਸ ਨੂੰ ਪੁਰਸਕਾਰ ਮਿਲਿਆ। ਪੰਜਾਬੀ ਵਿਦਵਾਨ ਅਤੇ ਆਲੋਚਕ ਡਾ. ਅਤਰ ਸਿੰਘ ਅਨੁਸਾਰ ‘ਗੁਰਦਿਆਲ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਵਿਚ ਜੋ ਨਵੇਂ ਰੁਝਾਨ ਪੈਦਾ ਹੋਏ ਹਨ ਉਨ੍ਹਾਂ ਨੂੰ ਹੁਣ ਪਾਠਕ, ਅਧਿਆਪਕ ਤੇ ਵਿਦਵਾਨ ਸਾਰੇ ਹੀ ਪ੍ਰਵਾਨ ਕਰਦੇ ਹਨ ਅਤੇ ਇਹ ਮੰਨਦੇ ਹਨ ਕਿ ਗੁਰਦਿਆਲ ਸਿੰਘ ਦਾ ਪਹਿਲਾ ਨਾਵਲ ‘ਮੜ੍ਹੀ ਦਾ ਦੀਵਾ’ ਹੀ ਭਾਰਤ ਦੇ ਮਹਾਨ ਲੇਖਕ ਮੁਨਸ਼ੀ ਪ੍ਰੇਮ ਚੰਦ ਦੇ ‘ਗੋਦਾਨ’ ਅਤੇ ਫਰਨੇਸ਼ਵਰ ਰੇਣੂੰ ਦੇ ‘ਮੈਲਾ ਆਂਚਲ’ ਦੇ ਪੱਧਰ ਦਾ ਨਾਵਲ ਹੈ’।

ਗੁਰਦਿਆਲ ਸਿੰਘ ਵੀਹਵੀਂ ਸਦੀ ਦਾ ਅਜਿਹਾ ਮਹਾਨ ਗਲਪਕਾਰ ਹੈ, ਜਿਸ ਨੂੰ ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਸਾਹਿਤ ਦਾ ਸਰਵੋਤਮ ਪੁਰਸਕਾਰ ‘ਗਿਆਨਪੀਠ’ ਮਿਲਿਆ। ਉਹ ਅਜਿਹਾ ਗਲਪਕਾਰ ਸੀ ਜਿਸ ਨੇ ਆਪਣਾ ਸਫ਼ਰ ਬਾਲ ਸਾਹਿਤ ਸਿਰਜਣ ਤੋਂ ਆਰੰਭਿਆ। ਉਸ ਦੇ ਸੰਘਰਸ਼ਸ਼ੀਲ ਸਮਿਆਂ ਦੇ ਮਿੱਤਰ ਗੁਰਬਚਨ ਸਿੰਘ ਭੁੱਲਾ ਦੱਸਦੇ ਹਨ ਕਿ ਗੁਰਦਿਆਲ ਸਿੰਘ ਲਿਖਣ ਪੱਖੋਂ ਜਿੰਨਾ ਜ਼ਹੀਨ ਤੇ ਬਾਰੀਕ ਬੁੱਧ ਹੈ, ਓਨਾ ਸ਼ਾਇਦ ਕੋਈ ਹੋਰ ਨਹੀਂ। ਉਹ ਨਿਸ਼ਾਨਾ ਪਹਿਲਾ ਮਿਥਦਾ ਹੈ ਤੇ ਸ਼ਿਸਤ ਬੰਨ੍ਹ ਕੇ ਸ਼ਿਕਾਰ ਕਰਦਾ ਹੈ।

‘ਲਿਖਤੁਮ ਬਾਬਾ ਖੇਮਾ’ ਤੇ ‘ਟੁੱਕ ਖੋਹ ਲਏ ਕਾਵਾਂ’ ਬਾਲ ਪੁਸਤਕਾਂ ਤਾਂ ਮੈਂ ਵੀ ਪੜ੍ਹੀਆਂ ਸਨ। ਰਸਵੰਤੀਆਂ ਲਿਖਤਾਂ, ਪਾਠਕ ਨੂੰ ਸਦੀਵਕਾਲ ਲਈ ਨਾਲ ਜੋੜਨ ਵਾਲੀਆਂ। ਅਣਹੋਏ, ਪਰਸਾ, ਅੰਨ੍ਹੇ ਘੋੜੇ ਦਾ ਦਾਨ ਤੇ ਅੱਧ ਚਾਨਣੀ ਵਰਗੇ ਨਾਵਲਾਂ ਨੇ ਗੁਰਦਿਆਲ ਸਿੰਘ ਨੂੰ ਹੋਰ ਉਚਿਆਇਆ। ਵਿਚ ਵਿਚ ਉਸ ਦੇ ਬੇਹੱਦ ਕਮਜ਼ੋਰ ਨਾਵਲ ‘ਰੇਤੇ ਦੀ ਇਕ ਮੁੱਠੀ’ ਤੇ ‘ਕੁਵੇਲਾ’ ਵੀ ਆਏ।

ਗੁਰਦਿਆਲ ਸਿੰਘ ਦੀਆਂ ਕਹਾਣੀਆਂ ਨੇ ਵੀ ਉਸ ਨੂੰ ਨਿਵੇਕਲੀ ਪਛਾਣ ਦਿਵਾਈ ਪਰ ਗੁਰਦੇਵ ਸਿੰਘ ਰੁਪਾਣਾ, ਬੂਟਾ ਸਿੰਘ, ਅਜੀਤ ਕੌਰ, ਗੁਰਚਰਨ ਸਿੰਘ ਭੱਟ ਦੇ ਮੁਕਾਬਲੇ ਗੁਰਦਿਆਲ ਸਿੰਘ ਬਹੁਤਾ ਦਿਸ ਨਾ ਸਕਿਆ। ਅਸਲ ’ਚ ਗੁਰਦਿਆਲ ਸਿੰਘ ਦੀ ਭੱਲ ਹੀ ਅਜਿਹੀ ਬਣ ਗਈ ਸੀ ਕਿ ਲੋਕ ਉਸ ਤੋਂ ਨਾਵਲ ਵਰਗੀ ਲਿਖਤ ਹੀ ਉਡੀਕ ਦੇ ਸਨ। ਉਹ ਖਿਲੱਰਵਾਂ ਅਕਸ ਬਣਾ ਬੈਠਾ ਸੀ। ਅਖ਼ਬਾਰੀ ਟਿਪਣੀਆਂ ਭਰਪੂਰ ਵਾਰਤਕ ਲੇਖਾਂ ਨੇ ਵੀ ਉਸ ਨੂੰ ਨਿਸ਼ਚੇ ਤੋਂ ਲਾਂਭੇ ਕੀਤਾ। ਬੜਾ ਔਖਾ ਹੁੰਦਾ, ਅਖ਼ਬਾਰੀ ਸ਼ਬਦ ਤੋਂ ਮੁਕਤ ਹੋਣਾ। ਪਰ ਗੁਰਦਿਆਲ ਸਿੰਘ ਦੀਆਂ ਸਿੱਖਿਆ ਤੰਤਰ ਬਾਰੇ ਮੁੱਲਵਾਨ ਉਕਤੀਆਂ ਅੱਜ ਵੀ ਗੌਲਣਯੋਗ ਹਨ।



ਗੁਰਦਿਆਲ ਸਿੰਘ ਨੇ ਕੁਝ ਨਾਟਕ ਤੇ ਇਕਾਂਗੀ ਵੀ ਲਿਖੇ ਪਰ ਕੋਈ ਗੌਲਣਯੋਗ ਪ੍ਰਾਪਤੀ ਨਾ ਹੋਈ।

ਉਸ ਦੀ ਸ੍ਵੈਜੀਵਨੀ ਤਿੰਨ ਭਾਸ਼ਾਵਾਂ ’ਚ ਛਪੀ ਪਰ ਉਸ ਵਿਚ ਵੀ ਉਹ ਵਿਸਥਾਰ ਦਾ ਨੇਮ ਪਾਲਦਾ ਹੈ, ਨਾਵਲ ਵਾਲੀ ਸਫਲਤਾ ਗ਼ੈਰਹਾਜ਼ਰ ਰਹੀ। ਬੜੇ ਮਹੱਤਵ ਪੂਰਨ ਗਰੰਥ ਗੁਰਦਿਆਲ ਸਿੰਘ ਨੇ ਬੜੀ ਹੀ ਰਸੀਲੀ ਭਾਸ਼ਾ ’ਚ ਅਨੁਵਾਦ ਕੀਤੇ। ਜਿਨ੍ਹਾਂ ’ਚੋਂ ਮੈਕਸਿਮ ਗੋਰਕੀ ਦੀ ‘ਮੇਰਾ ਬਚਪਨ’, ਕਜ਼ਾਕੇਵਿਚ ਦੀ ‘ਨੀਲੇ ਪੱਤਰੇ’ ਸ਼ਰਤ ਚੰਦਰ ਦੀ ‘ ਬਿਰਾਜ ਬਹੂ’, ਸਿਖਾਈਲ ਸਟੇਲਮਾਖ ਦੀ ‘ਹੰਸਾਂ ਦੀ ਫੇਰੀ’, ਕ੍ਰਿਸ਼ਨਾਸੋਬਤੀ ਦਾ ਜ਼ਿੰਦਗੀਨਾਮਾ, ਯਸ਼ਪਾਲ ਦੀ ਝੂਠਾ ਸੱਚ ਤੇ ਦਾਣਾ ਪਾਣੀ ਪ੍ਰਮੁੱਖ ਹਨ।

ਕਿਹੜਾ ਪੁਰਸਕਾਰ ਹੈ ਜੋ ਗੁਰਦਿਆਲ ਸਿੰਘ ਦੀ ਝੋਲੀ ਨਾ ਪਿਆ ਹੋਵੇ, ਇਕ ਵੀ ਅਜਿਹਾ ਨਹੀਂ। ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਭਾਰਤੀ ਸਾਹਿਤ ਅਕਾਡਮੀ, ਪੰਜਾਬ ਸਰਕਾਰ, ਭਾਰਤ ਸਰਕਾਰ, ਸੋਵੀਅਤ ਲੈਂਡ ਨਹਿਰੂ ਐਵਾਰਡ, ਪਦਮਸ਼੍ਰੀ ਤੇ ਹੋਰ ਕਿੰਨਾ ਕੁਝ। ਪੰਜਾਬ ਸਰਕਾਰ ਨੇ ਜੈਤੋ ’ਚ ਗੁਰਦਿਆਲ ਸਿੰਘ ਗਲਪ ਭਵਨ ਬਣਾਇਆ। ਇਹ ਗੱਲ ਵੱਖਰੀ ਹੈ ਕਿ ਉਹ ਹਾਲੇ ਵੀ ਸੁੰਨ ਸਰਾਂ ਹੈ।

ਗੁਰਦਿਆਲ ਸਿੰਘ ਨੇ ਗੁਰਦਿਆਲ ਸਿੰਘ ਨਹੀਂ ਸੀ ਹੋਣਾ ਜੇ ਡਾ. ਜੋਗਿੰਦਰ ਸਿੰਘ ਰਾਹੀਂ, ਟੀ.ਆਰ. ਵਿਨੋਦ, ਡਾ. ਨਾਮਵਰ ਸਿੰਘ ਵਰਗੇ ਚਿੰਤਕ ਤੇ ਆਲੋਚਕ ਉਸ ਦੀ ਲਿਖ਼ਤ ਨੂੰ ਨਾਲੋਂ ਨਾਲ ਨਾ ਵਾਚਦੇ, ਵਿਓਂਤ ਦੇ। ਉਸ ਦੀ ਸਮਰਥਾ ‘ਧੁੱਪ ਦਰਿਆ ਦੀ ਦੋਸਤੀ’ ਵਾਲੇ ਜਗਜੀਤ ਬੰਗੜ, ਸੜਕਾਂ ਤੇ ਕਮਰੇ ਵਾਲੇ ਸੁਖਵੀਰ, ਅੱਧੀ ਰਾਤ ਪਹਿਰ ਦਾ ਤੜਕਾ ਵਾਲੇ ਬੂਟਾ ਸਿੰਘ ਸ਼ਾਦ, ਬੇੜੀ ਤੇ ਬਰੇਤਾ ਵਾਲੇ ਮੋਹਨ ਕਾਹਲੋਂ ਨਾਲੋਂ ਵਡੇਰੀ ਨਹੀਂ ਸੀ।

ਇਹ ਕੌੜੀ ਹਕੀਕਤ ਹੈ ਕਿ ਗੁਰਦਿਆਲ ਸਿੰਘ ਦਾ ਸੁਭਾਅ, ਸਿਦਕ, ਸਿਰੜ ਤੇ ਸਾਦਗੀ ਉਸ ਦੇ ਜੀਵਨ ਤੇ ਲਿਖਤ ਦੇ ਨਾਲ ਨਾਲ ਸਮਾਂਤਰ ਤੁਰਨ ਕਰਕੇ ਹੀ ਉਹ ਸਿਰਕੱਢਵਾਂ ਬਣ ਸਕਿਆ। ਗਿਆਨ ਪੀਠ ਪੁਰਸਕਾਰ ਵਿਜੇਤਾ ਨਵਾਲਕਾਰ ਗੁਰਦਿਆਲ ਸਿੰਘ ਦਾ ਮਿੱਤੀ 16 ਅਗਸਤ 2016 ਸੰਖੇਪ ਬਿਮਾਰੀ ਪਿੱਛੋਂ ਦਿਹਾਂਤ ਹੋ ਗਿਆ। ਉਸ ਦੇ ਦੇਹਾਂਤ ਮਗਰੋਂ ਪਰਿਵਾਰ ਨੇ ਹੁਣ ਉਸ ਦੇ ਜੱਦੀ ਘਰ ਨੂੰ ਅਜਾਇਬ ਘਰ ’ਚ ਤਬਦੀਲ ਕਰ ਦਿੱਤਾ ਹੈ। ਸ਼ੁਭ ਸ਼ਗਨ ਤੇ ਸਹੀ ਸ਼ਰਧਾਂਜਲੀ ਹੈ, ਪੁਰਖ਼ੇ ਨੂੰ। •

## ਕਵਿਤਾਵਾਂ

### ਆਜ਼ਾਦੀ

ਸੁਣਿਆ ਆਜ਼ਾਦੀਏ
ਤੂੰ ਚੀਜ਼ ਬੜੀ ਸੋਹਣੀ ਏ
ਕਦੇ ਸਾਨੂੰ ਵੀ ਤਾਂ
ਮੁੱਖੜਾ ਵਿਖਾ
ਮਹਿਲਾਂ ਵਿਚ ਰਹਿੰਦੀ ਨੂੰ ਤਾਂ
ਬੜੇ ਸਾਲ ਹੋ ਗਏ
ਕਦੇ ਘਰ ਤੂੰ ਗਰੀਬਾਂ ਦੇ ਵੀ ਤਾਂ ਆ
ਤੈਨੂੰ ਪਾਉਣ ਲਈ ਅਸੀਂ
ਸਭ ਕੁਝ ਵਾਰਿਆ
ਤੈਨੂੰ ਹੰਢਾਉਣ ਦਾ ਸਾਨੂੰ
ਵੀ ਕਿੰਨਾ ਚਾਅ
ਖ਼ੂਨ ਨਾਲ ਲਿਖੀ ਸੀ
ਕਹਾਣੀ ਤੈਨੂੰ ਪਾਉਣ ਦੀ
ਤੇਰੀ ਖ਼ਾਤਿਰ ਹੀਰੇ ਪੁੱਤ
ਅਸੀਂ ਦਿੱਤੇ ਨੇ ਗਵਾ
ਫਿਰ ਵੀ ਤੂੰ ਸਾਡੇ ਨਾਲ
ਕਾਣੀ ਵੰਡ ਕਰਦੀ
ਮਹਿਲਾਂ ਵਾਲਿਆਂ ਨੇ
ਲਿਆ ਤੈਨੂੰ ਭਰਮਾ
ਸੁਣਿਆ ਆਜ਼ਾਦੀਏ
ਤੂੰ ਚੀਜ਼ ਬੜੀ ਸੋਹਣੀ ਏ
ਕਦੇ ਸਾਨੂੰ ਵੀ ਤਾਂ
ਮੁੱਖੜਾ ਵਿਖਾ।



• **ਜਸਪ੍ਰੀਤ ਕੌਰ ਸੰਘਾ**, *ਮੋਬਾਈਲ : 99150-33176*

### ਪੰਦਰਾਂ ਅਗਸਤ

ਪੰਦਰਾਂ ਅਗਸਤ !
ਤੂੰ ਫਿਰ ਆ ਗਈ ਏਂ?
ਤੂੰ ਸਾਲ ਪਹਿਲਾਂ ਵੀ ਆਈ ਸੀ....
ਤੇ ਅਸੀਂ ਇਸ ਦਿਨ
ਇਕ ਦੂਜੇ ਦੀ ਰੀਸ ਨਾਲ
ਸ਼ਹੀਦਾਂ ਨੂੰ ਯਾਦ ਕਰਨਾ
ਫ਼ਰਜ਼ ਸਮਝਿਆ ਸੀ
ਤੇ ਹੁਣ ਫੇਰ
ਸਾਲ ਬਾਅਦ ਆਈ ਏਂ
ਤੇ ਲੈ ਕੇ ਆਈਂ ਏ
ਉਹੀ ਢੌਂਗ ਕਰਨ ਦਾ ਦਿਨ।
ਤਖ਼ਤਾਂ ਦੇ ਮਾਲਕ ਵੀ ਜਾਣਗੇ
ਬੰਦ ਗੱਡੀਆਂ ’ਚ
ਸ਼ਹੀਦਾਂ ਦੀਆਂ ਮੜ੍ਹੀਆਂ ’ਤੇ
ਹੱਥਾਂ ’ਚ ਫੁੱਲਾਂ ਦੀਆਂ ਟੋਕਰੀਆਂ ਲੈ ਕੇ
ਪਰ ਪਹਿਲਾਂ
ਦੇਖਣਗੇ ਅਖ਼ਬਾਰ ਵਾਲਿਆਂ ਵੱਲ
ਦੇਖਣਗੇ ਫੋਟੋ ਵਾਲਿਆਂ ਵੱਲ
ਤੇ ਫੇਰ ਹੋਣਗੇ ਸ਼ਹੀਦਾਂ ਨੂੰ ਫੁੱਲ ਭੇਟ।
ਤਿਰੰਗਾ ਲਹਿਰਾਉਣ ਤੋਂ ਬਾਅਦ
ਭਾਸ਼ਣ ਹੋਣਗੇ ਆਜ਼ਾਦੀ ਦੀ ਖ਼ੁਸ਼ਹਾਲੀ ’ਤੇ
ਬੋਲੇ ਜਾਣਗੇ ਬੋਲ ਉਪਮਾਂ ਲਈ
ਆਪਣੇ ਹੀ ਵੱਡੇ-ਵਡੇਰਿਆਂ ਦੀ ਉਪਮਾਂ
ਜਿੰਨ੍ਹਾਂ ਨੇ ਆਜ਼ਾਦੀ ਲਈ ਨਹੀਂ
ਗੱਦੀ ਲਈ ਸੰਘਰਸ਼ ਕੀਤਾ ਸੀ
ਤੇ ਸੁਣ
ਸ਼ਹੀਦਾਂ ਦੇ ਨਾਂ ’ਤੇ
ਉੱਚੀ ਉੱਚੀ ਮਾਰੇ ਨਾਅਰੇ
‘ਇਨਕਲਾਬ ਜ਼ਿੰਦਾਬਾਦ’
ਸਭ ਫ਼ਰਜ਼ੀ ਹੋਣਗੇ
ਸੁਣ ਕੇ ਬਹੁਤਾ ਖ਼ੁਸ਼ ਨਾ ਹੋਵੀਂ।
ਪੰਦਰਾਂ ਅਗਸਤ !
ਆ ਜਾ ਤੇ ਮੁੜ ਜਾਵੀਂ
ਸਾਲ ਭਰ ਵਾਸਤੇ
ਪਰ
ਸ਼ਹਾਦਤਾਂ ਦੇ ਮੁੱਲ,
ਆਤਮਾਵਾਂ ਦੀ ਕਦਰ
ਆਜ਼ਾਦੀ ਦੇ ਅਰਥ
ਸਾਡੇ ਤੋਂ ਆਸ ਨਾ ਰੱਖੀਂ

• **ਬਲਕਰਨ ਕੋਟ ਸ਼ਮੀਰ**, *ਮੋਬਾਈਲ : 75080-92957*

## ਸ਼ਬਦੋ ਵਣਜਾਰਿਓ

# ਕੋਠੀ



*ਮੂਲ ਰੂਪ ’ਚ ਕੋਠੀ ਸੰਸਕ੍ਰਿਤ ਦਾ ਸ਼ਬਦ ਹੈ। ਸੰਸਕ੍ਰਿਤ ’ਚ ‘ਕੂਟ’ ਧਾਤੂ ਦਾ ਅਰਥ ਹੈ ਆਸਰਾ। ਕੋਠੀ ਦੇ ਛੋਟੇ ਰੂਪ ’ਚ ਕੋਠੜੀ ਤੇ ਵੱਡੇ ’ਚ ਕੋਠੇ ਦਾ ਨਿਰਮਾਣ ਹੋਇਆ।*

ਕੋਸ਼ਾਂ ਅਨੁਸਾਰ ਕੋਠੀ ਦਾ ਅਰਥ ਹੈ ਹਵੇਲੀ, ਵੱਡਾ ਮਕਾਨ, ਬੰਗਲਾ, ਮਿੱਟੀ ਦੀ ਬੁਖਾਰੀ ਜਿਸ ਵਿਚ ਅਨਾਜ ਸਾਂਭਿਆ ਜਾਂਦਾ ਹੈ, ਖੂਹ ਉਸਾਰਨ ਲਈ ਬਣਾਇਆ ਜਾਂਦਾ ਚੱਕ, ਚੱਕਰਾ, ਵੇਸਵਾ ਦਾ ਘਰ, ਖੇਡ ਦਾ ਇਕ ਪਾਸਾ, ਪਲੀਤੇ ਕੋਲ ਬੰਦੂਕ ਦਾ ਉਹ ਹਿੱਸਾ ਜਿਸ ਵਿਚ ਬਰੂਦ ਭਰਿਆ ਜਾਂਦਾ ਹੈ, ਅਲਮਾਰੀ, ਕਾਰਖਾਨਾ, ਖ਼ਜ਼ਾਨਾ ਆਦਿ। ਮੂਲ ਰੂਪ ਵਿਚ ਇਹ ਸੰਸਕ੍ਰਿਤ ਦਾ ਸ਼ਬਦ ਹੈ। ਸੰਸਕ੍ਰਿਤ ਵਿਚ ‘ਕੂਟ’ ਧਾਤੂ ਦਾ ਅਰਥ ਹੈ, ਛੱਪੜ, ਨਿਵਾਸ, ਆਸਰਾ। ਏਸੇ ਤੋਂ ਬਣਿਆ ਕੁਟੀਆ। ਕੁਟੁੰਬ ਨੂੰ ਰਹਿਣ ਲਈ ਆਸਰਾ ਚਾਹੀਦਾ ਸੀ ਜੋ ਹਵੇਲੀ ਦੇ ਰੂਪ ਵਿਚ ਪ੍ਰਗਟ ਹੋਇਆ।

ਕੁਟੀ ਜਾਂ ਕੁਟੀਆਂ ਟੇਡੇ ਛੱਪੜ ਵਾਲੀ ਝੌਂਪੜੀ ਹੈ। ਇਸ ਤੋਂ ਹੀ ਅੱਗੇ ਜਾ ਕੇ ਕੋਟ ਜਾਂ ਕਿਲ੍ਹੇ ਦਾ ਸ਼ਬਦ ਬਣਿਆ ਜਿਵੇਂ ਸਿਆਲਕੋਟ, ਪਠਾਨਕੋਟ, ਰਾਜਕੋਟ, ਫਰੀਦਕੋਟ, ਕੋਟਕਪੂਰਾ, ਰਾਏਕੋਟ ਆਦਿ। ਅਰਬੀ ਫ਼ਾਰਸੀ ਵਿਚ ਕਿਲ੍ਹਾ ਸ਼ਬਦ ਏਸੇ ਤੋਂ ਬਣਿਆ ਤੇ ਕੁਟੁੰਬ ਨੂੰ ਰਹਿਣ ਲਈ ਕੋਠੀ ਚਾਹੀਦੀ ਸੀ। ਕੋਠੀ ਦੇ ਛੋਟੇ ਰੂਪ ਵਿਚ ਕੋਠੜੀ ਤੇ ਵੱਡੇ ਰੂਪ ਵਿਚ ਕੋਠੇ ਦਾ ਨਿਰਮਾਣ ਹੋਇਆ। ਇਨ੍ਹਾਂ ਦੋਹਾਂ ਨਾਲ ਵੱਡੀ ਮੁਹਾਵਰਾਕਾਰੀ ਬਣੀ ਜਿਵੇਂ ਕੋਠੀ ਉਤਾਰਨਾ, ਕੋਠੀ ਗਾਲਣਾ, ਕੋਠੀਖਾਨਾ, ਛੱਲਾ ਕੋਠੀ, ਕੋਠੀ ’ਚ ਮੂੰਹ, ਕੋਠੀ ਬਿਠਾਉਣਾ, ਕੋਠੀਦਾਰ, ਕੋਠੀ ਲੱਗਣਾ, ਕੋਠੀ ਲਾਉਣਾ, ਕੋਠੀਵਾਲ, ਲਾਲ ਕੋਠੀ, ਲੱਧਾ ਕੋਠੀ, ਸਰਦਖਾਨੇ ਵਾਲੀ ਕੋਠੀ। ਜੀਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ। ਕੋਠੜੀ, ਕੋਠੜਾ, ਕੋਠਾ, ਕੋਠਾ ਉਸਰਿਆ ਤਰਖਾਣ ਵਿਸਰਿਆ। ਕੋਠਾ ਸਿਰ ’ਤੇ ਚੁਕਣਾ, ਕੋਠਾ ਕੱਲਾ, ਕੋਠੇ ਚੜ੍ਹਣਾ, ਕੋਠਾ ਚਾੜ੍ਹਣਾ, ਕੋਠਾ ਪਾਉਣਾ, ਕੋਠੇ ਬਹਿਣਾ, ਕੋਠੇ ਕੋਠੇ ਫਿਰਨਾ, ਕੋਠੇ ਚੜ੍ਹ ਕੇ ਨੱਚਣਾ, ਕੋਠੇ ਚੜ੍ਹਕੇ ਵੇਖਿਆ ਘਰ ਘਰ ਇਹੋ ਅੱਗ, ਕੋਠੇ ਟੱਪਣਾ, ਕੋਠੇ ਤੋਂ ਡਿੱਗੀ ਵਿਹੜੇ ਨਾਲ ਰੁਸੀ, ਕੋਠੇ ਦੀ ਦੌੜ ਬਨੇਰੇ ਤੌੜੀ। ਕੋਠੇ ਭਰਨਾ, ਕੋਠੇ ਵਾਲਾ ਰੋਵੇ, ਛੱਪਰ ਵਾਲਾ ਸੋਵੇ, ਕੋਠੇ ਵਾਲੀ ਆਦਿ।

‘ਕੁਟ’ ਦਾ ਇਕ ਅਰਥ ਘੜਾ ਵੀ ਹੁੰਦਾ ਹੈ ਤੇ ਘਰ ਵੀ, ਦੋਹਾਂ ਵਿਚ ਆਸਰੇ ਦਾ ਭਾਵ ਹੈ, ਘਰ ਵਿਚ ਕੁਟੁੰਬ ਆਸਰਾ ਲੱਭਦਾ ਹੈ ਤੇ ਘੜੇ ਵਿਚ ਜਲ। ਕੁਟ ਭਾਵ ਗਮਲੇ ਵਿਚ ਜੰਮਿਆ ਬੂਟਾ। ਪਹਾੜਾਂ ਵਿਚ ਜਿੱਥੋਂ ਕੁਦਰਤੀ ਤੌਰ ’ਤੇ ਪਾਣੀ ਰਿਸਦਾ ਹੈ ਜਿਸ ਦੇ ‘ਕੁੰਡ’ ਬਣ ਜਾਂਦੇ ਹਨ ਜਿਵੇਂ ‘ਬਿਆਸ ਕੁੰਡ’ ਜੋ ਕਿ ਰੋਹਤਾਂਗ ਦੇ ਕੋਲ ਹੈ ਜਿੱਥੋਂ ਬਿਆਸ ਦਰਿਆ ਨਿਕਲਦਾ ਹੈ, ਏਸੇ ਤਰ੍ਹਾਂ ਹੀਰਾ ਕੁੰਡ ਆਦਿ ਇਹ ਵੀ ਕੋਠੀ ਦੇ ਰੂਪ ਹਨ। ਅਸਲ ’ਚ ਇਨ੍ਹਾਂ ਦੀ ਉਤਪਤੀ ਸੰਸਕ੍ਰਿਤ ਦੇ ‘ਕੋਸ਼ਠ’ ’ਚੋਂ ਹੋਈ ਹੈ, ਜਿਸ ਦਾ ਅਰਥ ਹੈ ਸੁਰੱਖਿਅਤ, ਘਿਰਿਆ ਹੋਇਆ ਸਥਾਨ, ਮਨੁੱਖ ਨੇ ਪਹਾੜਾਂ, ਮਿੱਟੀ ਵਿਚ ਮੁਢਲੇ ਕੋਸ਼ਠ ਬਣਾਏ। ਕੋਸ਼ਠ ਨਾਲ ਬਾਅਦ ਵਿਚ ਭੰਡਾਰ ਕਰਨ ਦੇ ਅਰਥ ਜੁੜ ਗਏ। ਬਾਅਦ ਵਿਚ ਕੋਠਾਰੀ ਇਕ ਜਾਤੀਗਤ ਨਾਂ ਬਣ ਗਿਆ। ਕੁਸ਼ ਧਾਤੂ ਤੋਂ ਕੋਸ਼ ਬਣਿਆ ਜਿਸ ਦਾ ਅਰਥ ਸਮੂਹ, ਭੰਡਾਰ, ਢੇਰ, ਇਕੱਠ ਹੈ। ਸ਼ਬਦ ਕੋਸ਼ ਵਿਚ ਸ਼ਬਦਾਂ ਦੇ ਢੇਰ ਹੀ ਹੁੰਦੇ ਹਨ। ਇੰਜ ਘਿਰੇ ਹੋਏ ਸਥਾਨ ਨੂੰ ਕੋਠੀ ਦੇ ਨਾਲ ਨਾਲ ਬਹੁਤ ਸਾਰਾ ਵਿਸਥਾਰ ਮਿਲ ਗਿਆ।

• **ਪਰਮਜੀਤ ਢੀਂਗਰਾ**,
*ਮੋਬਾਈਲ : 94173-58120*

ਮਿੰਨੀ ਕਹਾਣੀ

## ਬੀਬਾ ਪੁੱਤ



ਅੱਜ ਘਰ ਵਿਚ ਖ਼ੂਬ ਰੌਣਕਾਂ ਲੱਗੀਆਂ ਹੋਇਆ ਸਨ, ਹੋਣ ਵੀ ਕਿਉਂ ਨਾ ਕਮਲ ਦੇ ਘਰ ਨਿੱਕੇ ਵੀਰ ਨੇ ਸਭ ਨੂੰ ਨਵੀਂ ਖ਼ੁਸ਼ੀ ਜੋ ਦਿੱਤੀ ਸੀ। ਉਹ ਆਪਣੀ ਮਾਂ ਦੇ ਮੂੰਹੋਂ ਇਹ ਸ਼ਬਦ ਸੁਣਨ ਦੀ ਅਕਸਰ ਜ਼ਿਦ ਕਰਦੀ ਰਹਿੰਦੀ ਕਿ ਮਾਂ ਮੈਨੂੰ ਵੀ ‘ਬੀਬਾ ਪੁੱਤ’ ਕਹਿ ਨਾ। ਪਰ ਮਾਂ ਉਸ ਨੂੰ ਕੁਝ ਨਾ ਕੁਝ ਆਖ ਕੇ ਹਰ ਵਾਰੀ ਟਾਲ ਦਿੰਦੀ । ਪਰ ਉਹ ਅੱਜ ਮਾਂ ਦੀ ਗੋਦ ਵਿਚ ਪਏ ਨਵ-ਜਨਮੇਂ ਵੀਰ ਨੂੰ ਦੇਖ ਕੇ ਬੋਲੀ ‘ਮਾਂ ਕੀ ਇਹ ਵੀ ਮੇਰੇ ਵਾਂਗ ਬੋਝ ਹੋਵੇਗਾ ਤੁਹਾਡੇ ਉੱਤੇ’।

ਉਸ ਦੇ ਮੂੰਹੋਂ ਇਹ ਸ਼ਬਦ ਨਿਕਲਣ ਦੀ ਦੇਰ ਸੀ ਕਿ ਕੋਲ ਬੈਠੇ ਉਸ ਦੇ ਪਿਤਾ ਨੇ ਬਿਨਾਂ ਕੁਝ ਸੋਚੇ ਇਕ ਥੱਪੜ ਪੂਰੇ ਜੋਰ ਨਾਲ ਉਸ ਦੇ ਕੰਨ ਦੇ ਕੋਲ ਧਰ ਦਿੱਤਾ ਅਤੇ ਨਾਲ ਹੀ ਇਹ ਸ਼ਬਦ ਉਚਾਰੇ ਕਿ ਖ਼ਬਰਦਾਰ ਜੇ ਮੇਰੇ ‘ਬੀਬੇ ਪੁੱਤ’ ਨੂੰ ਅੱਗੇ ਤੋਂ ਅਜਿਹਾ ਕੁਝ ਕਿਹਾ। ਇਹ ਤਾਂ ਮੇਰੇ ਘਰ ਦੀ ਸ਼ਾਨ ਹੈ। ਇਸ ਨਾਲ ਹੀ ਮੇਰੀ ਕੁਲ ਦਾ ਨਾਂ ਇਸ ਦੁਨੀਆ ’ਤੇ ਰਹੇਗਾ।

ਇਹ ਸਭ ਕੁਝ ਸੁਣਦੀ ਕੋਲ ਬੈਠੀ ਉਸ ਦੀ ਮਾਂ ਦੀ ਇੰਨੀ ਹਿੰਮਤ ਨਹੀਂ ਪਈ ਕਿ ਉਹ ਆਪਣੇ ਪਤੀ ਕੋਲੋਂ ਇਹ ਪੁੱਛ ਸਕੇ ਕਿ ਕਮਲ ਨੂੰ ਵੀ ਤਾਂ ਉਸ ਨੇ ਹੀ ਆਪਣੀ ਕੁੱਖੋਂ ਜਨਮਿਆਂ ਹੈ ਅਤੇ ਉਸ ਦੇ ਵੀਰ ਨੂੰ ਵੀ। ਫਿਰ ਕਮਲ ਤੇ ਉਸ ਦੇ ਵੀਰ ਵਿਚ ਇਹ ਅੰਤਰ ਕਿਉਂ?

ਅੱਖਾਂ ਦੇ ਅੱਥਰੂ ਪੂੰਝਦੀ ਕਮਲ ਇਹ ਸੋਚਦੀ ਚੌਂਕੇ ਵੱਲ ਤੁਰ ਪਈ ਕਿ ਸ਼ਾਇਦ ਹੁਣ ਉਹ ਕਦੇ ਵੀ ‘ਬੀਬਾ ਪੁੱਤ’ ਸ਼ਬਦ ਨਹੀਂ ਸੁਣ ਸਕੇਗੀ।

• **ਸੁਖਵੰਤ ਕੌਰ ਸੁੱਖੀ**

# ਪੱਛਮ ’ਚ ਦਲਿਤ ਦਰਸ਼ਨ ਦੀ ਪਰੀਚੈਕਾਰ ਐਲੀਆਨੋਰ ਜ਼ਿਲੀਅਟ



ਮਨਮੋਹਨ
ਮੋਬਾਈਲ : 082839-48811

*ਜ਼ਿਲੀਅਟ ਪਹਿਲੀ ਅਮਰੀਕੀ ਵਿਦਵਾਨ ਹੈ ਜਿਸ ਨੇ ਡਾ. ਬੀ ਆਰ ਅੰਬੇਡਕਰ ’ਤੇ ਪੀਐਚਡੀ ਕੀਤੀ। ਉਹ ਦਲਿਤ ਦਰਸ਼ਨ ਅਤੇ ਭਾਰਤ ਦੇ ਇਤਿਹਾਸ ’ਚ ਚੱਲੀਆਂ ਅਛੂਤ ਲਹਿਰਾਂ ਦੀ ਮਾਹਿਰ ਇਤਿਹਾਸਕਾਰ-ਵਿਆਖਿਆਕਾਰ ਹੈ। ਉਸ ਨੇ ਪਹਿਲੀ ਵਾਰ ਅੰਬੇਡਕਰ ਦੇ ਵਿਚਾਰਾਂ ਤੇ ਉਨ੍ਹਾਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਦ੍ਰਿਸ਼ਟੀਕੋਣਾਂ ਤੇ ਦਲਿਤ ਮਸਲਿਆਂ ਬਾਰੇ ਲੰਮੇ ਸੰਘਰਸ਼ ਬਾਰੇ ਪੱਛਮੀ ਜਗਤ ਨੂੰ ਜਾਣੂ ਕਰਵਾਇਆ ਹੈ...*

ਬੜੇ ਸਾਲ ਪਹਿਲਾਂ ਮੈਂ ਕਿਸੇ ਸਰਕਾਰੀ ਕੰਮ ਹਿੱਤ ਪੂਨੇ ਗਿਆ ਤਾਂ ਮੈਨੂੰ ਐਲੀਆਨੋਰ ਜ਼ਿਲੀਅਟ ਵੱਲੋਂ ਵਿਕਸਤ ਕੀਤੇ ਗਏ ਭਾਰਤ ਸਬੰਧੀ ਅਧਿਐਨਾਂ ਦੇ ਪ੍ਰੋਗਰਾਮ ਨਾਲ ਜੁੜੇ ‘ਐਸੋਸੀਏਟਿਡ ਕਾਲਜਿਜ਼ ਆਫ ਮਿਡਵੈਸਟ’ ਨੂੰ ਜਾਨਣ ਦਾ ਮੌਕਾ ਮਿਲਿਆ। ਇਹ ਕਾਲਜ ਆਪਣੇ ਉਦੇਸ਼ ’ਚ ਸਪੂੰਰਣ ਤੌਰ ’ਤੇ ਭਾਰਤੀ ਅਧਿਐਨਾਂ ਦੇ ਨਾਲ ਨਾਲ ਦੱਖਣ-ਪੂਰਬੀ ਏਸ਼ਿਆਈ ਵਿਸ਼ਿਆਂ ਨੂੰ ਵੀ ਸਮਰਪਿਤ ਹੈ।

ਮੈਨੂੰ ਇਹ ਜਾਣ ਕੇ ਵੀ ਬਹੁਤ ਹੈਰਾਨੀ ਹੋਈ ਕਿ ਜ਼ਿਲੀਅਟ ਬਹੁਤ ਵੱਡੀ ਲੇਖਿਕਾ ਹੋਣ ਦੇ ਨਾਲ ਨੌਰਥਫੀਲਡ, ਮਿਨੇਸਟਾ ਦੇ ਚਾਰਲਟਨ ਕਾਲਜ ’ਚ ਭਾਰਤੀ ਇਤਿਹਾਸ ਦੀ ਪ੍ਰੋਫ਼ੈਸਰ ਹੈ ਤੇ ਉਹ ਪਹਿਲੀ ਅਮਰੀਕੀ ਵਿਦਵਾਨ ਹੈ ਜਿਸ ਨੇ ਡਾ. ਬੀ ਆਰ ਅੰਬੇਡਕਰ ’ਤੇ ਪੀਐਚਡੀ ਕੀਤੀ। ਉਹ ਦਲਿਤ ਦਰਸ਼ਨ ਅਤੇ ਭਾਰਤ ਦੇ ਇਤਿਹਾਸ ’ਚ ਚੱਲੀਆਂ ਅਛੂਤ ਲਹਿਰਾਂ ਦੀ ਮਾਹਿਰ ਇਤਿਹਾਸਕਾਰ-ਵਿਆਖਿਆਕਾਰ ਹੈ। ਇਹੀ ਉਹ ਵਿਦਵਾਨ ਹੈ ਜਿਸ ਨੇ ਪਹਿਲੀ ਵਾਰ ਅੰਬੇਡਕਰ ਦੇ ਵਿਚਾਰਾਂ ਤੇ ਉਨ੍ਹਾਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਦ੍ਰਿਸ਼ਟੀਕੋਣਾਂ ਤੇ ਦਲਿਤ ਮਸਲਿਆਂ ਬਾਰੇ ਲੰਮੇ ਸੰਘਰਸ਼ ਬਾਰੇ ਪੱਛਮੀ ਜਗਤ ਨੂੰ ਜਾਣੂ ਕਰਵਾਇਆ ਹੈ।

ਜ਼ਿਲੀਅਟ ਨੇ ਡਾ. ਅੰਬੇਡਕਰ ਵੱਲੋਂ ਭਾਰਤ ਦੇ ਅਛੂਤਾਂ ਤੇ ਦਲਿਤਾਂ ਦੇ ਅਧਿਕਾਰਾਂ ਤੇ ਨਿਆਂ ਨੂੰ ਲੈ ਕੇ ਵਿੱਢੇ ਸੰਘਰਸ਼ ਉੱਪਰ, ਅੰਬੇਡਕਰ ਦੇ ਵਿਚਾਰਾਂ ਤੋਂ ਪ੍ਰੇਰਿਤ ਬੁੱਧਮ ਦੀ ਲਹਿਰ ਅਤੇ ਮੱਧਕਾਲੀ ਭਗਤੀ ਲਹਿਰ ਦੇ ਸੰਤ-ਭਗਤ ਕਵੀਆਂ ਉੱਪਰ ਲਗਪਗ ਅੱਸੀ ਲੇਖ ਲਿਖੇ ਅਤੇ ਕਈ ਕਿਤਾਬਾਂ ਦਾ ਸਹਿ-ਲੇਖਨ ਅਤੇ ਸੰਪਾਦਨ ਕੀਤਾ।

ਜ਼ਿਲੀਅਟ ਪਹਿਲੀ ਵਿਦਵਾਨ ਸੀ ਜਿਸ ਨੇ ਡਾ. ਅੰਬੇਡਕਰ ਦੀ ਮਹਾਨਤਾ ਨੂੰ ਪਛਾਣਿਆ ਅਤੇ ਉਨ੍ਹਾਂ ਦੇ ਵਿਚਾਰ ਦਰਸ਼ਨ ਨੂੰ ਆਪਣੇ ਖੋਜ ਦਾ ਵਿਸ਼ਾ ਬਣਾਇਆ। ਅੰਬੇਡਕਰੀ ਵਿਚਾਰਾਂ ਦਾ ਪੱਛਮ ’ਚ ਖ਼ਾਸ ਕਰਕੇ ਅਮਰੀਕੀ ਚਿੰਤਨ ਦਾਇਰਿਆਂ ’ਤੇ ਇਦਾਰਿਆਂ ’ਚ ਪਛਾਣ ਕਰਵਾਉਣ ਵਾਲੀ ਵੀ ਜ਼ਿਲੀਅਟ ਪਹਿਲੀ ਵਿਦਵਾਨ ਸੀ। ਉਸ ਨੇ ਆਪਣੀ ਕੁਐਕਰਜ਼ (ਸਤ੍ਹਾਰਵੀਂ ਸਦੀ ’ਚ ਈਸਾਈ ਧਰਮ ਨਾਲ ਜੁੜਿਆ ਮਿੱਤਰ ਸਮੂਹ) ਨਾਲ ਜੀਵਨ ਭਰ ਦੀ ਪ੍ਰਤੀਬੱਧਤਾ ਰਾਹੀਂ ਸਮਾਜਿਕ ਨਿਆਂ ਨੂੰ ਸਮਰਪਿਤ ਬੜੀ ਸ਼ਕਤੀਸ਼ਾਲੀ ਭਾਵਨਾ ਨੂੰ ਆਪਣੇ ਵਿਚਾਰਾਂ ਅਤੇ ਵਿਅਕਤੀਤਵ ’ਚ ਪੈਦਾ ਕੀਤਾ।

ਕੁਐਕਰਜ਼ ਦੀ ਸੰਗਤ ਨੇ ਹੀ ਜ਼ਿਲੀਅਟ ਨੂੰ ਲੇਖਕ, ਸੰਪਾਦਕ ਤੇ ਅਧਿਆਪਕ ਬਣਾਇਆ। 1952 ’ਚ ਉਹ ਪਹਿਲੀ ਵਾਰ ਕੁਐਕਰਜ਼ ਮਿਸ਼ਨ ਯਾਤਰਾ ਅੰਤਰਗਤ ਭਾਰਤ ਆਈ। ਪਹਿਲੀ ਫੇਰੀ ’ਚ ਉਸ ਦਾ ਭਾਰਤ ਤੇ ਭਾਰਤੀਆਂ ਨਾਲ ਪ੍ਰੇਮ ਪੈ ਗਿਆ। ਉਸ ਅੰਦਰ ਬੈਠੀ ਸੰਵੇਦਨਾ ਤੇ ਸਮਰਪਣ ਕਾਰਣ ਉਹ ਭਾਰਤ ਦੇ ਦਲਿਤਾਂ ਦੀ ਵਾਸਤਵਿਕ ਸਥਿਤੀ ਤੇ ਸਮਾਜਿਕ, ਆਰਥਿਕ ਤੇ ਰਾਜਨੀਤਕ ਸੰਘਰਸ਼ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੀ। ਦਲਿਤਾਂ ਦੀ ਦਯਨੀਯ ਤੇ ਅਣਮਨੁੱਖੀ ਜੀਵਨ ਸਥਿਤੀ ਨੇ ਉਸ ਨੂੰ ਧੁਰ ਅੰਦਰ ਤਕ ਦ੍ਰਵਿਤ ਕਰ ਦਿੱਤਾ ਤੇ ਉਸ ਨੇ ਭਾਰਤ ਦੇ ਦਲਿਤ ਸਮਾਜ ਤੇ ਦਲਿਤ ਵਿਸ਼ਿਆਂ ਉੱਪਰ ਖੋਜ ਕਰਨ ਦਾ ਨਿਸ਼ਚੈ ਕਰ ਲਿਆ।

ਜ਼ਿਲੀਅਟ ਨੇ ਇਸ ਖੋਜ ਕਾਰਜ ਲਈ ਬੜੀ ਨਵੀਂ ਤੇ ਅਨੋਖੀ ਖੋਜ ਵਿਧੀ ਆਰੰਭ ਕੀਤੀ ਜਿਸ ਨੂੰ ‘ਸਹਿਭਾਗੀ ਖੋਜ’ ਕਿਹਾ ਗਿਆ। ਇਸ ’ਚ ਖੋਜਕਾਰ ਆਪਣੇ ਵਿਸ਼ੇ ਤੇ ਬੰਦਿਆਂ ਨਾਲ ਪੂਰੀ ਤਰ੍ਹਾਂ ਘੁਲ ਮਿਲ ਜਾਂਦਾ ਹੈ। ਖੋਜੀ ਆਪਣੇ ਵਿਸ਼ੇ ਨਾਲ ਜੁੜੀ ਲੋਕਾਈ ਦੀ ਪੀੜ ਨੂੰ ਆਪਣੀ ਸੰਵੇਦਨਾ ’ਚ ਭੋਗਦਾ ਹੈ। ਜ਼ਿਲੀਅਟ, ਖੋਜ ਦੌਰਾਨ ਆਮ ਸਧਾਰਣ ਦਲਿਤਾਂ ਨਾਲ ਰਲ ਮਿਲ ਜਾਂਦੀ, ਉਨ੍ਹਾਂ ਨਾਲ ਉੱਠਦੀ-ਬੈਠਦੀ ਅਤੇ ਉਨ੍ਹਾਂ ਦੀ ਭਾਸ਼ਾ ’ਚ ਹੀ ਸੰਵਾਦ ਰਚਾਉਂਦੀ। ਉਨ੍ਹਾਂ ਦੇ ਅਨੁਭਵਾਂ ਤੇ ਅਨੁਭੂਤੀਆਂ ਦੀ ਸਹਿਭਾਗੀ ਬਣਦੀ। ਇਸ ਤਰ੍ਹਾਂ ਉਹ ਦਲਿਤ ਸੰਘਰਸ਼ ਦਾ ਹਿੱਸਾ ਬਣ ਕੇ ਉਨ੍ਹਾਂ ’ਚ ਇਹ ਯੋਗਤਾ ਤੇ ਖ਼ਮਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੀ, ਦਲਿਤ ਸਮਾਜ ਦੇ ਲੋਕ ਵਾਸਤਵਿਕਤਾ ਨੂੰ ਦੇਖਣ/ਪ੍ਰਤੱਖਣ ਲਈ ਆਪਣਾ ਪਰਿਪੇਖ ਬਣਾ ਸਕਣ। ਇੰਜ ਉਸ ਨੇ ਦਲਿਤ ਸਥਿਤੀਆਂ ਤੇ ਸੱਚਾਈਆਂ ਦੀ ਸੂਖ਼ਮਤਾ ਨੂੰ ਦੇਖ ਕੇ ਦਲਿਤ ਅਧਿਐਨ ਤੇ ਲੇਖਣੀ ਦੀ ਨੀਂਹ ਰੱਖੀ। ਭਾਵੇਂ ਕਿ ਜ਼ਿਲੀਅਟ ਇਤਿਹਾਸਕਾਰ ਸੀ ਪਰ ਉਸ ਦੀ ਖੋਜ, ਇਤਿਹਾਸ ਅਧਿਐਨ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ ਆਪਣੀ ਪਹੁੰਚ ’ਚ ਦਰਸ਼ਨ, ਰਾਜਨੀਤੀ ਸ਼ਾਸਤਰ, ਮਾਨਵ ਵਿਗਿਆਨ ਅਤੇ ਸਮਾਜ ਵਿਗਿਆਨ ਨੂੰ ਵੀ ਸ਼ਾਮਿਲ ਕਰ ਲੈਂਦੀ।

ਜ਼ਿਲੀਅਟ ਨੇ ਚਾਰਲਟਨ ਕਾਲਜ, ਨੋਰਥਫੀਲਡ ’ਚ 1969 ’ਚ ਇਤਿਹਾਸ ਪੜ੍ਹਾਉਣ ਨਾਲ ਆਪਣਾ ਕੈਰੀਅਰ ਆਰੰਭ ਕੀਤਾ। ਪੈਨਸਿਲਵਾਨੀਆ ਯੂਨੀਵਰਸਿਟੀ ’ਤੋਂ ਦੱਖਣੀ ਏਸ਼ਿਆਈ ਅਧਿਐਨਾਂ ’ਚ ਆਪਣੀ ਪੀਐਚਡੀ ਕਰਨ ਤੋਂ ਬਾਅਦ ਆਪਣੀ 1997 ’ਚ ਆਪਣੀ ਸੇਵਾ ਮੁਕਤੀ ਮਗਰੋਂ ਲਾਰੇਡ ਬੈੱਲ ਇਤਿਹਾਸ ਦੀ ਪ੍ਰੋਫ਼ੈਸਰ ਇਮੈਰੀਤਸ ਬਣੀ।

‘ਮਹਾਡ : ਦਾ ਮੇਕਿੰਗ ਆਫ਼ ਦਾ ਫਸਟ ਦਲਿਤ ਰੀਵੋਲਟ’ ਦੇ ਲੇਖਕ ਆਨੰਦ ਤੇਲਤੁੰਬੜੇ ਅਨੁਸਾਰ ਜ਼ਿਲੀਅਟ ਅਧਿਆਪਕ ਵਜੋਂ ਬੜਾ ਫਿਰਾਖ਼ ਦਿਲ ਰੱਖਦੀ ਸੀ ਤੇ ਸਾਰੀ ਦੁਨੀਆ ’ਚ ਫੈਲੇ ਆਪਣੇ ਵਿਦਿਆਰਥੀਆਂ, ਦੋਸਤਾਂ ਤੇ ਸਹਿਕਰਮੀਆਂ ਨੂੰ ਬੜੀ ਸੁਹਿਰਦਿਤਾ ਨਾਲ ਵਿਚਰਦੀ ਅਤੇ ਮੰਗੇ ਜਾਣ ’ਤੇ ਬੜੀ ਇਮਾਨਦਾਰੀ ਨਾਲ ਸਲਾਹ ਮਸ਼ਵਰਾ ਦਿੰਦੀ ਤੇ ਹਰ ਸੰਭਵ ਮਦਦ ਕਰਦੀ। ਉਹ ਵਿਦਿਆਰਥੀਆਂ ’ਚ ਬੜੀ ਹਰਮਨ ਪਿਆਰੀ ਅਧਿਆਪਕਾ ਸੀ ਅਤੇ ਉਸ ਨੇ ਕਈ ਵਿਦਿਆਰਥੀਆਂ ਨੂੰ ਭਾਰਤੀ ਤੇ ਦੱਖਣੀ ਏਸ਼ਿਆਈ ਅਧਿਐਨਾਂ ਅਤੇ ਇਤਿਹਾਸ ਨੂੰ ਆਪਣੀ ਖੋਜ ਦਾ ਵਿਸ਼ਾ ਚੁਣਨ ਦੀ ਪ੍ਰੇਰਨਾ ਦਿੱਤੀ। ਵਿਦਿਆਰਥੀ ਨਾ ਸਿਰਫ਼ ਉਸ ਕੋਲੋਂ ਕਲਾਸ ਰੂਮ ’ਚ ਹੀ ਗਿਆਨ ਗ੍ਰਹਿਣ ਕਰਦੇ ਬਲਕਿ ਉਸ ਦੇ ਘਰ ਆ ਕੇ ਵੀ ਭਾਰਤੀ ਖਾਣੇ ਬਣਾਉਣੇ ਸਿੱਖਦੇ ਤੇ ਖਾ ਕੇ ਆਨੰਦ ਲੈਂਦੇ। ਵਿਦਿਆਰਥੀ ਜਦੋਂ ਵੀ ਉਸ ਨਾਲ ਭਾਰਤ ਯਾਤਰਾ ਤੇ ਖ਼ਾਸ ਕਰਕੇ ਪੂਨੇ ਆਉਂਦੇ ਤਾਂ ਜ਼ਿਲੀਅਟ ਆਪਣੇ ਘਰ ’ਚ ਭਾਰਤੀ ਸੱਭਿਆਚਾਰਕ ਆਯੋਜਨ ਕਰਦੀ ਤਾਂ ਵਿਦਿਆਰਥੀ ਭਾਰਤੀ ਸੰਸਕ੍ਰਿਤੀ ਤੋਂ ਵੀ ਜਾਣੂ ਹੁੰਦੇ। ਉਸ ਦੇ ਵਿਦਿਆਰਥੀਆਂ ’ਚੋਂ ਗੈਲ ਓਮਵੇਦਤ ਉਸ ਦੇ ਬਹੁਤ ਲਾਗੇ ਸੀ, ਜੋ ਆਪ ਵੀ ਬੜੀ ਪ੍ਰਸਿੱਧ ਤੇ ਪ੍ਰਖਰ ਅੰਬੇਦਕਰ ਅਧਿਐਨਾਂ ਦੀ ਵਿਦਵਾਨ ਹੈ।



ਗੈਲ ਵੀ ਜ਼ਿਲੀਅਟ ਵਾਂਗ ਭਾਰਤ ’ਚ ਵੱਸ ਗਈ ਤੇ ਦਲਿਤ ਅਧਿਐਨਾਂ ਦੀ ਉਸ ਵੱਲੋਂ ਆਰੰਭ ਕੀਤੀ ਪਰੰਪਰਾ ਨੂੰ ਅੱਗੇ ਤੋਰਿਆ।

ਜ਼ਿਲੀਅਟ ਕਈ ਕਿਤਾਬਾਂ ਤੇ ਲੇਖਾਂ ਦੀ ਮੂਲ ਲੇਖਿਕਾ ਤੇ ਸਹਿ-ਲੇਖਿਕਾ ਹੈ। ਇਨ੍ਹਾਂ ਲਿਖਤਾਂ ’ਚ ਸਭ ਤੋਂ ਮਹੱਤਵਪੂਰਣ ਹੈ ‘ਅੰਬੇਡਕਰ ਵਰਲ : ਦਾ ਮੇਕਿੰਗ ਆਫ ਬਾਬਾ ਸਾਹਿਬ ਐਂਡ ਦਾ ਦਲਿਤ ਮੂਵਮੈਂਟ। ਇਹ ਕਿਤਾਬ ਦਲਿਤ ਵਿਸ਼ਿਆਂ ’ਤੇ ਖੋਜ ਕਰਨ ਵਾਲੇ ਖੋਜਾਰਥੀਆਂ ਦੇ ਪੜ੍ਹਨ ਲਈ ਸਭ ਤੋਂ ਜ਼ਰੂਰੀ ਕਿਤਾਬ ਹੈ। ਦੂਜੀਆਂ ਹੋਰ ਕਈ ਲਿਖਤਾਂ ਤੋਂ ਇਲਾਵਾ ਕੁਝ ਹੋਰ ਮਹੱਤਵਪੂਰਣ ਲਿਖਤਾਂ ਹਨ, ‘ਫਰੋਮ ਅਨਟੱਚੇਬਲ ਟੂ ਦਲਿਤ : ਐਸੇਜ਼ ਆਨ ਅੰਬੇਡਕਰ ਮੂਵਮੈਂਟ’, ‘ਦਾ ਐਕਸਪੀਰੀਐਂਸ ਆਫ਼ ਹਿੰਦੂਇਜ਼ਮ : ਐਸੇਜ਼ ਆਨ ਰਿਲੀਜ਼ਨ ਇਨ ਮਹਾਰਾਸ਼ਟਰ’, ‘ਅਨਟੱਚੇਬਲ ਸੇਂਟਸ : ਐਨ ਇੰਡੀਅਨ ਫਿਨੋਮੀਨਨ’, ਤੇ ‘ਐਨ ਐਥੋਲੋਜੀ ਆਫ਼ ਦਲਿਤ ਲਿਟਰੇਚਰ’ ਜੋ ਉਸ ਨੇ ਮੁਲਕ ਰਾਜ ਆਨੰਦ ਨਾਲ ਮਿਲ ਕੇ ਸੰਪਾਦਿਤ ਕੀਤੀ। ਭਾਵੇਂ ਕਿ ਉਹ ਆਪਣੇ ਆਪ ਨੂੰ ‘ਅਧਾਰਮਿਕ’ ਦੱਸਦੀ ਸੀ ਪਰ ਉਸ ਨੇ ਮਹਾਰਾਸ਼ਟਰ ਦੇ ਸੰਤ ਕਵੀਆਂ ਬਾਰੇ ਜਿੰਨਾ ਭਾਵਪੂਰਤ ਤੇ ਸੰਵੇਦਨੀ ਢੰਗ ਨਾਲ ਲਿਖਿਆ ਸ਼ਾਇਦ ਕੋਈ ਧਾਰਮਿਕ ਸ਼ਰਧਾ ਵਾਲਾ ਵੀ ਨਹੀਂ ਲਿਖ ਸਕਦਾ।

ਜ਼ਿਲੀਅਟ ਨੂੰ ਤਿੰਨ ਵਾਰ ਅਮਰੀਕਾ ਦੇ ਭਾਰਤੀ ਅਧਿਐਨਾਂ ਦੀ ਸੰਸਥਾ ’ਚ ਫੈਲੋਸ਼ਿਪ ਮਿਲੀ ਅਤੇ ਸੰਨ ਸਤਾਨਵੇਂ ’ਚ ਫੁਲਬਰਾਈਟ ਫੈਲੋਸ਼ਿਪ ਵੀ ਮਿਲੀ। ਸੰਨ ਨੜ੍ਹਿਨਵੇਂ ’ਚ ਉਸ ਨੂੰ ਏਸ਼ਿਆਈ ਅਧਿਐਨਾਂ ’ਚ ਪੂਰਣ ਸਮਰਪਣ ਅਤੇ ਭਾਰਤੀ ਅਧਿਐਨਾਂ ’ਚ ਮੂਲਭੂਤ ਪਰਿਵਰਤਨ ਲਿਆਉਣ ਦੇ ਮਹੱਤਵਪੂਰਣ ਯੋਗਦਾਨ ਲਈ ਏਏਐੱਸ ਅਵਾਰਡ ਵੀ ਮਿਲਿਆ। ਇਸ ਤੋਂ ਇਲਾਵਾ ਉਸ ਮਿਨੋਸਟਾ ਦੇ ਦੱਖਣੀ ਭਾਰਤੀ ਸੰਗਮ, ਭਾਰਤੀ ਅਧਿਐਨਾਂ ਦੀ ਅਮਰੀਕੀ ਸੰਸਥਾ ਅਤੇ ਏਸ਼ਿਆਈ ਅਧਿਐਨਾਂ ਦੇ ਅਮਰੀਕੀ ਸੰਗਠਨ ਅਤੇ ਏਸ਼ੀਆ ਨੈਟਵਰਕ ਦੀਆਂ ਕਰਾਜਕਾਰੀ ਕਮੇਟੀਆਂ ਦੀ ਮੈਂਬਰ ਰਹੀ।

ਅਕਤੂਬਰ 7, 1926 ’ਚ ਜ਼ਿਲੀਅਟ ਦਾ ਜਨਮ ਮੋਈਨੇਸ ’ਚ ਅਰਨੈਸਟ ਜ਼ਿਲੀਅਟ ਤੇ ਮਿੰਨੀ ਹੈਡਲੇ ਦੇ ਘਰ ਹੋਇਆ। ਆਪਣੇ ਬਚਪਨ ਤੇ ਵਿਦਿਆਰਥੀ ਜੀਵਨ ਤੋਂ ਹੀ ਜ਼ਿਲੀਅਟ ਜਗਤ ਨੂੰ ਜਾਣਣ ਦੀ ਜਿਗਿਆਸਾ ਰੱਖਣ ਵਾਲੀ ਪੜ੍ਹਾਕੂ ਵਿੱਦਿਆਰਥਣ ਸੀ। ਮਿਹਨਤੀ ਸਿਖਾਂਦਰੂ ਹੋਣ ਕਾਰਨ ਉਸ ਨੇ ਬੀਏ ਚੰਗੇ ਅੰਕਾਂ ਨਾਲ ਪਾਸ ਕੀਤੀ ਅਤੇ ਬਾਅਦ ’ਚ ਇਤਿਹਾਸ ਦੀ ਐੱਮਏ ਕੀਤੀ। ਸਾਰੀ ਉਮਰ ਅਧਿਐਨ, ਅਧਿਆਪਨ ਤੇ ਖੋਜ ਦੇ ਲੇਖੇ ਲਾ ਦਿੱਤੀ।

ਉਮਰ ਦੇ ਅੰਤਲੇ ਵਰ੍ਹੇ ਜ਼ਿਲੀਅਟ ਨੇ ਕੈਨਨ ਦਰਿਆ ਕੰਢੇ ’ਤੇ ਜੰਗਲੀ ਖੇਤਰ ਦੇ ਰਮਣੀਕ ਮਾਹੌਲ ਅੰਦਰ ਆਪਣੇ ਸੁੰਦਰ ਤੇ ਸ਼ਾਂਤ ਘਰ ’ਚ ਪੜ੍ਹਦਿਆਂ-ਲਿਖਦਿਆਂ, ਬਾਗ਼ਬਾਨੀ ਕਰਦਿਆਂ ਅਤੇ ਪੰਛੀਆਂ ਤੇ ਜੰਗਲੀ ਜੀਵਾਂ ਨੂੰ ਕੋਲੋਂ ਨਿਹਾਰਦਿਆਂ ਬਿਤਾਏ ਅਤੇ ਨੱਬੇ ਵਰ੍ਹਿਆਂ ਦੀ ਉਮਰ ’ਚ ਵਿਦਵਤਾ ਭਰਪੂਰ ਜ਼ਿੰਦਗੀ ਬਸਰ ਕਰਦੇ ਹੋਏ ਅਮਰੀਕਾ ਦੇ ਮਿਨੋਸਟਾ ਸ਼ਹਿਰ ’ਚ ਜੂਨ 5, 2016 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ।

ਡਾ. ਬੀ ਆਰ ਅੰਬੇਡਕਰ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਵਿਚਾਰਾਂ ਤੇ ਦਲਿਤ ਸੰਵੇਦਨਾ ਅਤੇ ਗਿਆਨਸ਼ਾਸਤਰ ਨੂੰ ਪੱਛਮ ਦੀ ਗਿਆਨਾਤਮਕਤਾ ਤੇ ਅਕਾਦਮੀਅਕਤਾ ਨਾਲ ਪਛਾਣ ਕਰਾਉਣ ’ਚ ਐਲੀਆਨੋਰ ਜ਼ਿਲੀਅਟ ਵੱਲੋਂ ਨਿਭਾਈ ਭੂਮਿਕਾ ਆਉਣ ਵਾਲੇ ਸਮਿਆਂ ’ਚ ਸਦਾ ਪ੍ਰਸੰਗਿਕ ਰਹੇਗੀ। •

### ਛੂੰਹਦਾ ਰਹੇ ਸਦਾ ਬੁਲੰਦੀਆਂ

ਇੱਥੇ ਹਰਿਆਲੀ ਦਾ ਬਿਸਤਰ ਤੇ ਅੰਬਰ ਦੀ ਹੈ ਚਾਦਰ।
ਜਿੱਥੇ ਤਕ ਜਾਂਦੀ ਹੈ ਨਜ਼ਰ, ਦਿੱਸੇ ਉੱਥੇ ਤਕ ਹੀ ਸਾਗਰ।

ਦਿਲ ਖਿਚਵਾਂ ਹਰ ਨਜ਼ਾਰਾ, ਲੱਗੇ ਜਗ ਤੋਂ ਇਹ ਪਿਆਰਾ,
ਗੀਤ ਗਾਉਂਦੀਆਂ ਨਦੀਆਂ, ਵੱਗਦਾ ਹਰ ਚਸ਼ਮਾ ਨਿਆਰਾ।

ਵਰਸਣ ਗਗਨ ’ਚੋਂ ਰਿਸਮਾਂ ਤੇ ਸੂਰਜ ਦੀ ਚਮਕੇ ਲਾਲੀ,
ਇਹ ਦੀ ਹਵਾ ਹੈ ਨਿਰਾਲੀ, ਵਸੇ ਹਰ ਪਾਸੇ ਖ਼ੁਸ਼ਹਾਲੀ।

ਹਰ ਰੋਜ਼ ਸਵੇਰੇ ਸ਼ਾਮੀ, ਸਭ ਜਾਂਦੇ ਕੁਦਰਤ ਦੇ ਬਿਲਹਾਰੀ,
ਹਰ ਕੋਮਾਂ ਤੇ ਭਾਸ਼ਾਵਾਂ, ਜਾਂਦੀਆਂ ਅਦਬ ਨਾਲ ਸਤਿਕਾਰੀ।

ਇਸ ਧਰਤੀ ਜੰਮੇ ਸੂਰਮੇ, ਬਦਲਾ ਲੈਣ ਜਾ ਸਮੁੰਦਰੋਂ ਪਾਰ,
ਬਾਜ਼ੀ ਲਾਉਂਦੇ ਜਾਨ ਦੀ, ਕਦੇ ਪੈਣ ਨਾ ਸੋਚ ਵਿਚਾਰ।



ਦਿਨ ਭਾਗਾਂ ਵਾਲਾ ਆਇਆ, ਭਾਰਤ ਦੇਸ਼ ਆਜ਼ਾਦ ਕਹਾਇਆ,
ਲਾਹੀਆਂ ਗੁਲਾਮੀ ਦੀਆਂ ਜ਼ੰਜੀਰਾਂ, ਸੂਰਮਿਆਂ ਨੇ ਮਾਣ ਦਵਾਇਆ।

ਖ਼ਤਮ ਕਰੋ ਹੁਣ ਫਿਕਰਾਪ੍ਰਸਤੀ ਨੂੰ, ਵਤਨਪ੍ਰਸਤੀ ਸਾਰੇ ਅਪਣਾਓ,
ਆਜ਼ਾਦੀ ਦਿਵਸ ਖ਼ੁਸ਼ੀ ਨਾਲ ਮਨਾਓ, ਹਰ ਪਾਸੇ ਤਿਰੰਗਾ ਲਹਿਰਾਓ।

ਉਹ ਮੂੰਹ ਦੀ ਖਾਈ ਬੈਠੇ ਨੇ, ਜੋ ਗੱਲਾਂ ਕਰਨ ਫੁੱਟ ਪਾਉਣ ਦੀਆਂ,
ਦੇਸ਼ ਮੇਰੇ ਦੀਆਂ ਸੋਚਾਂ ਨੇ, ਸਭ ਨੂੰ ਗਲਵੱਕੜੀ ਪਾਉਣ ਦੀਆਂ।

ਛੂੰਹਦਾ ਰਹੇ ਸਦਾ ਬੁੰਲਦੀਆਂ ਨੂੰ, ਸੁਪਨਾ ਇਹੋ ਸਾਡਾ ਹੈ,
‘ਫ਼ਕੀਰਾ’ ਉਹ ਮਿੱਟ ਜਾਵਣਗੇ, ਜੋ ਸੋਚਣ ਲਾਉਣਾ ਆਢਾ ਹੈ।

ਮੇਰਾ ਭਾਰਤ ਦੇਸ਼ ਮਹਾਨ, ਰਹੇ ਸਦਾ ਉੱਚੀ ਜਗ ’ਤੇ ਇਸ ਦੀ ਸ਼ਾਨ,
ਮੇਰਾ ਭਾਰਤ ਦੇਸ਼ ਮਹਾਨ, ਰਹੇ ਸਦਾ ਉੱਚੀ ਜਗ ’ਤੇ ਇਸ ਦੀ ਸ਼ਾਨ।

• **ਫ਼ਕੀਰਾ**, *ਮੋਬਾਈਲ : 98721-97326*

### ਅੰਬਰੋਂ ਲੰਮੀਆਂ ਸਾਂਝਾਂ

ਦਿਲ ਵਿਚ ਤੇਰਾ ਮਹਿਲ ਮੁਨਾਰਾ ਸਦਾ ਹੀ ਵੱਸਦਾ ਰਹਿ ਸੱਜਣਾ।
ਮੈਨੂੰ ਵੀ ਪਲ ਦੇ ਖ਼ੁਸ਼ੀਆਂ ਦੇ, ਖ਼ੁਦ ਵੀ ਹੱਸਦਾ ਰਹਿ ਸੱਜਣਾ।

ਤੇਰੇ ਹੁੰਦਿਆਂ ਖ਼ਤਮ ਫਾਸਲੇ, ਦੂਰੀਆਂ ਪਾ ਤੜਫ਼ਾਈਂ ਨਾ,
ਅੰਬਰੋਂ ਲੰਮੀਆਂ ਸਾਂਝਾਂ ਪਾ ਕੇ, ਅੱਗ ਹਿਜ਼ਰ ਦੀ ਲਾਈਂ ਨਾ।

ਅੱਖੀਆਂ ਦੇ ਵਿਚ ਮੈਂ ਤਾਂ ਲੱਖਾਂ ਖ਼ਾਬ ਸਜਾਈ ਬੈਠੀ ਆਂ,
ਪਲ ਪਲ ਜ਼ਿੰਦਗੀ ਦਾ ਸੱਜਣਾ, ਤੇਰੇ ਨਾਮ ਲਿਖਾਈ ਬੈਠੀ ਆਂ।

ਤੇਰੇ ਬਿਨਾਂ ਲੱਗਦੇ ਸੀ ਮੈਨੂੰ ਹਾਰ ਸ਼ਿੰਗਾਰ ਅਧੂਰੇ ਵੇ,
ਤੈਨੂੰ ਪਾ ਕੇ ਹੋ ਗਏ ਸੱਜਣਾ, ਚਾਅ ਮੇਰੇ ਤਾਂ ਪੂਰੇ ਵੇ ।



ਮਹਿੰਦੀ ਦੇ ਰੰਗ ਵਾਂਗ ਤੇਰੇ ਨਾਲ ਗੂਹੜਾ ਹੋ ਗਿਆ ਪਿਆਰ ਮੈਨੂੰ,
ਆਖ਼ਰੀ ਸਾਂਹ ਤਕ ਵੀ ਨਾ ਸੱਜਣਾ, ਮਨ ਤੋਂ ਸਕਾਂ ਵਿਸਾਰ ਤੈਨੂੰ ।

ਜ਼ਿੰਦਗੀ ਦੇ ਹਰ ਮੋੜ ਤੇ ਸੱਜਣਾ, ਸਾਥ ਚਾਹੀਦਾ ਤੇਰਾ ਵੇ,
ਤੇਰੇ ਬਿਨਾਂ ਮੁਸ਼ਕਿਲ ਹੈ ਕੱਟਣਾ, ਬੜਾ ਹੀ ਸਫ਼ਰ ਲੰਮੇਰਾ ਵੇ ।

ਭਗਵਾਨ ਪੁਰੇ ਦੇ ਮੀਤ ਮੈਂ ਤੈਨੂੰ ਮਨ ਦਾ ਮੀਤ ਬਣਾ ਲਿਆ ਵੇ,
ਹਰ ਦੁੱਖ ਸੁੱਖ ਸੱਜਣਾ ਮੈਂ ਤੇਰਾ, ਸੀਨੇ ਦੇ ਨਾਲ ਲਾ ਲਿਆ ਵੇ ।

• **ਜਸਵਿੰਦਰ ਮੀਤ**, *ਮੋਬਾਈਲ : 90567-05657*

### ਚੁੱਪ

ਹੁਣ
ਮਨ ਕੋਈ
ਵਿਰੋਧ ਨਹੀਂ ਕਰਦਾ
ਕਿਸੇ ਨਾਲ ਅਪਣੱਤ
ਨਹੀਂ ਜਤਾਉਂਦਾ
ਕੁਝ ਬੁਰਾ ਨਹੀਂ ਲੱਗਦਾ
ਕੁਝ ਖ਼ਾਸ ਨਹੀਂ ਲੱਗਦਾ
ਪਰ ਇਹ ਸਭ ਬਾਹਰੀ
ਚੁੱਪ ਹੈ
ਅੰਤਰ ਮਨ ਤਾਂ
ਤੂਫ਼ਾਨ ਹੈ

• **ਪਰਮਜੀਤ ਕੌਰ**

### ਲੋਕ ਬਦਲਦੇ ਵੇਖੇ

ਪੈਰ ਪੈਰ ’ਤੇ ਲੋਕ ਬਦਲਦੇ ਵੇਖੇ
ਮਿੱਤਰ, ਰਿਸ਼ਤੇਦਾਰ ਬਦਲਦੇ ਵੇਖੇ
ਮੌਕਾ ਆਉਣ ’ਤੇ ਪਿੱਠ ਵਿਖਾਉਂਦੇ ਵੇਖੇ
ਬੇਸ਼ਰਮੀ ਦਾ ਜਾਮਾ ਪਾਉਂਦੇ ਵੇਖੇ
ਬਦਲ ਕੇ ਨਜ਼ਰ ਨਾ ਮਿਲਾਉਂਦੇ ਵੇਖੇ
ਕਾਫ਼ਲੇ ਦੇ ਵਿਚ ਚੱਲਣ ਵਾਲੇ
ਕਈ ਵਾਰ ਖੜ੍ਹੇ ਮੈਂ ਇਕੱਲ ਵੇਖੇ
ਫਿਰ ਜਦ ਕਿਸਮਤ ਪਾਸਾ ਪਲਟੇ
ਆਪਣਾ ਕਹਿ, ਨਾਲ ਖੜਾਉਂਦੇ ਵੇਖੇ
ਅਜਿਹੇ ਲੋਕਾਂ ਤੋਂ ਦੂਰੀ ਚੰਗੀ
ਭੀੜ ਨਾਲੋਂ ਬਲਜੀਤ ’ਕੱਲੀ ਚੰਗੀ
ਦੁਨੀਆਦਾਰੀ ਸਮਝਣੀ ਪੈ ਗਈ
ਕਈ ਭਾਂਡੇ ਮੈਂ ਠੋਕ-ਬਜਾਕੇ ਵੇਖੇ।



• **ਬਲਜੀਤ ਤਲਵੰਡੀ**, *ਮੋਬਾਈਲ : 92177-68857*

# ਰਾਗ ਨਾਦ ਸਬਦਿ ਸੋਹਣੇ 26

**ਇਕਵਾਕ ਸਿੰਘ ਪੱਟੀ**

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 26ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਸਾਰੰਗ' ਬਾਰੇ...



## ਰਾਗ ਸਾਰੰਗ

ਗੁਰੂ ਅਰਜਨ ਪਾਤਸ਼ਾਹ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਰਾਗ ਤਰਤੀਬ 'ਚ ਰਾਗ ਸਾਰੰਗ ਛੱਬੀਵੇਂ ਸਥਾਨ 'ਤੇ ਆਉਂਦਾ ਹੈ। ਰਾਗ ਸਾਰਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 1197 ਤੋਂ ਲੈ ਕੇ 1253 ਤਕ ਦਰਜ ਹੈ। ਇਸ ਰਾਗ ਅੰਦਰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਭਗਤ ਬਾਣੀ ਵਿਚ ਭਗਤ ਕਬੀਰ ਜੀ, ਭਗਤ ਨਾਮਦੇਵ ਜੀ ਅਤੇ ਭਗਤ ਪਰਮਾਨੰਦ ਜੀ ਦੀ ਬਾਣੀ ਸ਼ਾਮਲ ਹੈ। ਇਸ ਰਾਗ ਵਿਚ ਹੀ ਵਿਦਵਾਨਾਂ ਵੱਲੋਂ ਇਕ ਪੰਕਤੀ ਭਗਤ ਸੂਰਦਾਸ ਜੀ ਦੀ ਮੰਨੀ ਗਈ ਹੈ। ਇਸ ਰਾਗ ਦੇ ਅਧੀਨ 'ਸਾਰਗ ਮਹਲਾ 4 ਘਰੁ 5 ਦੁਪਦੇ ਪੜਤਾਲ', 'ਸਾਰੰਗ ਮਹਲਾ 5 ਘਰੁ 6 ਪੜਤਾਲ', 'ਸਾਰੰਗ ਕੀ ਵਾਰ ਮਹਲਾ 4 ਰਾਇ ਮਹਿਮੇ ਹਸਨੇ ਕੀ ਧੁਨਿ' ਸਿਰਲੇਖਾਂ ਹੇਠ ਵੀ ਬਾਣੀ ਸ਼ਾਮਲ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਵਿਚਾਰੀਏ ਤਾਂ ਇਹ ਇਕ ਬਹੁਤ ਪ੍ਰਾਚੀਨ, ਪ੍ਰਸਿੱਧ ਅਤੇ ਲੋਕ-ਪਸੰਦੀਦਾ ਰਾਗਾਂ ਦੀ ਗਿਣਤੀ ਵਿਚ ਆਉਂਦਾ ਹੈ। ਇਸ ਬਾਰੇ ਰਾਇ ਹੈ ਕਿ ਇਹ ਇਕ ਲੋਕ ਰਾਗ ਹੈ ਅਤੇ ਬਹੁਤ ਸਰਲ ਰਾਗ ਹੈ। ਸੰਗੀਤ ਦੀ ਥੋੜ੍ਹੀ ਸੋਝੀ ਰੱਖਣ ਵਾਲਾ ਵਿਅਕਤੀ ਵੀ ਇਸ ਰਾਗ ਦੀ ਪਛਾਣ ਸਹਿਜੇ ਹੀ ਕਰ ਸਕਦਾ ਹੈ। ਸਾਰੰਗ ਰਾਗ ਦੀਆਂ ਕੁਝ ਹੋਰ ਕਿਸਮਾਂ ਵੀ ਪ੍ਰਚਲਿਤ ਹਨ। 'ਮਹਾਨ ਕੋਸ਼' ਅੰਦਰ ਪੰਨਾ ਨੰਬਰ 186 ਉੱਤੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ, 'ਇਕ ਰਾਗ, ਜੋ ਕਾਫੀ ਥਾਟ ਦਾ ਔੜਵ ਸ਼ਾੜਵ ਹੈ। ਇਸ ਨੂੰ ਨਿਸ਼ਾਧ ਸ਼ੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ। ਬਾਕੀ ਸਾਰੇ ਸ਼ੁੱਧ ਸੁਰ ਹਨ। ਸਾਰੰਗ ਦੇ ਗਾਉਣ ਦਾ ਵੇਲਾ ਦੁਪਹਿਰ ਹੈ। ਸਾਰੰਗ ਵਿਚ ਵਾਦੀ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਆਰੋਹ ਵਿਚ ਧੈਵਤ ਵਰਜਿਤ ਹੈ, ਅਵਰੋਹ ਵਿਚ ਵੀ ਦੁਰਲਭ ਹੋ ਕੇ ਲੱਗਦਾ ਹੈ।' •

98150-24920



# ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ

**ਰਮੇਸ਼ ਬੱਗਾ ਚੋਹਲਾ**

ਸਿੱਖ ਧਰਮ ਮਾਨਵੀ ਕਦਰਾਂ-ਕੀਮਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰੇ ਤੇ ਬਰਾਬਰੀ ਦੀ ਹਮਾਇਤ ਕਰਦਾ ਹੈ। ਦਸ ਗੁਰੂ ਸਾਹਿਬਾਨ ਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਜੀਵਨ ਤਿੰਨ ਸੁਨਹਿਰੀ ਸਿਧਾਂਤਾਂ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਪਰਨਾਇਆ ਹੈ। ਸਿੱਖ ਵਿਚਾਰਧਾਰਾ ਇਨ੍ਹਾਂ ਸਿਧਾਂਤਾਂ ਤੋਂ ਸੱਖਣੇ ਵਿਹਾਰ ਨੂੰ ਮੂਲੋਂ ਰੱਦ ਕਰਦੀ ਹੈ, ਜਿਵੇਂ ਗੁਰੂ ਸਾਹਿਬ ਦਾ ਫ਼ੁਰਮਾਨ ਹੈ :

**ਸੋ ਸਿੱਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥**
**ਆਪਣੈ ਭਾਣੇ ਜੋ ਚਲੇ ਭਾਈ ਵਿਛੁੜਿ ਚੋਟਾ ਖਾਵੈ॥**

ਭਾਵ, ਜਿਹੜਾ ਵਿਅਕਤੀ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਦਾ ਧਾਰਨੀ ਬਣ ਜਾਂਦਾ ਹੈ ਉਸ ਦੇ ਲੋਕ ਤੇ ਪਰਲੋਕ ਦੋਵੇਂ ਲੇਖੇ 'ਚ ਲੱਗ ਜਾਂਦੇ ਹਨ ਪਰ ਜਿਹੜਾ ਵਿਅਕਤੀ ਗੁਰੂ ਦੀ ਗੱਲ ਨੂੰ ਅਣਸੁਣੀ ਕਰ ਕੇ ਕੇਵਲ ਆਪਣੀ ਸਮਝ ਹੀ ਵਰਤੋਂ 'ਚ ਲਿਆਉਂਦਾ ਹੈ ਉਸ ਨੂੰ ਪਰਮਾਤਮਾ ਦੇ ਵਿਛੋੜੇ ਦੀਆਂ ਸੱਟਾਂ ਖਾਣੀਆਂ ਪੈਂਦੀਆਂ ਹਨ। ਇਨ੍ਹਾਂ ਸੱਟਾਂ ਤੋਂ ਬਚਣ ਲਈ ਗੁਰੂ ਸਾਹਿਬ ਮਨੁੱਖ ਨੂੰ ਜਿੱਥੇ ਸਦਾਚਾਰੀ ਜੀਵਨ ਜਿਊਣ ਲਈ ਪ੍ਰੇਰਦੇ ਹਨ ਉੱਥੇ ਪਰਮ ਨਾਲ ਪ੍ਰੇਮ ਦੀ ਹਾਮੀ ਵੀ ਭਰਦੇ ਹਨ। ਆਪਣੇ ਗੁਣਾਂ ਸਦਕਾ ਉਹ ਗੁਰੂ ਨਾਨਕ ਦੇ ਘਰ ਦੀਆਂ ਵਡਿਆਈਆਂ ਤੇ ਪਾਤਸ਼ਾਹੀਆਂ ਦੇ ਪਾਤਰ ਬਣ ਜਾਂਦੇ ਹਨ। ਇਨ੍ਹਾਂ ਪਾਤਰਾਂ ਵਿਚ ਹੀ ਇਕ ਨਾਂ ਹੈ ਗੁਰੂ ਨਾਨਕ ਪਾਤਸ਼ਾਹ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ।

ਦੁਨਿਆਵੀ ਤੌਰ 'ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਭਾਵੇਂ ਬਚਪਨ ਦੀਆਂ ਬਰੂਹਾਂ 'ਤੇ (ਸਵਾ ਕੁ ਪੰਜ ਸਾਲ) ਵਿਚਰ ਰਹੇ ਸਨ ਪਰ ਕੁਝ ਵਿਸ਼ੇਸ਼ ਗੁਣਾਂ ਤੇ ਸਿੱਖੀ ਦੀ ਸਮਝ ਸਦਕਾ ਗੁਰੂ-ਪਿਤਾ ਸ੍ਰੀ ਹਰਿ ਰਾਇ ਸਾਹਿਬ ਨੇ ਉਨ੍ਹਾਂ ਨੂੰ ਗੁਰੂ ਘਰ ਦੀ ਉਚੇਰੀ ਜ਼ਿੰਮੇਵਾਰੀ ਸੌਂਪੀ। ਆਪ ਨੇ ਇਸ ਜ਼ਿੰਮੇਵਾਰੀ ਨੂੰ ਜਿੱਥੇ ਤਨਦੇਹੀ ਨਾਲ ਨਿਭਾਇਆ ਉੱਥੇ ਆਪਣੇ ਗੁਰੂ-ਕਾਲ (ਢਾਈ ਕੁ ਸਾਲ) ਵਿਚ ਕੁਝ ਅਜਿਹੀਆਂ ਪਿਰਤਾਂ ਪਾਈਆਂ ਜਿਨ੍ਹਾਂ ਸਦਕਾ ਰੋਜ਼ਾਨਾ ਸਰਬਤ ਦੇ ਭਲੇ ਲਈ ਕੀਤੀ ਜਾਣ ਵਾਲੀ ਅਰਦਾਸ ਵਿਚ ਉਨ੍ਹਾਂ ਦੇ ਨਾਂ ਦਾ ਜ਼ਿਕਰ 'ਜਿਸ ਡਿਠੈ ਸਭਿ ਦੁਖਿ ਜਾਇ' ਕਰਕੇ ਕੀਤਾ ਜਾਂਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 7 ਜੁਲਾਈ 1656 ਈਸਵੀ (ਬਿਕਰਮੀ ਸੰਮਤ 8 ਸਾਵਣ 1713) ਨੂੰ ਪਿਤਾ ਗੁਰੂ ਹਰਿ ਰਾਇ ਜੀ ਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ ਪਰ ਭੱਟ ਵਹੀਆਂ ਦੇ ਹਵਾਲੇ ਨਾਲ ਗੁਰੂ ਜੀ ਦਾ ਪੈਦਾਇਸ਼ੀ ਵਰ੍ਹਾ 1652 ਦੱਸਿਆ ਗਿਆ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਮੁੱਖੜੇ ਦੀ ਦਿੱਖ ਜਿੱਥੇ ਮਨਾਂ ਨੂੰ ਮੋਹਣ ਵਾਲੀ ਸੀ ਉੱਥੇ ਉਨ੍ਹਾਂ ਦਾ ਹਿਰਦਾ ਵੀ ਅਤਿ ਕੋਮਲ ਸੀ। ਆਪ ਦੇ ਬਚਪਨ ਦਾ ਵਧੇਰੇ ਸਮਾਂ ਗੁਰੂ ਹਰਿ ਰਾਇ ਜੀ ਦੀ ਛਤਰ-ਛਾਇਆ ਹੇਠ ਬਤੀਤ ਹੋਣ ਕਰਕੇ ਆਪ ਦੇ ਸੁਭਾਅ ਤੇ ਨਿਭਾਅ ਉੱਪਰ ਗੁਰੂ-ਪਿਤਾ ਦਾ ਕਾਫ਼ੀ ਡੂੰਘਾ ਪ੍ਰਭਾਵ ਸੀ। ਇਸ ਪ੍ਰਭਾਵ ਸਦਕਾ ਹੀ ਗੁਰੂ ਹਰਿਕ੍ਰਿਸ਼ਨ ਜੀ ਸੰਗਤਾਂ ਨੂੰ ਲੰਗਰ-ਪਾਣੀ ਛਕਾਉਣ ਦੀ ਸੇਵਾ 'ਚ ਜੁਟੇ ਰਹਿੰਦੇ ਸਨ।

ਸਿਆਸੀ ਲਾਹਾ ਲੈਣ ਦੀ ਝਾਕ 'ਚ ਧੀਰਮੱਲ ਨੇ ਗੁਰੂ-ਘਰ ਦੇ ਖ਼ਿਲਾਫ਼ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਔਰੰਗਜ਼ੇਬ ਧੀਰਮੱਲ ਦੀਆਂ ਕਈ ਸ਼ਿਕਾਇਤਾਂ ਨੂੰ ਇਕ ਕੰਨ ਰਾਹੀਂ ਸੁਣ ਕੇ ਦੂਜੇ ਰਾਹੀਂ ਬਾਹਰ ਕੱਢ ਦਿੰਦਾ ਸੀ ਪਰ ਜਦੋਂ ਉਸ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਸੱਤਵੇ ਪਾਤਸ਼ਾਹ ਸ੍ਰੀ ਹਰਿ ਰਾਇ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਤਾਂ ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਆਉਣ ਲਈ ਸੰਮਨ ਭੇਜ ਦਿੱਤੇ। ਸੰਗਤਾਂ ਨਾਲ ਸਲਾਹ ਤੋਂ ਬਾਅਦ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਰਾਜਪੂਤ ਰਾਜਿਆਂ ਦੀ ਸਲਾਹ ਨਾਲ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦੁਬਾਰਾ ਚਿੱਠੀ ਭੇਜੀ। ਚਿੱਠੀ ਦੀ ਭਾਸ਼ਾ ਨਿਮਰ ਤੇ ਆਦਰਮਈ ਹੋਣ ਕਰਕੇ ਸਤਵੇਂ ਪਾਤਸ਼ਾਹ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਨਿਰਣਾ ਲਿਆ ਕਿਉਂਕਿ ਗੁਰਮਤਿ ਦੇ ਜਾਣਕਾਰ ਹੋਣ ਦੇ ਨਾਲ-ਨਾਲ ਬਾਬਾ ਰਾਮ ਰਾਇ ਹਾਜ਼ਰ-ਜਵਾਬ ਵੀ ਸਨ।

ਬਾਬਾ ਰਾਮ ਰਾਇ ਨੇ ਜਦੋਂ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਸੰਵਾਦ ਰਚਾਇਆ ਤਾਂ ਉਸ ਦੀ ਦਿਮਾਗ਼ਦਾਰੀ ਦਾ ਬਾਦਸ਼ਾਹ ਤੇ ਚੰਗਾ ਪ੍ਰਭਾਵ ਪਿਆ ਪਰ ਜਦੋਂ ਬਾਦਸ਼ਾਹ ਦੀਆਂ ਖ਼ੁਸ਼ੀਆਂ ਹਾਸਲ ਕਰਨ ਲਈ ਰਾਮ ਰਾਇ ਨੇ ਬਾਬੇ ਦੀ ਬਾਣੀ 'ਮਿੱਟੀ ਬੇਈਮਾਨ ਦੀ...' ਵਿਚ ਤਬਦੀਲ ਕਰ ਦਿੱਤੀ ਤਾਂ ਉਹ ਗੁਰੂ ਨਾਨਕ ਦੇ ਘਰ 'ਚੋਂ ਦੁਰਕਾਰਿਆ ਗਿਆ। ਉਸ ਦੇ ਇਸ ਨਾਬਖ਼ਸ਼ਣਯੋਗ ਗੁਨਾਹ ਬਦਲੇ ਗੁਰੂ-ਪਿਤਾ ਨੇ ਉਸ ਦੇ ਮੱਥੇ ਲੱਗਣ ਤੋਂ ਹੀ ਨਾਂਹ ਕਰ ਦਿੱਤੀ। ਰਾਮ ਰਾਇ ਦੀ ਇਸ ਹਰਕਤ ਕਾਰਨ ਗੁਰੂ ਹਰਿ ਰਾਇ ਸਾਹਿਬ ਨੇ 1661 ਈਸਵੀ (ਸੰਮਤ 1918) ਨੂੰ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਹਰਿਕ੍ਰਿਸ਼ਨ ਜੀ ਨੂੰ ਸਿੱਖ ਕੌਮ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਸਮੇਂ ਉਨ੍ਹਾਂ ਦੀ ਉਮਰ ਸਵਾ ਕੁ ਪੰਜ ਸਾਲ ਸੀ। ਇਹ ਵਕਤ ਸਿੱਖਾਂ ਦੀ ਸਿਦਕਦਿਲੀ ਤੇ ਸ਼ਰਧਾ ਨੂੰ ਪਰਖਣ ਦਾ ਸੀ ਕਿਉਂਕਿ ਗੁਰੂ ਘਰ ਦੇ ਦੋਖੀ (ਧੀਰਮੱਲੀਏ ਤੇ ਰਾਮ ਰਾਈਏ) ਗੁਰੂ ਘਰ ਨੂੰ ਢਾਹ ਲਗਾਉਣ ਲਈ ਸੰਗਤਾਂ 'ਚ ਭਰਮ-ਭੁਲੇਖੇ ਪੈਦਾ ਕਰਨ ਦੇ ਯਤਨ ਕਰ ਰਹੇ ਸਨ। ਇਨ੍ਹਾਂ ਭਰਮ-ਭੁਲੇਖਿਆਂ ਦੇ ਬਾਵਜੂਦ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ (1661 ਤੋਂ 1664) ਸਾਬਤ ਕਦਮਾਂ ਨਾਲ ਨਿਭਾਈ।

ਗੁਰੂ ਹਰਿਕ੍ਰਿਸ਼ਨ ਜੀ ਸੇਵਾ ਤੇ ਸਿਮਰਨ ਦਾ ਸੁਮੇਲ ਹੋਣ ਦੇ ਨਾਲ-ਨਾਲ ਪਰਉਪਕਾਰੀ ਸੁਭਾਅ ਦੇ ਵੀ ਮਾਲਕ ਸਨ। ਜਿਹੜਾ ਵਿਅਕਤੀ ਉਨ੍ਹਾਂ ਦੇ ਦਰਸ਼ਨ ਕਰ ਲੈਂਦਾ ਸੀ ਉਸ ਦਾ ਜੀਵਨ ਬਦਲ ਜਾਂਦਾ ਸੀ। ਪੇਸ਼ਾਵਰ ਦੀਆਂ ਸੰਗਤਾਂ ਵਿਚ ਜਸਵੰਤ ਰਾਇ ਨਾਂ ਦਾ ਚੋਰ ਸੰਗਤਾਂ ਦੀਆਂ ਜ਼ੇਬਾਂ ਕੱਟਣ ਦੀ ਨੀਅਤ ਨਾਲ ਆਣ ਵੜਿਆ ਪਰ।ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਸਨਮੁੱਖ ਹੋਇਆ ਤਾਂ ਗੁਰੂ ਸਾਹਿਬ ਦੇ ਮੁਖਾਰਬਿੰਦ 'ਚੋਂ ਸੁਭਾਵਿਕ ਹੀ ਨਿਕਲਿਆ :

**ਚੋਰ ਦੀ ਹਮਾ ਭਰੇ ਨਾ ਕੋਇ॥**
**ਚੋਰ ਕੀਆ ਚੰਗਾ ਕਿਉ ਹੋਇ॥**

ਇਸ ਮਹਾਵਾਕ ਨੂੰ ਸੁਣਦਿਆਂ ਹੀ ਜਸਵੰਤ ਰਾਇ ਦੇ ਨੇਤਰਾਂ 'ਚੋਂ ਪਾਣੀ ਵਹਿ ਤੁਰਿਆ ਤੇ ਉਸ ਨੇ ਚੋਰੀ ਤੋਂ ਤੋਬਾ ਕਰ ਲਈ। ਇਸੇ ਤਰ੍ਹਾਂ ਗੇਂਦਾ ਮੱਲ ਨਾਂ ਦੇ ਇਕ ਜੁਆਰੀਏ ਨੇ ਦਰਬਾਰ ਵਿਚ ਆ ਕੇ ਗੁਰੂ ਸਾਹਿਬ ਦੇ ਚਰਨ ਫੜ ਲਏ ਤੇ ਛੱਡੇ ਹੀ ਨਾ। ਗੁਰਦੇਵ ਨੇ ਕਿਹਾ, 'ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।' ਗੇਂਦਾ ਮੱਲ ਦਾ ਮਨ ਹਿੱਲ ਗਿਆ ਤੇ ਉਸ ਨੇ ਹੱਥ ਜੋੜ ਕੇ ਗੁਰੂ ਜੀ ਕੋਲੋਂ ਮਾਫ਼ੀ ਮੰਗੀ ਤੇ ਅੱਗੇ ਤੋਂ ਬੁਰੀਆਂ ਆਦਤਾਂ ਨੂੰ ਤਿਆਗਣ ਦਾ ਵਾਅਦਾ ਕੀਤਾ।

ਸ਼ਿਕਾਇਤਾਂ ਦੇ ਅਸਰ ਅਤੇ ਆਪਣੇ ਮਨ ਦਾ ਤੌਖਲਾ ਮਿਟਾਉਣ ਲਈ ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਲਿਆ। ਇਸ ਕੰਮ ਲਈ ਉਸ ਨੇ ਇਕ ਖ਼ਾਸ ਅਹਿਲਕਾਰ ਮਿਰਜ਼ਾ ਜੈ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ, ਜੋ ਗੁਰੂ ਘਰ ਪ੍ਰਤੀ ਸਤਿਕਾਰਤ ਦੀ ਭਾਵਨਾ ਰੱਖਦਾ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਵਕਤ ਦੇ ਕੁਝ ਮੁੱਖੀ ਸਿੱਖਾਂ ਭਾਈ ਦਰਗਾਹ ਮੱਲ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ ਜੀ ਤੇ ਕੁਝ ਹੋਰਨਾਂ ਸਿੱਖਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਨੇ ਦਿੱਲੀ ਜਾਣ ਦੀ ਹਾਮੀ ਭਰ ਦਿੱਤੀ। ਗੁਰੂ ਸਾਹਿਬ ਦਿੱਲੀ ਜਾਣ ਲਈ ਰਜ਼ਾਮੰਦ ਹੋ ਗਏ ਪਰ ਉਨ੍ਹਾਂ ਨੇ ਦੁਸ਼ਟ ਔਰੰਗਜ਼ੇਬ ਦੇ ਮੱਥੇ ਨਾ ਲੱਗਣ ਦਾ ਫ਼ੈਸਲਾ ਵੀ ਸੁਣਾ ਦਿੱਤਾ। ਸੰਗਤਾਂ ਨੇ ਗੁਰੂ ਸਾਹਿਬ ਦੇ ਫ਼ੈਸਲੇ 'ਤੇ ਆਪਣੀ ਮੋਹਰ ਲਗਾ ਦਿੱਤੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਭਾਈ ਭਗਤਾ ਜੀ ਤੇ ਹੋਰ ਸ਼ਰਧਾਵਾਨ ਸਿੱਖਾਂ ਨੂੰ ਸੌਂਪ ਕੇ ਭਾਈ ਗੁਰਬਖ਼ਸ਼ ਸਿੰਘ, ਭਾਈ ਮਨੀ ਸਿੰਘ, ਪੰਜਾਬਾ ਮਸੰਦ, ਭਾਈ ਦਿਆਲਾ ਜੀ, ਮੁਨਸ਼ੀ ਸੰਗਤੀਆ, ਦੀਵਾਨ ਸਤੀ ਰਾਮ ਤੇ ਹੋਰ ਸੰਗਤਾਂ ਸਮੇਤ ਦਿੱਲੀ ਵੱਲ ਨੂੰ ਚੱਲ ਪਏ। ਰਸਤੇ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਜਿੱਥੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ-ਦੀਦਾਰੇ ਦੇ ਕੇ ਨਿਹਾਲ ਕਰਦੇ ਜਾ ਰਹੇ ਸਨ ਉਥੇ ਗੁਰੂ-ਘਰ ਦਾ ਸਾਂਝੀਵਾਲਤਾ ਦਾ ਸੰਦੇਸ਼ ਵੀ ਦੇ ਰਹੇ ਸਨ। ਦਿੱਲੀ ਦਾ ਸਫ਼ਰ ਤਹਿ ਕਰਦਿਆਂ ਜਦੋਂ ਗੁਰੂ ਹਰਿਕ੍ਰਿਸ਼ਨ ਜੀ ਪੰਜੋਖਰੇ ਪਹੁੰਚੇ ਤਾਂ ਇਥੋਂ ਦਾ ਇਕ ਹੰਕਾਰੀ ਪੰਡਿਤ ਸੰਗਤਾਂ ਨੂੰ ਕਹਿਣ ਲੱਗਾ ਕਿ 'ਤੁਹਾਡੇ ਗੁਰੂ ਆਪਣੇ ਆਪ ਨੂੰ ਹਰਿਕ੍ਰਿਸ਼ਨ ਕਹਾਉਂਦੇ ਹਨ। ਦੁਆਪਰ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਆਪਣੇ ਸਮੇਂ ਵਿਚ ਗੀਤਾ ਲਿਖੀ ਸੀ ਜੇ ਤੁਹਾਡੇ ਗੁਰੂ ਸੱਚਮੁਚ ਪਹੁੰਚੇ ਹੋਏ ਹਨ ਤਾਂ ਗੀਤਾ ਦੇ ਅਰਥ ਕਰ ਕੇ ਦਿਖਾ ਦੇਣ।' ਇਹ ਗੱਲ ਜਦੋਂ ਗੁਰੂ ਸਾਹਿਬ ਕੋਲ ਪੁੱਜੀ ਤਾਂ ਉਨ੍ਹਾਂ ਨੇ ਪੰਡਿਤ ਨੂੰ ਕਿਹਾ ਕਿ 'ਭਾਈ! ਮੇਰੇ ਅਰਥ ਕਰਨ ਨਾਲ ਹੋ ਸਕਦਾ ਹੈ ਕਿ ਤੇਰੀ ਤਸੱਲੀ ਨਾ ਹੋਵੇ, ਜੇ ਤੂੰ ਗੁਰੂ ਨਾਨਕ ਦੇ ਘਰ ਦੀਆਂ ਬਰਕਤਾਂ ਦਾ ਨਜ਼ਾਰਾ ਤੱਕਣਾ ਹੈ ਤਾਂ ਇਸ ਕਸਬੇ ਦੇ ਕਿਸੇ ਵਿਅਕਤੀ, ਜਿਸ ਨੂੰ ਤੂੰ ਸਭ ਤੋਂ ਵੱਧ ਮੂਰਖ ਸਮਝਦਾ ਹੈਂ, ਉਸ ਨੂੰ ਲੈ ਕੇ ਮੇਰੇ ਕੋਲ ਆ ਜਾ। ਉਹ ਵਿਅਕਤੀ ਤੇਰੇ ਸ਼ੰਕਿਆਂ ਨੂੰ ਨਵਿਰਤ ਕਰ ਦੇਵੇਗਾ। ਪੰਡਿਤ ਛੱਜੂ ਨਾਂ ਦੇ ਇਕ ਵਿਅਕਤੀ ਨੂੰ ਗੁਰੂ ਸਾਹਿਬ ਕੋਲ ਲੈ ਆਇਆ। ਇਹ ਵਿਅਕਤੀ ਜਮਾਂਦਰੂ ਗੂੰਗਾ ਸੀ। ਬਾਬੇ ਨਾਨਕ ਦੀ ਰਹਿਮਤ ਸਦਕਾ ਛੱਜੂ ਇਕ ਸੁਲਝੇ ਹੋਏ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰਨ ਲੱਗ ਪਿਆ। ਇਸ ਵਰਤਾਰੇ ਨਾਲ ਪੰਡਿਤ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।

ਗੁਰੂ ਹਰਿਕ੍ਰਿਸ਼ਨ ਜੀ ਜਦ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਮੇਤ ਦਿੱਲੀ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਸਵਾਗਤ ਕੀਤ। ਰਾਜਾ ਜੈ ਸਿੰਘ ਨੇ ਗੁਰੂ ਸਾਹਿਬ ਦਾ ਪੜਾਅ ਵੀ ਮਹੱਲ ਵਿਚ ਹੀ ਕਰਵਾ ਦਿੱਤਾ। ਰਾਜਾ ਜੈ ਸਿੰਘ ਭਾਵੇਂ ਗੁਰੂ ਘਰ ਦਾ ਪ੍ਰੀਤਵਾਨ ਸੀ ਪਰ ਉਸ ਦੀ ਰਾਣੀ ਨੇ ਗੁਰੂ ਸਾਹਿਬ ਨੂੰ ਪਰਖਣ ਦੀ ਠਾਣ ਲਈ। ਰਾਣੀ ਨੇ ਅਮੀਰ ਘਰਾਣਿਆਂ ਦੀਆਂ ਕੁਝ ਤ੍ਰੀਮਤਾਂ ਨੂੰ ਇਕੱਠਿਆਂ ਕਰ ਲਿਆ ਤੇ ਕਹਿਣ ਲੱਗੀ, 'ਜੇ ਗੁਰੂ ਅੰਤਰਜਾਮੀ ਹੋਵੇਗਾ ਤਾਂ ਉਹ ਸਿਰਫ਼ ਮੇਰੀ ਹੀ ਗੋਦ ਵਿਚ ਬੈਠੇਗਾ।' ਗੁਰੂ ਸਾਹਿਬ ਬਾਕੀ ਔਰਤਾਂ ਕੋਲੋਂ ਲੰਘ ਕੇ ਰਾਣੀ ਦੀ ਗੋਦ 'ਚ ਜਾ ਬੈਠੇ। ਰਾਣੀ ਨੇ ਗੁਰੂ ਜੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ ਉਸ ਦੀਆਂ ਅੱਖਾਂ ਵਿੱਚੋਂ ਸ਼ਰਧਾ ਦੇ ਹੰਝੂ ਵਹਿਣ ਲੱਗੇ।

ਆਪਣੇ ਪਿਤਾ ਗੁਰੂ ਹਰਿ ਰਾਇ ਜੀ ਵਾਂਗ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਆਪ ਦਾ ਵਿਚਾਰ ਸੀ ਕਿ ਔਰੰਗਜ਼ੇਬ ਇਕ ਜ਼ਾਲਮ ਬਾਦਸ਼ਾਹ ਹੈ ਤੇ ਗੁਰੂ-ਘਰ ਕੇਵਲ ਧਰਮੀ ਬੰਦਿਆਂ ਦੀ ਹੀ ਤਰਫ਼ਦਾਰੀ ਕਰਦਾ ਹੈ। ਇਸ ਲਈ ਸਾਡਾ ਤੇ ਬਾਦਸ਼ਾਹ ਦਾ ਮਿਲਾਪ ਉਚਿਤ ਨਹੀਂ ਹੈ। ਇਥੋਂ ਤਕ ਕਿ ਬਾਦਸ਼ਾਹ ਨੇ ਗੁਰੂ ਸਾਹਿਬ ਦਾ ਮਨ ਬਦਲਣ ਲਈ ਕਈ ਬੇਸ਼ਕੀਮਤੀ ਤੋਹਫ਼ੇ ਵੀ ਭੇਜੇ ਪਰ ਗੁਰੂ ਸਾਹਿਬ ਦੇ ਬਚਨ ਅਟੱਲ ਰਹੇ। ਗੁਰੂ ਜੀ ਨੇ ਫ਼ਾਰਸੀ ਲਿੱਪੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਮਾਝ ਕੀ ਵਾਰ' ਦਾ ਇਹ ਸਲੋਕ ਔਰੰਗਜ਼ੇਬ ਨੂੰ ਭੇਜਿਆ :

**ਕਿਆ ਖਾਧੈ ਕਿਆ ਪੈਧੈ ਹੋਇ ਜਾ ਮਨਿ ਨਾਹੀ ਸਚਾ ਸੋਇ॥**
**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥**
**ਕਿਆ ਕਪੜੁ, ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥**

ਗੁਰੂ ਹਰਿਕ੍ਰਿਸ਼ਨ ਸਾਹਿਬ ਜਦੋਂ ਦਿੱਲੀ ਪਹੁੰਚੇ ਤਾਂ ਉਸ ਸਮੇਂ ਉੱਥੇ ਚੇਚਕ ਦੀ ਬਿਮਾਰੀ ਫ਼ੈਲੀ ਹੋਈ ਸੀ ਤੇ ਮਹਾਂਮਾਰੀ ਦਾ ਰੂਪ ਧਾਰ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਬਿਮਾਰੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਦਸਵੰਧ ਦੀ ਮਾਇਆ ਦੀ ਖੁੱਲ੍ਹ ਕੇ ਵਰਤੋਂ ਕੀਤੀ। ਉਨ੍ਹਾਂ ਦੀ ਆਪਣੀ ਆਯੂ ਵੀ ਅਜੇ 8 ਕੁ ਸਾਲ ਦੀ ਹੀ ਸੀ। ਇਸ ਆਯੂ ਵਿਚ ਚੇਚਕ ਦੀ ਮਾਰ ਬਹੁਤ ਜਲਦੀ ਪੈਂਦੀ ਹੈ। ਲੋਕ-ਸੇਵਾ ਦੀ ਪ੍ਰਬਲ ਭਾਵਨਾ ਸਦਕਾ ਗੁਰੂ ਜੀ ਨੇ ਆਪਣੀ ਸਿਹਤ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਤੇ ਸਿੱਟੇ ਵਜੋਂ ਆਪ ਨੂੰ ਵੀ ਚੇਚਕ ਦੀ ਬਿਮਾਰੀ ਨੇ ਜਕੜ 'ਚ ਲੈ ਲਿਆ। ਆਪ ਨੂੰ ਆਪਣਾ ਅੰਤਮ ਸਮਾਂ ਨਜ਼ਦੀਕ ਆਉਂਦਾ ਦਿਖਾਈ ਦੇਣ ਲੱਗਾ। ਰਾਜਾ ਜੈ ਸਿੰਘ ਦਾ ਮਹੱਲ ਛੱਡ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਮਨਾ ਨਦੀ ਕਿਨਾਰੇ ਇਕ ਖੁੱਲ੍ਹੀ ਥਾਂ 'ਤੇ ਡੇਰਾ ਜਾ ਲਾਇਆ। ਜਦੋਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਬਿਮਾਰ ਹੋਣ ਦਾ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ ਵਿਚ ਜਮਨਾ ਨਦੀ ਕਿਨਾਰੇ ਆਉਣ ਲੱਗੀਆਂ। ਸੰਗਤਾਂ ਨੂੰ ਸੰਬੋਧਨ ਕਰ ਕੇ ਆਪ ਨੇ ਕਿਹਾ ਕਿ ਸਰੀਰਾਂ ਦੇ ਮਿਲਾਪ ਥੋੜ੍ਹ-ਚਿਰੇ ਹੁੰਦੇ ਹਨ ਪਰ ਗੁਰ ਉਪਦੇਸ਼ ਸਦੀਵੀ ਹੁੰਦਾ ਹੈ, ਸੋ ਲੋੜ ਹੈ ਕਿ ਧਰਮ ਦੀ ਕਿਰਤ ਕਰਦਿਆਂ ਗੁਰੂ ਉਪਦੇਸ਼ ਨੂੰ ਅਪਨਾਉਣ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸੰਗਤਾਂ ਨੂੰ ਇਹ ਇਸ਼ਾਰਾ ਕਰ ਦਿੱਤਾ ਕਿ ਗੁਰੂ ਨਾਨਕ ਦੇ ਘਰ ਦਾ ਨੌਵਾਂ ਵਾਰਿਸ (ਗੁਰੂ) ਬਾਬੇ ਬਕਾਲੇ ਵਿਚ ਰਹਿੰਦਾ ਹੈ। 30 ਮਾਰਚ 1664 ਈਸਵੀ (ਸੰਮਤ 1721) ਨੂੰ ਗੁਰੂ ਸਾਹਿਬ ਜਮਨਾ ਨਦੀ ਦੇ ਕੰਢੇ ਜੋਤੀ ਜੋਤ ਸਮਾ ਗਏ। •

94631-32719



## ਇਹਸਾਨ

ਇਸਲਾਮ ਅਤੇ ਸੂਫ਼ੀ ਵਿਚਾਰਧਾਰਾ ਵਿਚ ਇਹਸਾਨ ਉੱਚੇ ਦਰਜੇ ਦੀ ਇਬਾਦਤ ਦਾ ਨਾਂ ਹੈ। ਇਹਸਾਨ ਐਸੀ ਇਬਾਦਤ ਹੈ ਜੋ ਅੱਲਾਹ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕੀਤੀ ਜਾਵੇ। ਇਬਾਦਤ ਕਰਨ ਵਾਲਾ ਐਸਾ ਤਸੱਵਰ ਕਰੇ ਕਿ ਉਹ ਅੱਲਾਹ ਦੀ ਹਜ਼ੂਰੀ ਵਿਚ ਇਬਾਦਤ ਕਰ ਰਿਹਾ ਹੈ, ਉਸ ਦੀ ਇਬਾਦਤ ਨੂੰ ਅੱਲਾਹ ਵੇਖ ਰਿਹਾ ਹੈ। ਹਦੀਸ ਸ਼ਰੀਫ਼ ਵਿਚ ਪੈਗ਼ੰਬਰੇ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦਾ ਵਚਨ ਹੈ ਕਿ ਇਹਸਾਨ ਇਹ ਹੈ ਕਿ ਅੱਲਾਹ ਦੀ ਇਬਾਦਤ ਇਸ ਤਰ੍ਹਾਂ ਕੀਤੀ ਜਾਵੇ ਕਿ ਇਬਾਦਤ ਕਰਨ ਵਾਲਾ ਅੱਲਾਹ ਨੂੰ ਵੇਖ ਰਿਹਾ ਹੈ। ਜੇ ਇਸ ਤਰ੍ਹਾਂ ਨਾ ਹੋ ਸਕੇ ਤਾਂ ਇਬਾਦਤ ਕਰਨ ਵਾਲਾ ਇਸ ਤਰ੍ਹਾਂ ਅਨੁਭਵ ਕਰੇ ਕਿ ਅੱਲਾਹ ਉਸ ਨੂੰ ਤੇ ਉਸ ਦੀ ਇਬਾਦਤ ਨੂੰ ਵੇਖ ਰਿਹਾ ਹੈ। ਕਾਮਿਲ ਸੂਫ਼ੀ ਦਰਵੇਸਾਂ ਦਾ ਅੱਲਾਹ ਦੀ ਇਬਾਦਤ ਕਰਨ ਦਾ ਇਹੀ ਤਰੀਕਾ ਰਿਹਾ ਹੈ। ਆਮ ਬੋਲਚਾਲ ਦੀ ਭਾਸ਼ਾ ਵਿਚ ਜੋ ਦੂਜਿਆਂ ਨਾਲ ਨੇਕੀ ਕਰਨ, ਭਲਾਈ ਕਰਨ, ਹਮਦਰਦੀ ਕਰਨ ਦਾ ਅਮਲ ਹੈ, ਉਹ ਅਹਿਸਾਨ ਹੈ ਇਹਸਾਨ ਨਹੀਂ।

• **ਪ੍ਰਿੰ. ਗੁਰਚਰਨ ਸਿੰਘ ਤਲਵਾੜਾ**, 94634-63193

# ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼

**ਪਲਵਿੰਦਰ ਸਿੰਘ ਢੁੱਡੀਕੇ**

ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਵਿਖੇ ਸਥਿਤ ਹੈ। ਗੁਰਦੁਆਰਾ ਸਾਹਿਬ ਵੱਲੋਂ ਜਾਰੀ ਇਤਿਹਾਸ ਅਨੁਸਾਰ ਸੰਤ ਅਤਰ ਸਿੰਘ ਨੇ ਆਪਣੇ ਸੇਵਕ ਸੰਤ ਤੇਜਾ ਸਿੰਘ ਨੂੰ ਕਿਹਾ ਸੀ ਕਿ ਹਿਮਾਲਿਆ ਪਰਬਤ ਦੀ ਨਾਹਨ ਰਿਆਸਤ ਵਿਚ ਪੁਰਾਤਨ ਰਿਸ਼ੀਆਂ-ਮੁਨੀਆਂ ਦੇ ਜਪ-ਤਪ ਵਾਲਾ ਅਤੇ ਗੁਰੂ ਗੋਬਿਦ ਸਿੰਘ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਖ਼ਾਲਸੇ ਦਾ ਇਕ ਗੁਪਤ ਤਪ ਅਸਥਾਨ ਹੈ, ਤੁਸੀਂ ਉੱਥੇ ਬ੍ਰਹਮ ਵਿੱਦਿਆ ਦਾ ਇਕ ਅਜਿਹਾ ਕੇਂਦਰ ਬਣਾਓ, ਜਿੱਥੇ ਬੱਚੇ ਆਪਣਾ ਜੀਵਨ ਗੁਰਮਤਿ ਅਨੁਸਾਰ ਢਾਲ ਕੇ ਪੂਰੇ ਵਿਸ਼ਵ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚ ਦੇ ਸ਼ਬਦ ਦਾ ਪ੍ਰਚਾਰ ਕਰਨ। ਬੱਸ ਫਿਰ ਕੀ ਸੀ, ਸੰਤ ਤੇਜਾ ਸਿੰਘ ਨੇ ਸੰਨ 1954 ਤੋਂ ਇਸ ਅਸਥਾਨ ਦੀ ਭਾਲ ਕਰਨੀ ਆਰੰਭ ਕੀਤੀ।

ਸੰਤ ਤੇਜਾ ਸਿੰਘ ਜੀ ਜਦੋਂ ਇਸ ਅਸਥਾਨ ਦੀ ਭਾਲ ਕਰ ਰਹੇ ਸਨ ਤਾਂ ਇਸ ਦੌਰਾਨ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਦੀ ਤਹਿਸੀਲ ਸਰਾਂ ਵਿਚ ਮੌਜੂਦ ਪਿੰਡ ਬੜੂ ਵਿਚ ਇਕ ਚਸ਼ਮੇ ਦੇ ਕਿਨਾਰੇ ਅਖਰੋਟ ਦੇ ਦਰੱਖ਼ਤ ਹੇਠ ਇਕ ਸਾਧੂ ਭਗਤੀ ਕਰਨ ਲੱਗਾ। ਪਿੰਡ ਦਾ ਮਾਲਕ ਜੋਗਿੰਦਰ ਸਿੰਘ ਸੇਵਾ ਭਾਵਨਾ ਨਾਲ ਉਨ੍ਹਾਂ ਲਈ ਭੋਜਨ ਲੈ ਕੇ ਆਇਆ ਤੇ ਉਨ੍ਹਾਂ ਵੱਲੋਂ ਕੀਤੇ ਵਚਨਾਂ ਉਪਰੰਤ ਗੁੱਸੇ ਵਿਚ ਭੋਜਨ ਵਾਪਸ ਲੈ ਗਿਆ। ਉਸ ਸਾਧੂ ਨੇ ਜੋਗਿੰਦਰ ਸਿੰਘ ਨੂੰ ਕਿਹਾ ਕਿ ਇਹ ਜਗ੍ਹਾ ਤੇਰੀ ਨਹੀਂ ਰਹੇਗੀ ਕਿਉਂਕਿ ਇਸ ਧਰਤੀ 'ਤੇ ਗੁਰੂ ਨਾਨਕ ਨਾਮਲੇਵਾ ਲੋਕ ਆਉਣਗੇ ਤੇ ਇਥੇ ਬ੍ਰਹਮ ਗਿਆਨ ਦਾ ਵੱਡਾ ਕੇਂਦਰ ਬਣੇਗਾ। ਇਸ ਘਟਨਾ ਤੋਂ ਕੁਝ ਸਮੇਂ ਬਾਅਦ ਜੋਗਿੰਦਰ ਸਿੰਘ ਨੇ ਘਰੇਲੂ ਝਗੜੇ ਕਾਰਨ ਬੜੂ ਪਿੰਡ ਨੂੰ ਵੇਚਣ ਦਾ ਫ਼ੈਸਲਾ ਕਰ ਲਿਆ। ਉਧਰ ਸੰਤ ਤੇਜਾ ਸਿੰਘ ਨੂੰ ਇਸ ਅਸਥਾਨ ਦੇ ਵਿਕਣ ਦੀ ਸੂਚਨਾ ਮਿਲੀ। ਉਨ੍ਹਾਂ ਤੁਰੰਤ ਬਾਬਾ ਇਕਬਾਲ ਸਿੰਘ, ਜੋ ਉਸ ਵੇਲੇ ਹਿਮਾਚਲ ਪ੍ਰਦੇਸ਼ ਵਿਖੇ ਨੌਕਰੀ ਕਰ ਰਹੇ ਸਨ, ਨੂੰ ਆਪਣੇ ਸੇਵਕ ਰਾਹੀਂ ਸੁਨੇਹਾ ਭੇਜਿਆ ਤੇ ਕੁਝ ਨਿਸ਼ਾਨੀਆਂ ਭੇਜੀਆਂ ਕਿ ਪਿੰਡ ਬੜੂ ਵਿਕ ਰਿਹਾ ਹੈ। ਪਤਾ ਕਰੋ ਕਿ ਇਹ ਪਿੰਡ ਭੇਜੀਆਂ ਗਈਆਂ ਨਿਸ਼ਾਨੀਆਂ ਨਾਲ ਮੇਲ ਖਾਂਦਾ ਹੈ ਜਾਂ ਨਹੀਂ।



ਤਫਤੀਸ਼ ਕਰਨ ਉਪਰੰਤ ਪ੍ਰਸੰਨ ਹੋਏ ਬਾਬਾ ਇਕਬਾਲ ਸਿੰਘ ਨੇ ਸੰਤ ਜੀ ਨੂੰ ਰਿਪੋਰਟ ਭੇਜੀ ਕਿ ਇਹ ਹੂ-ਬ-ਹੂ ਭੇਜੀਆਂ ਗਈਆਂ ਨਿਸ਼ਾਨੀਆਂ ਵਾਲਾ ਪਿੰਡ ਹੀ ਹੈ। ਸੰਤ ਤੇਜਾ ਸਿੰਘ ਨੇ ਪਿੰਡ ਦੇ ਮਾਲਕ ਨੂੰ ਨਾਹਨ ਬੁਲਾਇਆ ਤੇ ਮੂੰਹ ਮੰਗੀ ਕੀਮਤ ਦੇ ਕੇ 400 ਏਕੜ ਜ਼ਮੀਨ ਵਾਲਾ ਇਹ ਸਾਰਾ ਪਿੰਡ ਖ਼ਰੀਦ ਲਿਆ।

1959 ਈਸਵੀ ਵਿਚ ਸੰਤ ਜੀ ਪਿੰਡ ਬੜੂ ਪਹੁੰਚੇ ਤੇ ਤੰਬੂ ਲਾ ਕੇ ਇਥੇ ਠਹਿਰ ਗਏ। ਫਿਰ ਮਿੱਟੀ ਦਾ ਕੱਚਾ ਗੁਰਦੁਆਰਾ ਸਾਹਿਬ ਬਣਵਾ ਕੇ ਆਖੰਡ ਪਾਠ ਸਾਹਿਬ ਆਰੰਭ ਕੀਤਾ। ਇਸ ਅਸਥਾਨ 'ਤੇ ਰਿਸ਼ੀਆਂ-ਮੁਨੀਆਂ ਵਾਲਾ ਸਤਯੁਗ ਦਾ ਮਾਹੌਲ ਹੈ ਕਿਉਂਕਿ ਇਸ ਅਸਥਾਨ 'ਤੇ ਰਹਿਣ ਵਾਲੇ ਬੱਚੇ-ਬੱਚੀਆਂ ਅਤੇ ਸੰਗਤਾਂ ਅੰਮ੍ਰਿਤ ਵੇਲਾ ਸੰਭਾਲਦੇ ਹਨ ਅਤੇ ਸਾਰਾ ਦਿਨ ਨਾਮ ਬਾਣੀ ਦੇ ਸਿਮਰਨ ਦਾ ਨਿਸ਼ਕਾਮ ਪ੍ਰਵਾਅ ਚੱਲਦਾ ਰਹਿੰਦਾ ਹੈ। ਸੰਤ ਤੇਜਾ ਸਿੰਘ ਵੱਲੋਂ ਸਥਾਪਿਤ ਕੀਤੇ ਗਏ 'ਕਲਗੀਧਰ ਟਰੱਸਟ' ਅਧੀਨ ਇਥੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹ ਕੇ ਉੱਤਰੀ ਭਾਰਤ ਵਿਚ ਆਧੁਨਿਕ ਵਿੱਦਿਆ ਦੇ ਨਾਲ-ਨਾਲ ਬ੍ਰਹਮ ਵਿੱਦਿਆ ਦਾ ਪ੍ਰਸਾਰ ਵੀ ਕੀਤਾ ਜਾ ਰਿਹਾ ਹੈ। •

98724-96720

*ਸ਼ਾਹ ਹੁਸੈਨ ਦੀਆਂ ਪੰਜਾਬੀ 'ਚ 164 ਕਾਫ਼ੀਆਂ ਮਿਲਦੀਆਂ ਹਨ। ਇਨ੍ਹਾਂ ਕਾਫ਼ੀਆਂ 'ਚ ਉਹ ਅੱਲ੍ਹਾ ਦੇ ਸੱਚੇ ਰਿਸ਼ਤੇ ਨੂੰ ਮਹੱਤਵ ਦਿੰਦੇ ਹਨ ਤੇ ਨਾਸ਼ਵਾਨ ਸੰਸਾਰ ਦੇ ਕਪਟੀ ਵਿਹਾਰ ਤੋਂ ਮੂੰਹ ਫੇਰਦੇ ਹਨ...*



# ਕਹੇ ਹੁਸੈਨ ਫ਼ਕੀਰ ਨਿਮਾਣਾ

ਪੰਜਾਬੀ ਸੂਫ਼ੀ ਕਵੀਆਂ ਵਿੱਚੋਂ ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਜੀ ਤੋਂ ਬਾਅਦ ਪ੍ਰਸਿੱਧ ਸੂਫ਼ੀ ਕਵੀ ਸ਼ਾਹ ਹੁਸੈਨ ਹੋਏ ਹਨ। ਸ਼ਾਹ ਹੁਸੈਨ ਉਨ੍ਹਾਂ ਰਹੱਸਵਾਦੀ ਸੂਫ਼ੀਆਂ ਵਿੱਚੋਂ ਇਕ ਹਨ ਜਿਨ੍ਹਾਂ ਨੂੰ ਰੂਹਾਨੀਅਤ ਦੇ ਨਸ਼ੇ ਵਿਚ ਦੀਨ-ਦੁਨੀਆ ਬੇਅਰਥ ਲੱਗਦੀ ਹੈ।

ਸ਼ਾਹ ਹੁਸੈਨ ਦਾ ਜਨਮ 1539 ਈਸਵੀ ਵਿਚ ਲਾਹੌਰ ਵਿਖੇ ਹੋਇਆ। ਉਨ੍ਹਾਂ ਦਾ ਦਾਦਾ ਕਲੂਸ ਇਕ ਹਿੰਦੂ ਸੀ ਅਤੇ ਪਿਤਾ ਨਉਸੈਖ ਉਸਮਾਨ ਜੁਲਾਹੇ ਦਾ ਕੰਮ ਕਰਦਾ ਸੀ। ਛੋਟੀ ਉਮਰ ਵਿਚ ਹੀ ਸ਼ਾਹ ਹੁਸੈਨ ਨੂੰ ਹਜ਼ਰਤ ਅਬੂ-ਬਕਰ ਕੋਲ ਪੜ੍ਹਨ ਲਈ ਭੇਜਿਆ ਗਿਆ ਤੇ ਛੇਤੀ ਹੀ ਆਪ ਕੁਰਾਨ ਦੇ ਹਾਫ਼ਿਜ਼ ਬਣ ਗਏ। ਇਸ ਤੋਂ ਬਾਅਦ ਸ਼ਾਹ ਹੁਸੈਨ ਬਹਿਲੋਲ ਸ਼ਾਹ ਦੇ ਮੁਰੀਦ ਬਣ ਗਏ ਅਤੇ ਬਹਿਲੋਲ ਸ਼ਾਹ ਦੇ ਕਹਿਣ 'ਤੇ ਹੀ ਉਨ੍ਹਾਂ ਨੇ ਲਾਹੌਰ ਵਿਚੇ ਦਾਤਾ ਗੰਜ ਬੱਖ਼ਸ਼ ਦੇ ਮਜ਼ਾਰ 'ਤੇ ਸਖ਼ਤ ਸਾਧਨਾ ਕੀਤੀ ਸੀ।

ਸ਼ਾਹ ਹੁਸੈਨ ਆਪਣੇ ਸਮੇਂ ਦੌਰਾਨ ਲਾਲ ਹੁਸੈਨ ਅਤੇ ਮਾਧੋ ਲਾਲ ਹੁਸੈਨ ਦੇ ਨਾਂ ਨਾਲ ਵੀ ਜਾਣੇ ਜਾਂਦੇ ਸਨ। ਉਨ੍ਹਾਂ ਆਪਣੀ ਉਮਰ ਦੇ ਮੁਢਲੇ 26 ਸਾਲ ਇਸਲਾਮੀ ਰਹਿਤ-ਮਰਿਯਾਦਾ ਅਤੇ ਕੁਰਆਨ ਸ਼ਰੀਫ਼ ਦੇ ਅਧਿਐਨ ਵਿਚ ਬਿਤਾਏ। ਇਸ ਦੌਰਾਨ ਉਹ ਕੁਰਆਨ ਸ਼ਰੀਫ਼ ਪੜ੍ਹਦਿਆਂ ਅਜਿਹੀ ਅਵਸਥਾ ਵਿਚ ਪਹੁੰਚ ਗਏ ਕਿ ਉਸ ਤੋਂ ਬਾਅਦ ਉਹ ਹਮੇਸ਼ਾ ਲਈ ਮਸਤੀ ਦੇ ਇਸ ਆਲਮ ਵਿਚ ਰਹਿਣ ਲੱਗੇ। ਉਹ ਅਕਸਰ ਕੱਵਾਲਾਂ ਦੀ ਸੰਗਤ ਵਿਚ ਨੱਚਣ, ਗਾਉਣ ਤੋਂ ਬਾਅਦ ਵਜਦ ਦੀ ਅਵਸਥਾ 'ਚ ਪਹੁੰਚ ਜਾਂਦੇ ਸਨ। ਇਸ ਤੋਂ ਬਾਅਦ ਸ਼ਾਹ ਹੁਸੈਨ ਨੂੰ ਸ਼ਰੀਅਤ ਵਿਚ ਕੀਤੀਆਂ ਜਾਂਦੀਆਂ ਧਾਰਮਿਕ ਰਸਮਾਂ ਤੇ ਰਵਾਇਤਾਂ ਬੇਅਰਥ ਲੱਗਣ ਲੱਗੀਆਂ ਅਤੇ ਉਨ੍ਹਾਂ ਦੀ ਇਸ ਮਾਨਸਿਕ ਜਾਂ ਰੂਹਾਨੀ ਤਬਦੀਲੀ ਨੇ ਉਨ੍ਹਾਂ ਨੂੰ 'ਮਲਾਮਤੀ ਸੂਫ਼ੀ' ਵਜੋਂ ਸਥਾਪਿਤ ਕੀਤਾ। ਮਲਾਮਤੀ ਸੂਫ਼ੀ ਵਜੋਂ ਉਨ੍ਹਾਂ ਨੂੰ ਕੱਟੜਪੰਥੀ ਮੌਲਾਣਿਆਂ ਅਤੇ ਕਾਜ਼ੀਆਂ ਦਾ ਵਿਰੋਧ ਵੀ ਸਹਿਣਾ ਪਿਆ ਪਰ ਉਨ੍ਹਾਂ ਨੇ ਬੇਪ੍ਰਵਾਹੀ ਤੇ ਮਸਤੀ ਦਾ ਪੱਲਾ ਨਹੀਂ ਛੱਡਿਆ। ਕੱਟੜ ਧਰਮੀ ਉਨ੍ਹਾਂ ਨੂੰ 'ਦੀਵਾਨਾ' ਕਹਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਨਮਾਜ਼, ਰੋਜ਼ੇ ਦਾ ਖ਼ਿਆਲ ਨਹੀਂ ਸੀ ਰਿਹਾ। ਉਹ ਸਭ ਅਕਲਾਂ ਤੇ ਇਲਮ ਭੁੱਲ ਕੇ ਉਸ ਇਕ ਖ਼ੁਦਾ ਨੂੰ ਸਮਰਪਿਤ ਹੋ ਗਏ ਸਨ।

ਸ਼ਾਹ ਹੁਸੈਨ ਦੀਆਂ ਪੰਜਾਬੀ ਵਿਚ 164 ਕਾਫ਼ੀਆਂ ਮਿਲਦੀਆਂ ਹਨ। ਇਨ੍ਹਾਂ ਕਾਫ਼ੀਆਂ ਵਿਚ ਉਹ ਅੱਲ੍ਹਾ ਦੇ ਸੱਚੇ ਰਿਸ਼ਤੇ ਨੂੰ ਮਹੱਤਵ ਦਿੰਦੇ ਹਨ ਅਤੇ ਨਾਸ਼ਵਾਨ ਸੰਸਾਰ ਦੀ ਕਪਟੀ ਦੁਨੀਆ ਦੇ ਕਪਟੀ ਵਿਵਹਾਰ ਤੋਂ ਮੂੰਹ ਫੇਰਦੇ ਹਨ।

**ਅੰਦਰ ਤੂੰ ਹੈ ਬਾਹਰ ਤੂੰ ਹੈ, ਰੋਮ ਰੋਮ ਵਿਚ ਤੂੰ।**
**ਤੂੰ ਹੀ ਤਾਣਾ, ਤੂੰ ਹੀ ਬਾਣਾ, ਸਭ ਕਿਛ ਮੇਰਾ ਤੂੰ।**
**ਕਹੇ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ।**

ਸ਼ਾਹ ਹੁਸੈਨ ਦਾ ਦੇਹਾਂਤ 6 ਜਨਵਰੀ 1600 ਈਸਵੀ ਨੂੰ ਲਾਹੌਰ ਵਿਖੇ ਹੋਇਆ। ਉਨ੍ਹਾਂ ਦਾ ਮਜ਼ਾਰ ਰਾਵੀ ਦਰਿਆ ਦੇ ਕੰਢੇ ਸ਼ਾਹਦਰਾ ਵਿਖੇ ਸਥਾਪਿਤ ਕੀਤਾ ਗਿਆ ਜੋ ਦਰਿਆ ਵਿਚ ਆਏ ਵੱਡੇ ਹੜ੍ਹ ਕਾਰਨ ਵਹਿ ਗਿਆ। ਇਸ ਤੋਂ ਪਿੱਛੋਂ ਉਨ੍ਹਾਂ ਦਾ ਮਜ਼ਾਰ ਬਾਗ਼ਬਾਨਪੁਰਾ, ਲਾਹੌਰ ਵਿਖੇ ਬਣਾਇਆ ਗਿਆ।

• **ਫੀਚਰ ਡੈਸਕ**

# ਗੁਰਮਤਿ ਸੰਗੀਤ 'ਚ ਲੋਕ ਸੰਗੀਤ ਦਾ ਤੱਤ

**ਤੀਰਥ ਸਿੰਘ ਢਿੱਲੋਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਤੇ 4 ਗੁਰਸਿੱਖਾਂ ਦੀ ਬਾਣੀ 31 ਰਾਗਾਂ 'ਚ ਅੰਕਿਤ ਹੈ ਉੱਥੇ ਹਰ ਸ਼ਬਦ ਦੀ ਆਰੰਭਤਾ ਵਿਚ ਰਾਗ ਤੇ ਘਰ (ਤਾਲ) ਵੀ ਅੰਕਿਤ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਏ ਇਕ ਮਹਾਨ ਪਰਉਪਕਾਰੀ ਕਾਰਜ ਰਾਹੀਂ ਸੀਨਾ-ਬ-ਸੀਨਾ ਚੱਲੀਆਂ ਆ ਰਹੀਆਂ ਪੁਰਾਤਨ ਲੋਕ ਗਾਇਨ ਸ਼ੈਲੀਆਂ, ਰੀਤਾਂ, ਧੁਨਾਂ, ਵੰਨਗੀਆਂ ਤੇ ਬੰਦਿਸ਼ਾਂ ਨੂੰ ਵੀ ਢੁਕਵਾਂ ਸਥਾਨ ਦਿੱਤਾ ਉੱਥੇ ਭਾਰਤੀ ਸ਼ਾਸਤਰੀ ਤੇ ਸੁਗਮ ਸੰਗੀਤ ਨੂੰ ਵੀ ਅਦੁੱਤੀ ਦੇਣ ਦਿੱਤੀ। ਗੁਰੂ ਅਰਜਨ ਦੇਵ ਜੀ ਤੀਖਣ ਸੰਗੀਤਕ ਸੂਝ ਅਤੇ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਨੇ ਜਿੱਥੇ ਆਪ ਕੀਰਤਨ ਕੀਤਾ ਉੱਥੇ ਸਿੱਖ ਸੰਗਤਾਂ ਦੀ ਝੋਲੀ ਵਿਚ ਕੀਰਤਨ ਦੀ ਦਾਤ ਪਾਈ। ਆਪ ਦੀ ਕ੍ਰਿਪਾ ਸਦਕਾ ਹੀ ਸਧਾਰਨ ਸਿੱਖਾਂ ਨੂੰ ਵੀ ਕੀਰਤਨ ਗਾਇਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਸ਼ੁੱਧ 31 ਰਾਗਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕ ਅੰਗ ਦੀਆਂ ਵੱਖ-ਵੱਖ ਵੰਨਗੀਆਂ ਦੀ ਵੀ ਵਰਤੋਂ ਕੀਤੀ ਗਈ ਹੈ। ਅਜਿਹਾ ਕਰਦਿਆਂ ਗੁਰੂ ਸਾਹਿਬ ਨੇ ਗੁਰਬਾਣੀ ਅਧੀਨ ਲੋਕ ਕਾਵਿ ਵਿਧਾ ਨੂੰ ਇਕ, ਦੋ ਤੇ ਤਿੰਨ ਅੰਕ ਲਾ ਕੇ ਸੁੰਦਰ ਤਰਤੀਬ ਦਿੱਤੀ। ਗੁਰਬਾਣੀ ਵਿਚ 'ਛੰਤ', 'ਅਲਾਹੁਣੀਆਂ', 'ਘੋੜੀਆਂ', 'ਵਾਰਾਂ', 'ਮੁੰਦਾਵਣੀ', 'ਅੰਜੁਲੀ', 'ਰਾਮਕਲੀ ਸਦ' ਆਦਿ ਪ੍ਰਚਲਿਤ ਸੰਗੀਤਕ ਵਿਧਾਵਾਂ ਦੀ ਗਾਇਨ ਪਰੰਪਰਾ ਨੂੰ ਸਥਾਪਤ ਕੀਤਾ ਗਿਆ ਹੈ। ਅਜਿਹਾ ਕਰਦੇ ਸਮੇਂ ਜਨ ਸਧਾਰਨ ਦੇ ਮਨੋਭਾਵਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ। ਨਾਲ ਹੀ ਲੋਕ ਗਾਇਨ ਸ਼ੈਲੀ ਦੇ ਇਨ੍ਹਾਂ ਰੂਪਾਂ ਨੂੰ 'ਰਾਗ', 'ਧੁਨ' ਤੇ 'ਰਹਾਓ' ਦੀ ਟੇਕ ਵੀ ਦਿੱਤੀ ਹੈ ਤਾਂ ਕਿ ਇਨ੍ਹਾਂ ਦੀ ਮਰਿਆਦਾ ਤੇ ਨਿਯਮਬੱਧਤਾ ਨੂੰ ਕਾਇਮ ਰੱਖਿਆ ਜਾ ਸਕੇ।





### ਛੰਤ

ਛੰਤ ਦਾ ਮੁਢਲਾ ਨਾਂ ਛੰਦ ਹੈ। ਇਹ ਗਾਇਨ ਵਿਧਾ ਵਿਆਹ ਆਦਿ ਖ਼ੁਸ਼ੀ ਦੇ ਮੌਕਿਆਂ ਨਾਲ ਸਬੰਧਤ ਹੈ। ਜਦੋਂ ਬਰਾਤਾਂ ਆਉਂਦੀਆਂ ਸਨ ਤਾਂ ਤ੍ਰੀਮਤਾਂ ਜਾਂਜੀਆਂ ਨੂੰ ਛੰਦ ਸੁਣਾਉਣ ਲਈ ਵੰਗਾਰ ਕੇ ਬਾਰਾਤ ਬੰਨ੍ਹ ਦਿੰਦੀਆਂ ਸਨ। ਛੰਦ ਸੁਣਨ ਤੋਂ ਬਾਅਦ ਹੀ ਬਾਰਾਤ ਨੂੰ ਅੱਗੇ ਪੈਰ ਧਰਨ ਦਿੱਤਾ ਜਾਂਦਾ ਸੀ। ਆਮ ਤੌਰ 'ਤੇ ਵਿਆਹ ਮੌਕੇ ਲਾੜਾ ਆਪਣੀਆਂ ਸਾਲੀਆਂ ਨੂੰ ਖ਼ੁਦ ਛੰਦ ਸੁਣਾਉਂਦਾ ਸੀ। ਮਹਾਨ ਕੋਸ਼ ਦੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਦ ਕਾਵਿ ਨੂੰ 'ਛੰਤ' ਕਿਹਾ ਜਾਂਦਾ ਹੈ । ਕਵੀ ਭਾਈ ਵੀਰ ਸਿੰਘ ਦੇ ਕਥਨ ਅਨੁਸਾਰ ਛੰਤ ਪ੍ਰਭੂ ਦੀ ਵਡਿਆਈ ਵਿਚ ਗਾਇਨ ਕੀਤਾ ਜਾਣ ਵਾਲਾ ਗੀਤ ਹੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਬਾਣੀ 'ਚ ਫ਼ੁਰਮਾਉਂਦੇ ਹਨ :

**ਨਾਨਕ ਭਵਜਲ ਪਾਰ ਪਰੈ ਜੋ ਗਾਵੈ ਪ੍ਰਭ ਕੇ ਗੀਤ॥**

ਗੁਰਬਾਣੀ 'ਚ ਦਰਜ ਛੰਤ ਮੂਲ ਲੋਕ ਕਾਵਿ ਕਲਾ ਦੀ ਸ਼ਬਦਾਵਲੀ, ਬਿੰਬਾਂ ਤੇ ਪ੍ਰਤੀਕਾਂ 'ਤੇ ਆਧਾਰਿਤ ਹੈ। ਸਿੱਖ ਪੰਥ 'ਚ ਰਾਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਸੁੱਖ ਆਸਨ ਕਰਨ ਸਮੇਂ ਇਸ ਛੰਤ ਦਾ ਗਾਇਨ ਕੀਤਾ ਜਾਂਦਾ ਹੈ :

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥**

ਸ੍ਰੀ ਗੁਰੂ ਰਾਮ ਦਾਸ ਜੀ ਵੱਲੋਂ ਰਚੇ ਗਏ ਅਨੇਕ ਛੰਤਾਂ ਦਾ ਆਸਾ ਜੀ ਕੀ ਵਾਰ 'ਚ ਰੋਜ਼ਾਨਾ ਗਾਇਨ ਹੁੰਦਾ ਹੈ। ਛੰਤ ਦੇ ਚਾਰ ਬੰਦ ਹੁੰਦੇ ਹਨ ਤੇ ਹਰ ਬੰਦ 'ਚ ਛੇ ਤੁਕਾਂ ਹੁੰਦੀਆਂ ਹਨ। ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਚ ਛੰਤ, ਗਾਉੜੀ ਪੂਰਬੀ, ਆਸਾ, ਵਡਹੰਸ, ਧਨਾਸਰੀ ਤੇ ਬਿਲਾਵਲ ਦੱਖਣੀ ਰਾਗਾਂ 'ਚ ਹਨ। ਭਾਰਤੀ ਸੰਗੀਤ 'ਚ ਛੰਤ ਨੂੰ 'ਪੀਲੂ' ਤੇ 'ਖਮਾਜ' ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ।

### ਵਾਰ

ਇਹ ਪੰਜਾਬ ਦੇ ਲੋਕ ਸੰਗੀਤ ਦਾ ਬਹੁਮੁੱਲਾ ਤੇ ਅਭਿੰਨ ਅੰਗ ਹੈ। ਇਸ ਦਾ ਗਾਇਨ ਮੈਦਾਨ-ਏ-ਜੰਗ 'ਚ ਜੋਧਿਆਂ ਅੰਦਰ ਜੋਸ਼ ਭਰਨ ਲਈ ਕੀਤਾ ਜਾਂਦਾ ਹੈ। ਇਸ ਦੇ ਗਾਇਕਾਂ ਨੂੰ 'ਢਾਡੀ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਵਾਰਾਂ ਦਾ ਮਕਸਦ ਪ੍ਰਾਣੀ ਨੂੰ ਪੰਜ ਵਿਕਾਰਾਂ ਦਾ ਟਾਕਰਾ ਕਰਨ ਲਈ ਆਤਮਕ ਤੌਰ 'ਤੇ ਬਲਵਾਨ ਬਣਾਉਣਾ ਹੈ। ਇਹ ਵਾਰਾਂ ਗੁਸਾਈਂ ਦੇ ਪਹਿਲਵਾਨੜੇ ਦੀ ਕੰਡ 'ਤੇ ਗੁਰੂ ਦਾ ਥਾਪੜਾ ਹੈ। ਗੁਰੂ ਗ੍ਰੰਥ ਸਾਹਿਬ 'ਚ ਕੁੱਲ 22 ਵਾਰਾਂ ਇਨ੍ਹਾਂ ਰਾਗਾਂ 'ਚ ਦਰਜ ਹਨ- ਸਿਰੀ ਰਾਗ, ਮਾਝ, ਆਸਾ, ਬਿਹਾਗੜਾ, ਵਡਹੰਸ, ਸੋਰਠਿ, ਜੈਤਸਰੀ, ਸੂਹੀ, ਬਿਲਾਵਲ, ਬੰਸਤ, ਸਾਰੰਗ, ਮਲਹਾਰ, ਕਾਨ੍ਹੜਾ। ਇਸ ਤੋਂ ਇਲਾਵਾ ਇਕ-ਇਕ ਵਾਰ ਗਉੜੀ-ਗੂਜਰੀ ਵਿਚ, ਦੋ ਮਾਰੂ ਰਾਗ ਵਿਚ ਤੇ ਤਿੰਨ ਰਾਮਕਲੀ ਰਾਗ 'ਚ ਦਰਜ ਹਨ। ਸਭ ਤੋਂ ਮਹੱਤਵਪੂਰਨ 'ਆਸਾ ਦੀ ਵਾਰ' ਕੀਰਤਨ ਦਾ ਅਨਿੱਖੜਵਾਂ ਅੰਗ ਹੈ। ਸਿੱਖਾਂ ਵਿਚ 'ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ' ਦੇ ਸਿਰਲੇਖ ਹੇਠ ਵੀ ਇਕ ਵਾਰ ਰਾਗ ਰਾਮਕਲੀ ਵਿਚ ਅੰਕਿਤ ਹੈ।

### ਅੰਜੁਲੀ

ਗੁਰੂ ਨਾਨਕ ਦੇਵ ਜੀ ਦੀਆਂ ਮਾਰੂ ਰਾਗ 'ਚ ਦੋ ਅੰਜੁਲੀਆਂ ਦਰਜ ਹਨ, ਜਿਨ੍ਹਾਂ ਵਿਚ ਦਰੱਖ਼ਤ ਦੇ ਸਰੂਪ ਤੋਂ ਲੈ ਕੇ ਸੰਸਾਰ ਦੀ ਨਾਸ਼ਵਾਨਤਾ ਤਕ ਦਾ ਜ਼ਿਕਰ ਹੈ। ਅੰਜੁਲੀ ਦਾ ਸ਼ਬਦੀ ਅਰਥ ਡੰਡਾਉਤ-ਬੰਦਨਾ ਹੁੰਦਾ ਹੈ।

### ਘੋੜੀਆਂ

ਘੋੜੀਆਂ ਵੀ ਸ਼ਗਨਾਂ ਵੇਲੇ ਗਾਈ ਜਾਣ ਵਾਲੀ ਸੰਗੀਤਕ ਵਿਧਾ ਹੈ। ਗੁਰਬਾਣੀ ਵਿਚ ਗੁਰੂ ਰਾਮਦਾਸ ਜੀ ਨੇ ਇਸ ਦੀ ਵਰਤੋਂ ਕੀਤੀ ਹੈ। ਆਪ ਦੀਆਂ ਰਾਗ ਵਡਹੰਸ ਵਿਚ ਦੋ ਘੋੜੀਆਂ ਦਰਜ ਹਨ। ਮੌਜੂਦਾ ਕੀਰਤਨਕਾਰਾਂ ਵਿੱਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੰਗੀਤ ਆਚਾਰੀਆ ਤੇ ਪ੍ਰਸਿੱਧ ਕੀਰਤਨਕਾਰ ਡਾ. ਜਸਬੀਰ ਕੌਰ ਨੂੰ ਇਸ ਸੰਗੀਤਕ ਵਿਧਾ 'ਚ ਬਹੁਤ ਪ੍ਰਬੀਨਤਾ ਹਾਸਲ ਹੈ। ਪੰਥ ਦੇ ਮਹਾਨ ਰਾਗੀ ਸਚਖੰਡ ਵਾਸੀ ਭਾਈ ਦਵਿੰਦਰ ਸਿੰਘ ਗੁਰਦਾਸਪੁਰੀ ਤੇ ਗੁਰਮਤਿ ਸੰਗੀਤ ਦੇ ਧੁਰੰਤਰ ਵਿਦਵਾਨ ਤੇ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁਖੀ ਡਾ. ਗੁਰਨਾਮ ਸਿੰਘ ਨੂੰ ਵੀ ਇਨ੍ਹਾਂ ਸਾਰੀਆਂ ਸੰਗੀਤਕ ਵਿਧਾਵਾਂ 'ਚ ਮੁਹਾਰਤ ਹਾਸਲ ਹੈ। • 98154-61710

**ਮੁੰਦਾਵਣੀ**

*ਮੁੰਦਾਵਣੀ ਪੋਠੋਹਾਰ ਦਾ ਇਕ ਗੀਤ ਹੈ। ਇਸ ਦਾ ਸ਼ਬਦੀ ਅਰਥ ਬੁਝਾਰਤ ਹੈ। ਇਸ ਰਾਹੀਂ, ਥਾਲ ਵਿਚ ਪਈਆਂ ਤਿੰਨ ਵਸਤਾਂ ਸਤ, ਸੰਤੋਖ ਅਤੇ ਅੰਮ੍ਰਿਤ ਰੂਪੀ ਨਾਮ ਨੂੰ ਧਾਰਨ ਕਰਨ ਦੀ ਤਾਕੀਦ ਕੀਤੀ ਗਈ ਹੈ। ਗੁਰਬਾਣੀ ਦੀ ਮੁੰਦਾਵਣੀ ਰੂਹਾਨੀ ਬੁਝਾਰਤ ਹੈ 'ਜੋ ਬੁਝ ਗਿਆ ਸੋ ਤਰ ਗਿਆ।'*

**ਅਲਾਹੁਣੀਆਂ**

*ਇਹ ਰੁਦਰ ਸੰਗੀਤ ਦਾ ਬਿਹਤਰੀਨ ਨਮੂਨਾ ਹੈ। ਪ੍ਰਾਣੀ ਦੇ ਚਲਾਣੇ 'ਤੇ ਬੀਬੀਆਂ ਵੈਣ ਪਾਉਂਦੀਆਂ ਸਨ। ਗੁਰਮਤਿ ਨੇ ਇਸ ਤੋਂ ਮਨ੍ਹਾਂ ਕਰਦਿਆਂ ਜੀਵ ਆਤਮਾ ਦੇ ਪ੍ਰਭੂ ਨਾਲ ਮਿਲਾਪ ਲਈ ਵਿਰਲਾਪ ਕਰਨ ਵਾਸਤੇ ਇਸ ਸੋਗਮਈ ਵਿਧਾ ਦਾ ਪ੍ਰਚਲਨ ਸ਼ੁਰੂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 9 ਅਲਾਹੁਣੀਆਂ ਹਨ, ਜਿਨ੍ਹਾਂ ਵਿੱਚੋਂ 5 ਗੁਰੂ ਨਾਨਕ ਦੇਵ ਜੀ ਅਤੇ 4 ਗੁਰੂ ਅਮਰ ਦਾਸ ਜੀ ਦੀਆਂ ਉਚਾਰੀਆਂ ਹਨ।*

# ਚੈਕਮੇਟ ਅਤੇ ਚੈਂਪੀਅਨ: ਮਾਡਰਨ ਸਕੂਲ ਸ਼ਹਿਰ ਦੇ ਪ੍ਰੀਮੀਅਰ ਸ਼ਤਰੰਜ ਟੂਰਨਾਮੈਂਟ ਦੀ ਕੀਤੀ ਮੇਜ਼ਬਾਨੀ

**ਪਟਿਆਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ ਇੱਕ ਸ਼ਾਨਦਾਰ ਇੰਟਰ-ਸਕੂਲ ਸ਼ਤਰੰਜ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਪਟਿਆਲਾ ਦੇ 18 ਚੋਟੀ ਦੇ ਸਕੂਲਾਂ ਦੇ 200 ਵਿਦਿਆਰਥੀਆਂ ਨੇ ਭਾਗ ਲਿਆ। ਟੂਰਨਾਮੈਂਟ ਵਿੱਚ ਤਿੰਨ ਸ਼੍ਰੇਣੀਆਂ ਵਿੱਚ ਤਿੱਖਾ ਮੁਕਾਬਲਾ ਹੋਇਆ: ਅੰਡਰ-14, ਅੰਡਰ-17, ਅਤੇ ਅੰਡਰ-19। ਇਸ ਸਮਾਗਮ ਦੀ ਮੁੱਖ ਮਹਿਮਾਨ ਆਦਿਆ ਗੁਪਤਾ ਸੀ, ਜੋ ਕਿ ਇੱਕ ਅੰਤਰਰਾਸ਼ਟਰੀ ਸ਼ਤਰੰਜ ਖਿਡਾਰਨ ਅਤੇ ਮਹਿਲਾ 6945 ਮਾਸਟਰ ਸੀ, ਜਿਸਨੇ ਟੂਰਨਾਮੈਂਟ ਤੋਂ ਇੱਕ ਦਿਨ ਪਹਿਲਾਂ ਮਾਡਰਨ ਸਕੂਲ ਦੇ ਉਭਰਦੇ ਸ਼ਤਰੰਜ ਖਿਡਾਰੀਆਂ




ਨਾਲ ਇੱਕ 'ਵਿਸ਼ੇਸ਼ ਵਰਕਸ਼ਾਪ' ਵੀ ਕੀਤੀ। ਉਸਨੇ ਬਾਅਦ ਵਿੱਚ ਟੂਰਨਾਮੈਂਟ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ, ਉਨ੍ਹਾਂ ਨੂੰ ਉਨ੍ਹਾਂ ਦੀਆਂ ਟਰਾਫੀਆਂ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ, ਅਤੇ ਸਾਰੇ ਭਾਗੀਦਾਰਾਂ ਨਾਲ ਉਤਸ਼ਾਹ ਦੇ ਕੁਝ ਸ਼ਬਦ ਸਾਂਝੇ ਕੀਤੇ। ਅੰਡਰ-19 ਸ਼੍ਰੇਣੀ ਵਿੱਚ, ਸਰਕਾਰੀ ਮਲਟੀਪਰਪਜ਼ ਸਕੂਲ, ਪਟਿਆਲਾ ਦੀ ਨਿਧੀ ਜੇਤੂ ਰਹੀ, ਜਿਸਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਸ਼੍ਰੀ ਅਰਬਿੰਦੋ ਇੰਟਰਨੈਸ਼ਨਲ ਸਕੂਲ, ਪਟਿਆਲਾ ਅਤੇ ਅਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੇ ਰਾਧੇਸ਼ ਅਤੇ ਭਾਵਰਾਜ ਸਿੰਘ ਨੇ ਪ੍ਰਾਪਤ ਕੀਤਾ। ਅੰਡਰ-17 ਵਰਗ ਵਿੱਚ ਵੀ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ, ਜਿਸ ਵਿੱਚ ਆਰਮੀ ਪਬਲਿਕ ਸਕੂਲ, ਪਟਿਆਲਾ ਦੇ ਗੁਰਸ਼ਬਦ ਸਕੂਲ ਨੇ ਪਹਿਲਾ ਸਥਾਨ ਹਾਸਲ ਕੀਤਾ। ਦੂਜੇ ਅਤੇ ਤੀਜੇ ਸਥਾਨ ਲਈ ਸਖ਼ਤ ਮੁਕਾਬਲਾ ਹੋਇਆ, ਅਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਅਤੇ ਕਰੀਅਰ ਅਕੈਡਮੀ, ਪਟਿਆਲਾ ਦੇ ਅਕਸ਼ਜ ਸਿੰਗਲਾ ਅਤੇ ਸਾਰਥਕ ਸਿੰਘਲ ਨੇ ਆਪੋ-ਆਪਣੇ ਸਥਾਨ ਹਾਸਲ ਕੀਤੇ।

ਅੰਡਰ-14 ਵਰਗ ਵਿੱਚ, ਕਰੀਅਰ ਅਕੈਡਮੀ, ਪਟਿਆਲਾ ਦੇ ਰੁਦਰ ਪ੍ਰਤਾਪ ਸਿੰਘਲ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਪਹਿਲਾ ਸਥਾਨ ਹਾਸਲ ਕੀਤਾ। ਦ ਮਿਲੇਨੀਅਮ ਸਕੂਲ, ਪਟਿਆਲਾ ਤੋਂ ਦਿਲਮੀਤ ਕੌਰ ਅਤੇ ਵੈਨਿਕਾ ਅਤੇ ਅਵਰ ਲੇਡੀ ਆਫ਼ ਫਾਤਿਮਾ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ, ਇਸ ਉਮਰ ਸਮੂਹ ਵਿੱਚ ਉੱਚ ਪੱਧਰ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

# ਪੰਜਾਬ ਦੇ ਸਹਿਕਾਰੀ ਵਿਭਾਗ ਵੱਲੋਂ ਨਾਗਰਿਕਾਂ ਨੂੰ ਬਿਹਤਰੀਨ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਲਈ ਦਫ਼ਤਰਾਂ ਵਿੱਚ ਡਿਜੀਟਲ ਹਾਜ਼ਰੀ ਪ੍ਰਣਾਲੀ ਦਾ ਆ.ਗਾਜ਼

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਨਾਗਰਿਕਾਂ ਨੂੰ ਹੋਰ ਬਿਹਤਰ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਵਾਸਤੇ ਮੁਲਾਜ਼ਮਾਂ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਰਜਿਸਟਰਾਰ ਸਹਿਕਾਰੀ ਸਭਾਵਾਂ ਦੇ ਦਫ਼ਤਰਾਂ ਅਤੇ ਪ੍ਰਮੁੱਖ ਸਹਿਕਾਰੀ ਸੰਸਥਾਵਾਂ ਦੇ ਸਾਰੇ ਦਫਤਰਾਂ 'ਚ ਮੁਲਾਜ਼ਮਾਂ ਲਈ ਹਾਜ਼ਰੀ ਲਗਾਉਣ ਵਾਸਤੇ ਐਮਸੇਵਾ ਐਪ ਦੀ ਵਰਤੋਂ ਸ਼ੁਰੂ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਸ੍ਰੀ ਗਿਰੀਸ਼ ਦਿਆਲਨ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਸਟਾਫ਼ ਦੇ ਦਫ਼ਤਰ ਆਉਣ-ਜਾਣ ਦੇ ਸਮੇਂ ਦੀ ਨਿਗਰਾਨੀ ਕਰਨਾ, ਬੇਨਿਯਮੀਆਂ ਨੂੰ ਦੂਰ ਕਰਨਾ ਅਤੇ ਬਿਹਤਰੀਨ ਸ਼ਾਸਨ ਲਈ ਸਰੋਤਾਂ ਦੀ ਢੁਕਵੀਂ ਵੰਡ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਐਮਸੇਵਾ ਐਪ 'ਤੇ ਔਨਲਾਈਨ ਹਾਜ਼ਰੀ ਦਰਜ ਕਰਨ ਦਾ ਇਹ ਟਰਾਇਲ ਰਨ 1 ਅਗਸਤ, 2025 ਤੋਂ ਸ਼ੁਰੂ ਹੋ ਕੇ ਇੱਕ ਮਹੀਨੇ ਦੀ ਮਿਆਦ ਲਈ ਹੋਵੇਗਾ ਅਤੇ ਇਸ ਟਰਾਇਲ ਪੜਾਅ ਦੌਰਾਨ ਸੁਚਾਰੂ ਔਨਬੋਰਡਿੰਗ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਇਸ ਵਿੱਚ ਮੁਲਾਜ਼ਮਾਂ ਦੀ ਭਾਗੀਦਾਰੀ ਲਾਜ਼ਮੀ ਹੋਵੇਗੀ। ਉਨ੍ਹਾਂ ਕਿਹਾ ਕਿ ਸਫ਼ਲ ਆਨਬੋਰਡਿੰਗ ਅਤੇ ਟਰਾਇਲ ਰਨ ਤੋਂ ਬਾਅਦ ਇਹ ਹਾਜ਼ਰੀ ਪ੍ਰਣਾਲੀ 1 ਸਤੰਬਰ, 2025 ਤੋਂ ਲਾਗੂ ਕਰ ਦਿੱਤੀ ਜਾਵੇਗੀ।

ਸ੍ਰੀ ਦਿਆਲਨ ਨੇ ਕਿਹਾ ਕਿ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਇਸ ਪਹਿਲਕਦਮੀ ਨੂੰ ਲਾਗੂ ਕਰਨ ਵਿੱਚ ਲੋੜੀਂਦਾ ਸਹਿਯੋਗ ਅਤੇ ਸਹਾਇਤਾ ਪ੍ਰਦਾਨ ਕਰੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਪੰਜਾਬ ਸਰਕਾਰ ਤਕਨਾਲੋਜੀ ਦੀ ਵਰਤੋਂ ਜ਼ਰੀਏ ਮੁਲਾਜ਼ਮਾਂ ਦੀ ਹਾਜ਼ਰੀ ਦੀ ਟਰੈਕਿੰਗ ਰਾਹੀਂ ਆਪਣੇ ਕਰਮਚਾਰੀਆਂ ਦੀ ਕਾਰਜ-ਕੁਸ਼ਲਤਾ ਨੂੰ ਵਧਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਲੋਕਾਂ ਨੂੰ ਬਿਹਤਰ ਢੰਗ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਪੰਜਾਬ 'ਚ ਭੀਖ ਮੰਗ ਰਹੇ ਬੱਚਿਆਂ ਦੀ ਜ਼ਿੰਦਗੀ ਬਦਲ ਰਹੀ ਹੈ - ਪ੍ਰੋਜੈਕਟ ਜੀਵਨਜੋਤ 2.0 ਦੇ ਨਤੀਜੇ ਆ ਰਹੇ ਹਨ ਸਾਹਮਣੇ: ਡਾ ਬਲਜੀਤ ਕੌਰ

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਭੀਖ ਮੰਗਣ ਵਾਲੇ ਬੱਚਿਆਂ ਦੀ ਜ਼ਿੰਦਗੀ ਨੂੰ ਸੜਕਾਂ ਤੋਂ ਸੁਰੱਖਿਅਤ, ਸਿੱਖਿਆ ਅਤੇ ਆਤਮ-ਨਿਰਭਰ ਜੀਵਨ ਵੱਲ ਲੈ ਜਾਣ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰੋਜੈਕਟ ਜੀਵਨਜੋਤ 2.0 ਮੁਹਿੰਮ ਅਜਿਹੇ ਨਤੀਜੇ ਦੇ ਰਹੀ ਹੈ ਜੋ ਸੂਬੇ ਵਿੱਚ ਹੋ ਰਹੇ ਸਮਾਜਿਕ ਬਦਲਾਅ ਨੂੰ ਦਰਸਾਉਂਦੇ ਹਨ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕੀਤਾ।

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 245 ਵਿਸ਼ੇਸ਼ ਛਾਪਿਆਂ ਦੌਰਾਨ 214 ਭੀਖ ਮੰਗ ਰਹੇ ਬੱਚਿਆਂ ਨੂੰ ਬਚਾਇਆ ਗਿਆ, ਜਿਨ੍ਹਾਂ ਵਿੱਚੋਂ 106 ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਸਪੁਰਦ ਕਰ ਦਿੱਤਾ ਗਿਆ ਹੈ। ਇਹ ਨਤੀਜੇ ਸੂਬਾ ਸਰਕਾਰ ਦੀ ਇਸ ਮੁਹਿੰਮ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਮੰਤਰੀ ਨੇ ਦੱਸਿਆ ਕਿ ਤਾਜ਼ਾ ਕਾਰਵਾਈ ਅੰਦਰ, ਸੂਬੇ ਦੇ 16 ਜ਼ਿਲ੍ਹਿਆਂ ਵਿੱਚ 16 ਵਿਸ਼ੇਸ਼ ਛਾਪੇ ਮਾਰੇ ਗਏ, ਜਿਸ ਦੌਰਾਨ ਸਿਰਫ਼ 2 ਬੱਚੇ ਹੀ ਭੀਖ ਮੰਗਦੇ ਮਿਲੇ - 1 ਬਰਨਾਲਾ ਅਤੇ 1 ਸੰਗਰੂਰ ਜ਼ਿਲ੍ਹੇ ਤੋਂ। ਦਸਤਾਵੇਜ਼ੀ ਜਾਂਚ ਤੋਂ ਬਾਅਦ ਇਹਨਾਂ ਬੱਚਿਆਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਸਪੁਰਦ ਕੀਤਾ ਗਿਆ। ਇਹ ਦਰਸਾਉਂਦਾ ਹੈ ਕਿ ਮੁਹਿੰਮ ਮਕਸਦ ਵੱਲ ਸਫਲਤਾਪੂਰਕ ਅੱਗੇ ਵਧ ਰਹੀ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਭੀਖ ਮੰਗਣ ਤੋਂ ਬਚਾਏ ਗਏ ਕੁੱਲ 16 ਬੱਚਿਆਂ ਦੀ ਡੀ.ਐਨ.ਏ. ਟੈਸਟਿੰਗ ਲਈ ਪਛਾਣ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ 15 ਬੱਚਿਆਂ ਲਈ ਦਸਤਾਵੇਜ਼ੀ ਕਾਰਵਾਈ ਪੂਰੀ ਹੋ ਗਈ ਹੈ ਅਤੇ 13 ਬੱਚਿਆਂ ਦੇ ਡੀ.ਐਨ.ਏ. ਟੈਸਟ ਲਈ ਸੈਂਪਲ ਲੈ ਲਏ ਗਏ ਹਨ। ਇਸ ਤੋਂ ਇਲਾਵਾ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ 1-1 ਅਤੇ ਬਠਿੰਡਾ ਦੇ 2 ਮਾਪਿਆਂ ਵਿਰੁੱਧ (ਕੁੱਲ 4) ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਸਿਰਫ ਕਾਰਵਾਈ ਨਹੀਂ, ਸੂਬੇ ਦੇ ਹਰ ਬੱਚੇ ਨੂੰ ਸੁਰੱਖਿਆ ਅਤੇ ਭਵਿੱਖ ਦੇਣ ਵੱਲ ਵਧਾਇਆ ਗਿਆ ਇੱਕ ਪੱਕਾ ਕਦਮ ਹੈ। ਉਨ੍ਹਾਂ ਆਖਿਆ ਕਿ ਜੇਕਰ ਕਿਸੇ ਵੀ ਵਿਅਕਤੀ ਵੱਲੋਂ ਕਿਸੇ ਬੱਚੇ ਨੂੰ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ, ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਅਤੇ ਜਨਤਾ ਨੂੰ ਅਪੀਲ ਕੀਤੀ ਕਿ ਭੀਖ ਵਰਗੀ ਮਾੜੀ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਲਈ ਸਰਕਾਰ ਨਾਲ ਸਹਿਯੋਗ ਕਰਣ। ਉਨ੍ਹਾਂ ਆਖਿਆ, ÷ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕੋਈ ਵੀ ਬੱਚਾ ਭੀਖ ਮੰਗਣ ਲਈ ਮਜਬੂਰ ਨਾ ਹੋਵੇ - ਹਰ ਬੱਚਾ ਸੁਰੱਖਿਅਤ, ਪੜ੍ਹਿ ਆ-ਲਿਖਿਆ ਅਤੇ ਆਤਮ-ਨਿਰਭਰ ਬਣੇ, ਇਹੀ ਸਾਡਾ ਵਚਨ ਹੈ।

ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਕਿਸੇ ਬੱਚੇ ਨੂੰ ਭੀਖ ਮੰਗਦਿਆਂ ਵੇਖਣ, ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦੇਣ, ਤਾਂ ਜੋ ਉਹ ਬੱਚਾ ਸੁਰੱਖਿਅਤ ਜੀਵਨ ਵੱਲ ਵਾਪਸ ਲਿਆਇਆ ਜਾ ਸਕੇ।

# ਚੀਫ ਲੇਬਰ ਕਮਿਸ਼ਨਰ (ਸੀ.) ਚੰਡੀਗੜ੍ਹ, ਦਫ਼ਤਰ ਵੱਲੋਂ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੋਜ਼ਗਾਰ ਯੋਜਨਾ ਦੇ ਸਬੰਧ ਵਿੱਚ ਰੋਜ਼ਗਾਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ




**ਮੁਹਾਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ ਲੇਬਰ ਕਮਿਸ਼ਨਰ (ਸੀ.) ਚੰਡੀਗੜ੍ਹ, ਦਫ਼ਤਰ ਦੁਆਰਾ ਰਿਲਾਇੰਸ ਜੀਓ ਕੰਪਲੈਕਸ, ਐੱਸ.ਏ.ਐੱਸ ਨਗਰ (ਮੋਹਾਲੀ) ਵਿੱਚ ਕੇਂਦਰ ਸਰਕਾਰ ਦੀ ਮਹੱਤਵਅਕਾਂਖੀ (ਖਾਹਿਸ਼ੀ) ਯੋਜਨਾ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੋਜ਼ਗਾਰ ਯੋਜਨਾ ਦੇ ਸਬੰਧ ਵਿੱਚ ਰੋਜ਼ਗਾਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਾਗਰੂਕਤਾ ਸੈਮੀਨਾਰ ਵਿੱਚ ਲੇਬਰ ਇਨਫੋਰਸਮੈਂਟ ਅਫ਼ਸਰ (ਸੀ.) ਡਾ. ਨੀਰਜ ਮੋਹਨ ਨੇ ਦੱਸਿਆ ਕਿ 01 ਅਗਸਤ ਤੋਂ ਪ੍ਰਭਾਵੀ ਹੋ ਰਹੀ ਇਸ ਯੋਜਨਾ ਨਾਲ ਨਵੇਂ ਕਰਮਚਾਰੀ ਅਤੇ ਰੋਜ਼ਗਾਰਦਾਤਾ ਦੋਵਾਂ ਨੂੰ ਲਾਭ ਹੋਵੇਗਾ ਅਤੇ ਇਹ ਯੋਜਨਾ ਉਤਪਾਦਨ ਖੇਤਰ ਦੇ ਰੋਜ਼ਗਾਰਦਾਤਾਵਾਂ ਲਈ 04 ਵਰ੍ਹ ?ਆਂ ਲਈ ਅਤੇ ਹੋਰ ਖੇਤਰ ਦੇ ਰੋਜ਼ਗਾਰਦਾਤਾਵਾਂ ਲਈ 02 ਵਰ੍ਹ ?ਆਂ ਲਈ ਲਾਗੂ ਕੀਤੀ ਗਈ ਹੈ। ਇਹ ਯੋਜਨਾ ਇੱਕ ਲੱਖ ਰੁਪਏ ਤੱਕ ਤਨਖਾਹ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਲਈ ਲਾਗੂ ਹੋਵੇਗੀ ਅਤੇ ਇਸ ਯੋਜਨਾ ਦਾ ਰਜਿਸਟ ?ਰੇਸ਼ਨ 01 ਅਗਸਤ 2025 ਤੋਂ 31 ਜੁਲਾਈ 2027 ਤੱਕ ਚੱਲਣਗੇ। ਲਾਭਾਰਥੀਆਂ ਨੂੰ ਇੱਕ ਮਹੀਨੇ ਦੀ ਤਨਖਾਹ 15,000 ਰੁਪਏ ਤੱਕ ਦੇਣੀ ਹੋਵੇਗੀ ਜੋ ਦੋ ਬਰਾਬਰ ਕਿਸ਼ਤਾਂ ਵਿੱਚ ਪ੍ਰਦਾਨ ਕੀਤੇ ਜਾਵੇਗੀ। ਨਵੇਂ -ਨਿਯੁਕਤ ਹੋਏ ਕਰਮਚਾਰੀਆਂ ਦੇ ਰੋਜ਼ਗਾਰਦਾਤਾਵਾਂ ਨੂੰ ਤਿੰਨ ਹਜ਼ਾਰ ਰੁਪਏ ਪ੍ਰਤੀ ਮਹੀਨੇ ਤੱਕ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਸੈਮੀਨਾਰ ਵਿੱਚ ਮਨਰਾਜ ਸਿੰਘ, ਸ਼ ?ਰੀ ਲਲਿਤ, ਮਾਨਵ ਸੰਸਾਧਨ ਵਿਭਾਗ, ਮੈਨੇਜਰ ਕਿਸ਼ੋਰ ਕੁਮਾਰ ਮੌਜੂਦ ਰਹੇ। ਸੈਮੀਨਾਰ ਨੂੰ ਸ਼ ?ਰੀ ਜੁਗੇਂਦਰ ਸਿੰਘ ਲੇਬਰ ਇਨਫੋਰਸਮੈਂਟ ਅਫ਼ਸਰ ਨੇ ਵੀ ਸੰਬੋਧਨ ਕੀਤਾ।

ਇਸ ਵਿਸ਼ੇਸ਼ ਜਾਗਰੂਕਤਾ ਅਭਿਯਾਨ ਦੇ ਤਹਿਤ ਇਸੇ ਪ੍ਰਕਾਰ ਦੇ ਇੱਕ ਹੋਰ ਸੈਮੀਨਾਰ ਦਾ ਆਯੋਜਨ ਅਲਟ ?ਰਾਟੈੱਕ ਸੀਮੇਂਟ ਪਰਿਸਰ, ਰਾਜਪੁਰਾ ਵਿੱਚ ਵੀ ਕੀਤਾ ਗਿਆ। ਪ੍ਰਬੰਧਨ ਦੀ ਤਰਫੋਂ ਸ਼ ?ਰੀ ਪ੍ਰੇਮ ਠਾਕੁਰ, ਸ਼ ?ਰੀ ਬਲਰਾਮ ਸ਼ਰਮਾ ਅਤੇ ਹੋਰ ਕਰਮਚਾਰੀ, ਹੋਰ ਰੋਜ਼ਗਾਰਦਾਤਾ ਅਤੇ ਕਿਰਤ ਸੰਗਠਨਾਂ ਦੇ ਅਹੁਦੇਦਾਰ ਮੌਜੂਦ ਰਹੇ।

# ਅੰਤਰਰਾਸ਼ਟਰੀ ਮਿੱਤਰਤਾ ਦਿਵਸ ; ਜੇ ਮਿੱਤਰ ਦੁੱਖ ਵਿੱਚ ਹੋਵੇ ਤਾਂ ਦਾ ਇੰਤਜਾਰ ਨਹੀ ਕਰਦਾ: ਮੇਅਰ ਗੋਗੀਆ



**ਪਟਿਆਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਅੰਤਰਰਾਸ਼ਟਰੀ ਦਿਵਸ ਨੂੰ ਮਨਾਉਂਦੀਆ ਨਾਮੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵਲੋ ਨਹਿਰੂ ਪਾਰਕ ਵਿੱਚ 21 ਪੌਦੇ ਗੁਲਾਬ ਦੇ ਲਗਾਏ ਗਏ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਸਾਨੂੰ ਪਿਆਰ, ਮੁੱਹਬਤ ਨਾਲ ਰਹਿਣਾ ਚਾਹੀਦਾ ਹੈ। ਮਿੱਤਰ ਅਗਰ ਸੁੱਖ ਵਿੱਚ ਹੋਵੇ ਤਾਂ ਬੁਲਾਵੇ ਤੋ ਬਿਨਾ ਨਹੀ ਆਉਦਾਂ,ਜੇ ਮਿੱਤਰ ਦੁੱਖ ਵਿੱਚ ਹੋਵੇ ਤਾਂ ਬੁਲਾਵੇ ਦਾ ਇੰਤਜਾਰ ਨਹੀ ਕਰਦਾ।ਉਘੇ ਸਮਾਜ ਸੇਵੀ ਉਪਕਾਰ ਸਿੰਘ ਨੇ ਮਿੱਤਰਤਾ ਦਿਵਸ ਤੇ ਕਿਹਾ ਸਾਨੂੰ ਨੋਟ ਇਕੱਠੇ ਨਹੀ ਕਰਨੇ ਚਾਹੀਦੇ, ਨੋਟ ਬਦਲ ਜਾਤੇ ਹੈ।ਦੋਸਤ ਇਕੱਠੇ ਕਰਨੇ ਚਾਹੀਦੇ ਹਨਪੁਰਾਣੇ ਵੀ ਚੱਲ ਜਾਂਦੇ ਹਨ।

ਇਸ ਮਿੱਤਰਤਾ ਦਿਵਸ ਤੇ ਮਿੱਤਰ ਸੁਖਰਾਜ ਲੱਕੀ,ਕਮਲ ਬਾਂਸਲ,ਡਾ ਹਰਨੇਕ ਸਿੰਘ ਢੋਟ ਚਰਨਪਾਲ ਸਿੰਘ ਬਲਵਿੰਦਰ ਕੌਰ ਮਨਜੀਤ ਕੌਰ ਹਰਪ੍ਰੀਤ ਕੌਰ, ਲਖਵਿੰਦਰ ਸਿੰਘ, ਦੇਵ ਜੀ ਪੱਪੂ,ਸੋਢੀ ਡਿੰਪੀ ਵਿਨਸੀ, ਮੋਹਨ ਖੰਨਾ, ਪਰਿਸ ਵੀ ਹਾਜਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਸ਼ਿਵਾਜੀ ਸ਼ਾਖਾ ਵੱਲੋਂ ਅੱਖਾਂ ਦਾ ਇਲਾਜ ਕੈਂਪ



**ਪਟਿਆਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪ੍ਰੀਸ਼ਦ ਸ਼ਿਵਾਜੀ ਸ਼ਾਖਾ ਨੇ ਸਰਹੰਦੀ ਬਾਜ਼ਾਰ ਦੇ ਐਸਡੀ ਮਾਡਲ ਸਕੂਲ ਵਿੱਚ ਛੋਟੇ ਬੱਚਿਆਂ ਲਈ ਅੱਖਾਂ ਦਾ ਨਿਰੀਖਣ ਕੈਂਪ ਲਗਾਇਆ। ਅੱਜ ਕੱਲ ਇਹ ਦੇਖਿਆ ਗਿਆ ਹੈ ਕਿ ਛੋਟੇ ਬੱਚੇ ਮੋਬਾਈਲ ਫੋਨ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਹਨ, ਜਿਸ ਕਾਰਨ ਉਨ੍ਹਾਂ ਦੀਆਂ ਅੱਖਾਂ ਦੀ ਰੌਸ਼ਨੀ ਪ੍ਰਭਾਵਿਤ ਹੁੰਦੀ ਹੈ, ਇਸ ਲਈ ਅੱਜ ਭਾਰਤ ਵਿਕਾਸ ਪ੍ਰੀਸ਼ਦ ਨੇ ਗਰਗ ਆਈ ਹਸਪਤਾਲ ਦੇ ਸਹਿਯੋਗ ਨਾਲ ਇਹ ਕੈਂਪ ਲਗਾਇਆ। ਡਾਕਟਰ ਅਮਨਦੀਪ ਗਰਗ ਅਤੇ ਉਨ੍ਹਾਂ ਦੀ ਟੀਮ ਨੇ ਕੈਂਪ ਵਿੱਚ ਬੱਚਿਆਂ ਦੀ ਜਾਂਚ ਕੀਤੀ ਅਤੇ ਪ੍ਰਿੰਸੀਪਲ ਮੈਡਮ ਨੂੰ ਕਿਹਾ ਕਿ ਉਹ ਇਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਬੁਲਾ ਕੇ ਦੱਸਣ ਕਿ ਇਨ੍ਹਾਂ ਬੱਚਿਆਂ ਦੀ ਨਜ਼ਰ ਵਿੱਚ ਜੋ ਵੀ ਨੁਕਸ ਹੈ ਉਸਨੂੰ ਠੀਕ ਕੀਤਾ ਜਾਵੇ ਕਿਉਂਕਿ ਹੁਣ ਸਮਾਂ ਆ ਗਿਆ ਹੈ ਜਦੋਂ ਛੋਟੇ ਬੱਚਿਆਂ ਦੀ ਨਜ਼ਰ ਨੂੰ ਠੀਕ ਕੀਤਾ ਜਾ ਸਕਦਾ ਹੈ। ਇਸ ਕੈਂਪ ਵਿੱਚ ਗੋਇਲ ਚੈਰੀਟੇਬਲ ਫਾਊਂਡੇਸ਼ਨ ਟਰੱਸਟ ਰਜਿਸਟਰਡ ਨੇ ਭਾਰਤ ਵਿਕਾਸ ਪ੍ਰੀਸ਼ਦ ਦਾ ਸਮਰਥਨ ਕੀਤਾ। ਇਸ ਕੈਂਪ ਵਿੱਚ 197 ਬੱਚਿਆਂ ਦੀ ਜਾਂਚ ਕੀਤੀ ਗਈ। ਪ੍ਰਿੰਸੀਪਲ ਮੈਡਮ ਸੀਮਾ ਸ਼ਰਮਾ ਨੇ ਇਸ ਕਾਰਜ ਲਈ ਭਾਰਤ ਵਿਕਾਸ ਪ੍ਰੀਸ਼ਦ ਦਾ ਧੰਨਵਾਦ ਕੀਤਾ।

# ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਜ਼ਿਲ੍ਹਾ ਪੱਧਰੀ ਅਦਾਲਤ ਦਾ ਆਯੋਜਨ 11 ਅਗਸਤ ਨੂੰ

**ਪਟਿਆਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿੱਚ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਸੁਣਨ ਅਤੇ ਨਿਪਟਾਰਾ ਕਰਨ ਲਈ ਇੱਕ ਵਿਸ਼ੇਸ਼ ਪੈਨਸ਼ਨ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪੈਨਸ਼ਨ ਅਦਾਲਤ ਕਾਰਜ ਲਈ ਜ਼ਿਲ੍ਹਾ ਮਾਲ ਅਫ਼ਸਰ, ਨਵਦੀਪ ਸਿੰਘ ਨੋਡਲ ਅਫ਼ਸਰ ਵਜੋਂ ਨਿਯੁਕਤ ਕੀਤੇ ਗਏ ਹਨ। ਉਹਨਾਂ ਦੱਸਿਆ ਕਿ ਇਹ ਪੈਨਸ਼ਨ ਅਦਾਲਤ 11 ਅਗਸਤ 2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਕਮੇਟੀ ਹਾਲ, ਬਲਾਕ, ਧਰਾਤਲ ਮੰਜਲ, ਮਿੰਨੀ ਸਕੱਤਰੇਤ , ਪਟਿਆਲਾ ਵਿਖੇ ਲਗਾਈ ਜਾਵੇਗੀ। ਉਹਨਾਂ ਦੱਸਿਆ ਕਿ ਇਸ ਮੌਕੇ ਪੈਨਸ਼ਨਰਾਂ ਦੀਆਂ ਸਾਰੀਆਂ ਸ਼ਿਕਾਇਤਾਂ ਨੂੰ ਸੁਣਿਆ ਜਾਵੇਗਾ ਅਤੇ ਜਲਦੀ ਹੀ ਨਿਪਟਾਰਾ ਵੀ ਕੀਤਾ ਜਾਵੇਗਾ ।

ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨੇ ਨਿਰਦੇਸ਼ ਦਿੱਤੇ ਹਨ ਕਿ ਸਬੰਧਤ ਵਿਭਾਗ ਆਪਣੇ ਆਪਣੇ ਪ੍ਰਤੀਨਿਧੀਆਂ ਨੂੰ ਨਿਸ਼ਚਿਤ ਮਿਤੀ ' ਤੇ ਪੈਨਸ਼ਨ ਅਦਾਲਤ ਵਿੱਚ ਭੇਜਣ ਤਾਂ ਜੋ ਸਮੇਂ ਸਿਰ ਸਮਾਧਾਨ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਕਿਸੇ ਵੀ ਸਹਾਇਤਾ ਜਾਂ ਜਾਣਕਾਰੀ ਲਈ ਉਹਨਾਂ ਨਾਲ 98764-23057 ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਹਨਾਂ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਵੇਲੇ ਸਾਰੇ ਜਰੂਰੀ ਦਸਤਾਵੇਜ ਜਿਵੇਂ ਪੈਨਸ਼ਨ ਪੱਤਰ, ਆਈ.ਡੀ.ਕਾਰਡ ਅਤੇ ਹੋਰ ਸਬੂਤ ਲੈ ਕੇ ਆਉਣ ਤਾਂ ਜੋ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ।

# ਮਾਡਲ ਸਕੂਲ ਵਿਖੇ ਐਨ.ਸੀ.ਸੀ ਕੈਡਿਟਾਂ ਨੇ ਸ਼ਹੀਦ ਊਧਮ ਸਿੰਘ ਨੂੰ ਕੀਤਾ ਯਾਦ



**ਪਟਿਆਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਵਿਖੇ ਸਵੇਰ ਦੀ ਸਭਾ ਵਿੱਚ ਐਨ.ਸੀ.ਸੀ ਕੈਡਿਟਾਂ ਵੱਲੋਂ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਨੂੰ ਉਨ੍ਹਾਂ ਦੇ 84ਵੇਂ ਸ਼ਹੀਦੀ ਦਿਹਾੜੇ ਤੇ ਯਾਦ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮਸ਼ਹੂਰ ਡਰਾਇੰਗ ਦੇ ਮਾਹਰ ਸ੍ਰ. ਗੁਰਪ੍ਰੀਤ ਸਿੰਘ ਨਾਮਧਾਰੀ ਜੀ ਨੇ ਵਿਦਿਆਰਥੀਆਂ ਨੂੰ ਸਪੈਸ਼ਲ ਸਕੂਲ ਵਿਖੇ ਵਿਜ਼ਿਟ ਕਰਕੇ ਡਰਾਇੰਗ ਅਤੇ ਪੇਂਟਿੰਗ ਦੇ ਗੁਣ ਸਿਖਾਏ। ਇਸ ਮੌਕੇ ਐਨ.ਸੀ.ਸੀ ਕੈਡਿਟ ਗੁਰਜੋਤ ਕੌਰ ਅਤੇ ਗੁਰਲੀਨ ਕੌਰ ਨੇ ਸ਼ਹੀਦ ਊਧਮ ਸਿੰਘ ਨੇ ਅਜ਼ਾਦੀ ਘੁਲਾਟੀਏ ਦੇ ਜੀਵਨ ਅਤੇ ਭਾਰਤ ਦੇ ਆਜਾਦੀ ਸੰਘਰਸ਼ ਵਿੱਚ ਯੋਗਦਾਨ ਬਾਰੇ ਦੱਸਿਆ। ਇਸ ਮੌਕੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ । ਇਸ ਮੌਕੇ ਸਕੂਲ ਇੰਚਾਰਜ ਵੱਲੋਂ ਸ੍ਰ. ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਬਾਰੇ ਦੱਸਦਿਆਂ ਉਨ੍ਹਾਂ ਦੀਆਂ ਮਹੱਤਵਪੂਰਨ ਘੱਟਨਾਵਾਂ ਤੇ ਰੌਸ਼ਨੀ ਪਾਈ ਇਸ ਤੋਂ ਇਲਾਵਾ ਉਨ੍ਹਾਂ ਦੇ ਸੰਘਰਸ਼ ਬਾਰੇ ਅਤੇ ਗਤੀਵਿਧੀਆਂ ਦੇ ਪਿੱਛੇ ਕੰਮ ਕਰਨ ਵਾਲੀ ਉਨ੍ਹਾਂ ਦੀ ਵਿਚਾਰਧਾਰਾ ਤੇ ਚਾਨਣਾ ਪਾਇਆ ਜਿਸਨੇ ਬਸਤੀਵਾਦ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਸਨ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਮੌਜੂਦ ਰਿਹਾ।

# ਮੁੱਖ ਮੰਤਰੀ ਦੀ ਅਗਵਾਈ ਵਿੱਚ ਵਜ਼ਾਰਤ ਵੱਲੋਂ ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ



**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੇਂਡੂ ਇਲਾਕਿਆਂ ਵਿੱਚ ਪ੍ਰਬੰਧਕੀ ਵਿਵਸਥਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਪ੍ਰਸ਼ਾਸਕੀ ਸੁਧਾਰ ਲਿਆਉਣ ਦੇ ਉਦੇਸ਼ ਨਾਲ ਪਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਇਨ੍ਹਾਂ ਬਲਾਕਾਂ ਨੂੰ ਜ਼ਿਲ੍ਹੇ ਦੀਆਂ ਹੱਦਾਂ ਨਾਲ ਜੋੜਿਆ ਜਾ ਸਕੇ। ਇਸ ਫੈਸਲੇ ਨਾਲ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਵਿਆਪਕ ਸੁਧਾਰ ਹੋਵੇਗਾ।

ਇਸ ਬਾਰੇ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਇਹ ਖੁਲਾਸਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਕਾਸ ਬਲਾਕਾਂ ਦੇ ਅਧਿਕਾਰ ਖੇਤਰ ਨੂੰ ਸਬੰਧਤ ਜ਼ਿਲ੍ਹਾ ਸੀਮਾਵਾਂ ਦੇ ਅਨੁਸਾਰ ਲਿਆਉਣ ਲਈ ਪੁਨਰਗਠਨ ਕੀਤਾ ਗਿਆ ਹੈ ਜਿਸ ਨਾਲ ਸੰਗਰੂਰ, ਮਲੇਰਕੋਟਲਾ, ਫਾਜ਼ਿਲਕਾ, ਫਿਰੋਜ਼ਪੁਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਅਤੇ ਪਟਿਆਲਾ ਜ਼ਿਲ੍ਹਿਆਂ ਨੂੰ ਵਿਸ਼ੇਸ਼ ਤੌਰ 'ਤੇ ਲਾਭ ਹੋਵੇਗਾ। ਇਸ ਪੁਨਰਗਠਨ ਦਾ ਉਦੇਸ਼ ਬਲਾਕ-ਪੱਧਰੀ ਅਤੇ ਜ਼ਿਲ੍ਹਾ-ਪੱਧਰੀ ਪ੍ਰਸ਼ਾਸਨ ਵਿਚਕਾਰ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣਾ, ਪੇਂਡੂ ਵਿਕਾਸ ਯੋਜਨਾਵਾਂ ਦੀ ਬਿਹਤਰ ਵਿਉਂਤਬੰਦੀ ਅਤੇ ਵਿਕਾਸ ਸਕੀਮਾਂ ਨੂੰ ਲਾਗੂਕਰਨ ਨੂੰ ਸੁਚਾਰੂ ਬਣਾਉਣ ਤੋਂ ਇਲਾਵਾ ਪ੍ਰਸ਼ਾਸਕੀ ਕੰਮਾਂ ਦੀ ਅਸਾਵੀਂ ਵਿਵਸਥਾ (ਓਵਰਲੈਪ) ਨੂੰ ਖਤਮ ਕਰਨਾ ਹੈ ਜੋ ਅਕਸਰ ਦੇਰੀ ਅਤੇ ਸੁਸਤ ਕਾਰਗੁਜ਼ਾਰੀ ਦੇ ਕਾਰਨ ਬਣਦੇ ਸਨ। ਪੁਨਰਗਠਨ ਦੀ ਪ੍ਰਕਿਰਿਆ ਮੌਕੇ ਮੌਜੂਦਾ ਪ੍ਰਸ਼ਾਸਕੀ ਸੀਮਾਵਾਂ ਅਤੇ ਕਾਰਜਸ਼ੀਲ ਲੋੜਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੁਨਰਗਠਨ ਮੌਕੇ ਸਾਰੀਆਂ ਲੋੜੀਂਦੀਆਂ ਕਾਨੂੰਨੀ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਦੀ ਪਾਲਣਾ ਯਕੀਨੀ ਬਣਾਈ ਗਈ ਹੈ। ਇਸ ਕਦਮ ਨਾਲ ਸੂਬਾ ਸਰਕਾਰ ਦਾ ਉਦੇਸ਼ ਜ਼ਿਲ੍ਹਾ ਪੱਧਰ 'ਤੇ ਯੋਜਨਾਬੰਦੀ ਅਤੇ ਨਿਗਰਾਨ ਵਿਧੀਆਂ ਨੂੰ ਮਜ਼ਬੂਤ ਕਰਨਾ, ਬਲਾਕ ਅਤੇ ਜ਼ਿਲ੍ਹਾ-ਪੱਧਰੀ ਡੇਟਾ ਅਤੇ ਫੈਸਲਾ ਲੈਣ ਦੇ ਬੇਰੋਕ ਏਕੀਕਰਨ ਨੂੰ ਸਮਰੱਥ ਬਣਾਉਣਾ, ਨਾਗਰਿਕਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਲਈ ਸੇਵਾਵਾਂ ਤੱਕ ਪਹੁੰਚ ਸੁਖਾਲੀ ਬਣਾਉਣ ਦੀ ਸਹੂਲਤ ਦੇਣਾ ਅਤੇ ਕੇਂਦਰੀ ਤੇ ਰਾਜ ਅਧਾਰਿਤ ਪੇਂਡੂ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਕੁਸ਼ਲਤਾ ਵਿੱਚ ਹੋਰ ਸੁਧਾਰ ਕਰਨਾ ਹੈ। ਪੁਨਰਗਠਿਤ ਕੀਤੇ ਗਏ ਵਿਕਾਸ ਬਲਾਕ ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਪ੍ਰਕਾਸ਼ਤ ਹੋਣ 'ਤੇ ਅਮਲ ਵਿੱਚ ਆਉਣਗੇ।

ਬੁਲਾਰੇ ਨੇ ਅੱਗੇ ਦੱਸਿਆ ਕਿ ਸਾਰੇ ਭਾਈਵਾਲਾਂ, ਜਿਨ੍ਹਾਂ ਵਿੱਚ ਫੀਲਡ ਅਫਸਰ, ਚੁਣੇ ਹੋਏ ਨੁਮਾਇੰਦੇ ਅਤੇ ਆਮ ਜਨਤਾ ਸ਼ਾਮਲ ਹੈ, ਨੂੰ ਸਮੇਂ-ਸਮੇਂ ਸਿਰ ਸੂਚਿਤ ਕੀਤਾ ਗਿਆ। ਇਸੇ ਤਰ੍ਹਾਂ ਅੱਪਡੇਟ ਕੀਤੇ ਨਕਸ਼ੇ ਅਤੇ ਪ੍ਰਸ਼ਾਸਕੀ ਆਦੇਸ਼ ਵੇਲੇ ਸਿਰ ਪੇਂਡੂ ਵਿਕਾਸ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਉਪਲਬਧ ਕਰਵਾਏ ਜਾਣਗੇ। ਇਹ ਸੁਧਾਰ ਪਾਰਦਰਸ਼ੀ, ਜਵਾਬਦੇਹ ਅਤੇ ਸ਼ਕਤੀਆਂ ਦੇ ਵਿਕੇਂਦਰੀਕਰਨ ਵਾਲੇ ਪੇਂਡੂ ਸ਼ਾਸਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

# ਈਸੀਆਈ ਵੱਲੋਂ ਬੀਐਲਓ ਅਤੇ ਸੁਪਰਵਾਈਜ਼ਰਾਂ ਲਈ ਮਿਹਤਾਨੇ ਵਿੱਚ ਵਾਧੇ ਦਾ ਐਲਾਨ

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਨੇ ਬੂਥ ਲੈਵਲ ਅਫਸਰਾਂ (ਬੀਐਲਓਜ਼) ਅਤੇ ਬੀਐਲਓ ਸੁਪਰਵਾਈਜ਼ਰਾਂ ਲਈ ਘੱਟੋ-ਘੱਟ ਸਾਲਾਨਾ ਮਿਹਨਤਾਨੇ ਵਿੱਚ ਵਾਧੇ ਸਬੰਧੀ 24 ਜੁਲਾਈ, 2025 ਨੂੰ ਇੱਕ ਮਹੱਤਵਪੂਰਨ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਕਦਮ ਨੂੰ ਜ਼ਮੀਨੀ ਪੱਧਰ 'ਤੇ ਚੋਣ ਅਮਲੇ ਨੂੰ ਮਜ਼ਬੂਤੀ ਦੇਣ ਅਤੇ ਬੀਐਲਓਜ਼ (ਫੁੱਟ ਸੋਲਜ਼ਰ ਆਫ਼ ਇਲੈਕਸ਼ਨ ਕਮਿਸ਼ਨ) ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਣ ਸਬੰਧੀ ਲਏ ਗਏ ਮਹੱਤਵਪੂਰਨ ਫੈਸਲੇ ਵਜੋਂ ਦੇਖਿਆ ਜਾ ਰਿਹਾ ਹੈ।

ਨੋਟੀਫਿਕੇਸ਼ਨ ਦੇ ਅਨੁਸਾਰ ਸਾਲ 2025 ਤੋਂ ਪ੍ਰਭਾਵੀ:

ਬੀ.ਐਲ.ਓ. ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 12,000 ਰੁਪਏ ਮਿਲੇਗਾ, ਜੋ ਪਹਿਲਾਂ 6,000 ਰੁਪਏ ਸੀ।

* ਬੀ.ਐਲ.ਓ. ਸੁਪਰਵਾਈਜ਼ਰਾਂ ਨੂੰ ਹੁਣ ਘੱਟੋ-ਘੱਟ ਸਾਲਾਨਾ ਮਿਹਨਤਾਨਾ 18,000 ਰੁਪਏ ਮਿਲੇਗਾ ਜੋ ਪਹਿਲਾਂ 12,000 ਰੁਪਏ ਸੀ।
* ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਜਾਂ ਹੋਰ ਵਿਸ਼ੇਸ਼ ਚੋਣ ਮੁਹਿੰਮਾਂ ਵਿੱਚ ਹਿੱਸਾ ਲੈਣ ਵਾਲੇ ਬੀ.ਐਲ.ਓ. ਨੂੰ 2,000 ਰੁਪਏ ਦਾ ਵਾਧੂ ਪ੍ਰੋਤਸਾਹਨ ਦਿਤੀਤਾ ਜਾਵੇਗਾ, ਜਿਸ ਲਈ ਪਹਿਲਾਂ 1,000 ਰੁਪਏ ਦਿੱਤੇ ਜਾਂਦੇ ਸਨ।

ਇਸ ਫੈਸਲੇ ਦਾ ਸਵਾਗਤ ਕਰਦਿਆਂ ਮੁੱਖ ਚੋਣ ਅਧਿਕਾਰੀ, ਪੰਜਾਬ ਸ੍ਰੀ ਸਿਬਿਨ ਸੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਦੀ ਇਹ ਪ੍ਰਗਤੀਸ਼ੀਲ ਪਹਿਲਕਦਮੀ ਬੂਥ ਲੈਵਲ ਅਫਸਰਾਂ, ਜੋ ਸਾਡੀ ਚੋਣ ਪ੍ਰਣਾਲੀ ਦੇ ਮੋਹਰੀ ਵਰਕਰ ਹਨ, ਨੂੰ ਪ੍ਰੇਰਿਤ ਕਰਨ ਅਤੇ ਸਸ਼ਕਤ ਬਣਾਉਣ ਵਿੱਚ ਵਧੇਰੇ ਮਦਦਗਾਰ ਸਿੱਧ ਹੋਵੇਗੀ।

ਉਨ੍ਹਾਂ ਕਿਹਾ ਕਿ ਬੀਐਲਓਜ਼ ਵੋਟਰਾਂ ਅਤੇ ਚੋਣ ਕਮਿਸ਼ਨ ਵਿਚਕਾਰ ਮਹੱਤਵਪੂਰਨ ਕੜੀ ਹਨ ਅਤੇ ਉਹ ਵੋਟਰ ਸੂਚੀ ਦੀ ਇਕਸਾਰਤਾ ਨੂੰ ਬਣਾਈ ਰੱਖਣ, ਘਰ-ਘਰ ਜਾ ਕੇ ਤਸਦੀਕ ਕਰਨ ਅਤੇ ਵੋਟਰਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਜ਼ਿੰਮੇਵਾਰੀ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਮਿਹਨਤਾਨੇ ਵਿੱਚ ਇਹ ਵਾਧਾ ਕਰਕੇ ਈਸੀਆਈ ਨੇ ਉਨ੍ਹਾਂ ਦੇ ਯੋਗਦਾਨ ਅਤੇ ਵਚਨਬੱਧਤਾ ਨੂੰ ਮਾਨਤਾ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸੱਚਮੁੱਚ ਇੱਕ ਇਤਿਹਾਸਕ ਫੈਸਲਾ ਹੈ, ਜੋ ਪੰਜਾਬ ਵਿੱਚ ਚੋਣ ਪ੍ਰਕਿਰਿਆ ਦੌਰਾਨ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਨੂੰ ਵਧਾਉਣ ਵਿੱਚ ਵਧੇਰੇ ਸਹਾਈ ਸਿੱਧ ਹੋਵੇਗਾ।

ਸ੍ਰੀ ਸਿਬਿਨ ਸੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਚੋਣ ਦਫ਼ਤਰ ਮੁੱਖ ਚੋਣ ਅਫ਼ਸਰ, ਪੰਜਾਬ ਸਾਰੇ ਫੀਲਡ-ਪੱਧਰੀ ਅਧਿਕਾਰੀਆਂ ਦੀ ਭਲਾਈ ਅਤੇ ਸਮਰੱਥਾ ਨਿਰਮਾਣ ਲਈ ਵਚਨਬੱਧ ਹੈ। ਉਨ੍ਹਾਂ ਕਿ ਕਿ ਮਿਹਨਤਾਨੇ ਸਬੰਧਈ ਸੋਧੇ ਹੋਏ ਢਾਂਚੇ ਦੀ ਪਾਲਣਾ ਅਤੇ ਇਸਦੇ ਸਮੇਂ ਸਿਰ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਰਾਜ ਭਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਸੁਧਾਰ ਸਿਰਫ਼ ਸਿਰਫ਼ ਇੱਕ ਵਾਧਾ ਨਹੀਂ ਬਲਕਿ ਚੋਣ ਅਮਲੇ ਦੇ ਮਨੋਬਲ ਨੂੰ ਵਧਾਉਣ ਵਾਲਾ ਇੱਕ ਮਹੱਤਵਪੂਰਨ ਕਦਮ ਹੈ, ਜੋ ਚੋਣਾਂ ਨੂੰ ਵਧੇਰੇ ਸਮਾਵੇਸ਼ੀ, ਭਰੋਸੇਯੋਗ ਅਤੇ ਪੇਸ਼ੇਵਰ ਤੌਰ 'ਤੇ ਪ੍ਰਬੰਧਿਤ ਬਣਾਉਣ ਲਈ ਚੋਣ ਕਮਿਸ਼ਨ ਦੇ ਲਗਾਤਾਰ ਯਤਨਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਬੀਐਲਓਜ਼ ਦੀ ਭਲਾਈ ਲਈ ਇਹ ਫੈਸਲਾ ਆਗਾਮੀ ਚੋਣ ਅਮਲਾਂ ਲਈ ਇੱਕ ਮਜ਼ਬੂਤ ਨੀਂਹ ਰੱਖੇਗਾ, ਜਿਨ੍ਹਾਂ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਅਤੇ ਭਵਿੱਖੀ ਚੋਣਾਂ ਤਿਆਰੀਆਂ ਸ਼ਾਮਲ ਹਨ।

## ਕੋਲੀ ਅਤੇ ਪੰਧੇਰ ਨੂੰ ਬਰੀ ਕਰਨ ਖ਼ਿਲਾਫ਼ ਦਾਇਰ 14 ਪਟੀਸ਼ਨਾਂ ਰੱਦ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਤੇ 2006 ਦੇ ਨਿਠਾਰੀ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਵੱਡਾ ਝਟਕਾ ਦਿੰਦਿਆਂ ਸੁਪਰੀਮ ਕੋਰਟ ਨੇ ਅੱਜ ਜਾਂਚ ਏਜੰਸੀ ਅਤੇ ਕੁੱਝ ਪਰਿਵਾਰਕ ਮੈਂਬਰਾਂ ਦੀਆਂ ਉਨ੍ਹਾਂ 14 ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਜਿਨ੍ਹਾਂ ਵਿੱਚ ਇਸ ਹੱਤਿਆਕਾਂਡ ਵਿੱਚ ਸੁਰਿੰਦਰ ਕੋਹਲੀ ਤੇ ਮਨਿੰਦਰ ਸਿੰਘ ਪੰਧੇਰ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਚੀਫ ਜਸਟਿਸ ਬੀਆਰ ਗਵਈ, ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਕਿਹਾ ਕਿ ਕੋਲੀ ਤੇ ਪੰਧੇਰ ਨੂੰ ਬਰੀ ਕਰਨ ਦੇ ਅਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਵਿੱਚ 'ਕੋਈ ਖ਼ਾਮੀ' ਨਹੀਂ ਸੀ। ਇਨ੍ਹਾਂ ਵਿੱਚੋਂ 12 ਪਟੀਸ਼ਨਾਂ ਸੀਬੀਆਈ ਵੱਲੋਂ ਦਾਇਰ ਕੀਤੀਆਂ ਗਈਆਂ ਸਨ।

# ਪਟਿਆਲਾ ਪੁਲਿਸ ਵੱਲੋਂ ਦੇਸ ਦੀ ਅਖੰਡਤਾ ਤੇ ਸੀਕਰੇਸੀ ਆਊਟ ਕਰਨ ਵਾਲਾ ਵਿਅਕਤੀ ਕਾਬੂ : ਐਸ.ਐਸ.ਪੀ

## ਦੇਸ਼ ਦੀ ਅਖੰਡਤਾ ਤੇ ਸੀਕਰੇਸੀ ਲੀਕ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ: ਵਰੁਣ ਸ਼ਰਮਾ

**ਪਟਿਆਲਾ, 3 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਪੁਲਿਸ ਨੇ ਪਾਕਿਸਤਾਨੀ ਖ਼ੁਫ਼ੀਆ ਏਜੰਸੀਆਂ ਲਈ ਕੰਮ ਕਰਨ ਵਾਲੇ ਇਕ ਜਾਸੂਸ ਨੂੰ ਕਾਬੂ ਕੀਤਾ ਹੈ। ਇਹ ਜਾਣਕਾਰੀ ?ਦਿੰਦਿਆਂ ਪਟਿਆਲਾ ਦੇ ਸੀਨੀਅਰ ਕਪਤਾਨ ਪੁਲਿਸ ਵਰੁਨ ਸ਼ਰਮਾ ਨੇ ਪ੍ਰੈੱਸ ਨੂੰ ਬਰੀਫ ਕਰਦੇ ਹੋਏ ਦੱਸਿਆ ਕਿ ਭਾਰਤ ਦੇਸ ਦੀ ਸਕਿਉਰਿਟੀ ਸਬੰਧੀ ਮੁਸਤੈਦੀ ਤਹਿਤ ਕਾਰਵਾਈ ਕਰਦੇ ਹੋਏ ਪਟਿਆਲਾ ਪੁਲਿਸ ਨੇ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਫਰੀਦਪੁਰ ਤਹਿ ਨਾਭਾ ਜ਼ਿਲ੍ਹਾ ਪਟਿਆਲਾ, ਨੂੰ ਕਾਬੂ ਕੀਤਾ, ਜੋ ਕਿ ਭਾਰਤ ਦੇਸ ਵਿੱਚ ਰਹਿ ਕੇ ਭਾਰਤ ਦੇਸ ਦੀ ਮਿਲਟਰੀ ਦੀਆ ਗਤੀਵਿਧੀਆਂ ਅਤੇ ਭਾਰਤ ਦੇ ਖ਼ ?ਲਾਫ਼ ਪਾਕਿਸਤਾਨ ਵਿੱਚ ਬੈਠੇ ਕੰਮ ਕਰਨ ਵਾਲੇ ਵਿਅਕਤੀ ਵਿਅਕਤੀਆ ਨੂੰ ਜਾਣਕਾਰੀ ਦਿੰਦਾ ਸੀ ਅਤੇ ਇਹ ਪੰਜਾਬ ਕੁੜੀ ਨਾਮ ਦੀ ਫੇਸਬੁੱਕ ਆਈ ਡੀ ਤੇ ਪਾਕਿਸਤਾਨੀ ਖੁਫ਼ੀਆ ਏਜੰਸੀਆਂ ਨਾਲ ਤਾਲਮੇਲ ਕਰਦਾ ਸੀ।

ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਨੇ ਪੰਜਾਬ ਸਰਕਾਰ ਅਤੇ ਡੀ.ਜੀ.ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਪਤਾਨ ਪੁਲਿਸ ਇੰਨਵੈਸਟੀਗੇਸਨ ਸ੍ਰੀ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਡੀਐਸਪੀ ਨਾਭਾ ਮਨਦੀਪ ਕੌਰ ਦੀ ਨਿਗਰਾਨੀ ਵਾਲੀ ਟੀਮ ਦੇ ਥਾਣਾ ਭਾਦਸੋਂ ਦੇ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਹਾਂਡਾ ਦੀ ਟੀਮ ਨੇ ਬੜੀ ਲਗਨ ਅਤੇ ਮਿਹਨਤ ਨਾਲ ਕਾਰਵਾਈ ਕਰਦੇ ਹੋਏ ਭਾਰਤ ਦੇਸ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਵਿਰੁੱਧ ਮੁਕੱਦਮਾ ਨੰਬਰ 82 ਮਿਤੀ 29-7-2025 ਅ/ਧ 152 ਬੀ.ਐਨ.ਐਸ. 2023, ਧਾਰਾ 3,4,5 official Secret ਐਕਟ 1923 ਥਾਣਾ ਭਾਦਸੋਂ ਦਰਜ ਕੀਤਾ ਗਿਆ ਹੈ। ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਇਸ ਦੇ ਖ਼ ?ਲਾਫ਼ ਕਾਰਵਾਈ ਕਰਦੇ ਹੋਏ 4 ਮੋਬਾਇਲ ਫ਼ੋਨ ਜਿਸ ਵਿੱਚ ਇੱਕ ਮੋਬਾਇਲ ਫ਼ੋਨ ਰੈੱਡ ਮੀ ਰੰਗ ਨੀਲਾ ਸਰਦਈ,ਇੱਕ ਫ਼ੋਨ ਸੈਮਸੰਗ ਕੰਪਨੀ ਰੰਗ ਬਲਿਊ ਕਾਲਾ, ਇੱਕ ਫ਼ੋਨ ਜੀਉ ਕੰਪਨੀ ਰੰਗ ਨੀਲਾ, ਇੱਕ ਫ਼ੋਨ ਵੀਵੋ ਕੰਪਨੀ ਰੰਗ ਬਲੈਕ ਬਲਿਊ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਵਿਅਕਤੀ ਵੱਲੋਂ ਵਾਰਦਾਤ ਕਰਨ ਦੇ ਤਰੀਕੇ ਬਾਰੇ ਦੱਸਦਿਆਂ ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਫਰੀਦਪੁਰ ਜੋ ਕਿ ਪੰਜਾਬ ਕੁੜੀ ਨਾਮ ਦੀ ਫੇਸਬੁੱਕ ਆਈ ਡੀ ਤੇ ਉਸ ਨਾਲ ਗੱਲਬਾਤ ਕਰਦਾ ਹੈ। ਜੋ ਪੰਜਾਬੀ ਕੁੜੀ ਦੀ ਫੇਸਬੁੱਕ ਪ੍ਰੋਫਾਈਲ ਵਿੱਚ ਲਾਈਵ ਇੰਨ ਕਰਾਚੀ, ਪਾਕਿਸਤਾਨ ਲਿਖਿਆ ਹੋਇਆ ਹੈ ਅਤੇ ਦੋਸ਼ੀ ਗੁਰਪ੍ਰੀਤ ਸਿੰਘ ਨੇ ਇਸਦੇ ਕਹਿਣ ਪਰ ਆਪਣੇ ਨਾਮ ਪਰ ਬੀ.ਐਸ.ਐਨ.ਐਲ ਕੰਪਨੀ ਦਾ ਸਿੰਮ ਮਾਹ ਦਸੰਬਰ 2024 ਵਿੱਚ ਜਿਸ ਦਾ ਮੋਬਾਇਲ ਨੰਬਰ 76259-08993 ਜਾਰੀ ਕਰਵਾ ਕੇ ਆਪਣੇ ਉਕਤ ਨੰਬਰ ਦਾ ਵਟਸ ਐਪ ਐਕਟੀਵੇਸ਼ਨ ਕੋਡ ਉਸ ਕੁੜੀ ਜੋ ਕਿ ਪਾਕਿਸਤਾਨ ਵਿੱਚ ਰਹਿੰਦੀ ਹੈ ਨੂੰ ਦੇ ਦਿੱਤਾ ਅਤੇ ਜੋ ਹੁਣ ਇਸ ਨੰਬਰ ਪਰ ਵਟਸਐਪ ਪਾਕਿਸਤਾਨ ਬੈਠੀ ਕੁੜੀ/ਵਿਅਕਤੀ ਚਲਾ ਰਹੇ ਹਨ। ਜੋ ਹੁਣ ਵੀ ਦੋਸ਼ੀ ਗੁਰਪ੍ਰੀਤ ਸਿੰਘ ਵੱਖ ਵੱਖ ਐਪਾ ਰਾਹੀ ਆਪਸ ਵਿੱਚ ਗੱਲ ਬਾਤ ਕਰਦੇ ਸਨ।

ਇਹ ਵਿਅਕਤੀ ਸਿਮ ਕਾਰਡ ਸੈਂਟਰਲ ਏਜੰਸੀਆਂ ਦੀ ਰਡਾਰ ਤੇ ਵੀ ਸੀ ਇਹ ਵਿਅਕਤੀ ਸਿਮ ਕਾਰਡ ਟੈਲੀਕਾਮ ਡਿਵਾਈਸ, ਸੀਕਰੇਟ ਅਤੇ ਸੈਂਸਟਿਵ ਮਿਲਟਰੀ ਮਿਲਟਰੀ ਦੀ ਇੰਨਫੋਰਮੇ ?ਸ਼ਨ ਪਾਕਿਸਤਾਨ ਬੈਠੇ ਵਿਅਕਤੀਆਂ ਨੂੰ ਭੇਜਦਾ ਸੀ।

ਐਸ.ਐਸ.ਪੀ. ਵਰੁਣ ਸ਼ਰਮਾ ਨੇ ਭਾਰਤ ਦੇਸ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਮੁਲਜ਼ਮਾਂ ਨੂੰ ਸਖ਼ਤ ਤਾੜਨਾ ਕੀਤੀ ਹੈ ਕਿ ਪਟਿਆਲੇ ਜ਼ਿਲ੍ਹੇ ਵਿੱਚ ਲਾਅ ਐਂਡ ਆਰਡਰ ਅਤੇ ਲੋਕਾਂ ਦੀ ਸੁਰੱਖਿਆ ਨੂੰ ਹਰ ਹਾਲਤ ਵਿੱਚ ਸੁਰੱਖਿਅਤ ਕੀਤਾ ਜਾਵੇਗਾ।ਜੋ ਇਸ ਦੋਸ਼ੀ ਨੂੰ ਥਾਣਾ ਭਾਦਸੋਂ ਦੀ ਪੁਲਿਸ ਟੀਮ ਨੇ ਬਹੁਤ ਹੀ ਸਖ਼ਤ ਮਿਹਨਤ ਅਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਹੈ।ਜਿਸ ਦਾ ਪੁਲਿਸ ਰਿਮਾਂਡ ਅਦਾਲਤ ਪਾਸੋਂ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ? ਕਿ ਇਸ ਕੋਲੋ 4 ਮੋਬਾਇਲ ਫ਼ੋਨ ਇੱਕ ਮੋਬਾਇਲ ਫ਼ੋਨ ਰੈੱਡ ਮੀ ਰੰਗ ਨੀਲਾ ਸਰਦਈ,ਇੱਕ ਫ਼ੋਨ ਸੈਮਸੰਗ ਕੰਪਨੀ ਰੰਗ ਬਲਿਊ ਕਾਲਾ, ਇੱਕ ਫ਼ੋਨ ਜੀਉ ਕੰਪਨੀ ਰੰਗ ਨੀਲਾ, ਇੱਕ ਫ਼ੋਨ ਵੀਵੋ ਕੰਪਨੀ ਰੰਗ ਬਲੈਕ ਬਲਿਊ ਬਰਾਮਦ ਕੀਤੇ ਗਏ ਹਨ।

# ਦੇਸ਼ ’ਚ ਚੋਣ ਪ੍ਰਣਾਲੀ ‘ਪਹਿਲਾਂ ਹੀ ਮਰ ਚੁੱਕੀ’ ਹੈ: ਰਾਹੁਲ ਗਾਂਧੀ

## ਕਾਂਗਰਸੀ ਆਗੂ ਨੇ 2024 ਦੀਆਂ ਲੋਕ ਸਭਾ ਚੋਣਾਂ ‘ਧਾਂਦਲੀ’ ਹੋਣ ਦਾ ਦਾਅਵਾ ਕੀਤਾ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ’ਤੇ ਇੱਕ ਹੋਰ ਵੱਡਾ ਹਮਲਾ ਕਰਦਿਆਂ ਕਿਹਾ ਕਿ ਦੇਸ਼ ਦੀ ਚੋਣ ਪ੍ਰਣਾਲੀ ’ਪਹਿਲਾਂ ਹੀ ਮਰ’ ਚੁੱਕੀ ਹੈ ਅਤੇ ਸਾਲ 2024 ਦੀਆਂ ਲੋਕ ਸਭ ਚੋਣਾਂ ’ਚ ਧਾਂਦਲੀ ਹੋਈ ਸੀ। ਉਨ੍ਹਾਂ ਇਹ ਟਿੱਪਣੀ ‘ਸੰਵਿਧਾਨਕ ਚੁਣੌਤੀਆਂ’ ਵਿਸ਼ੇ ’ਤੇ ਇੱਕ ਰੋਜ਼ਾ ਕਾਨੂੰਨੀ ਸੰਮੇਲਨ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ‘ਘੱਟ ਬਹੁਮਤ’ ਨਾਲ ਆਪਣੀ ਕੁਰਸੀ ’ਤੇ ਬੈਠੇ ਹਨ ਅਤੇ ਜੇਕਰ ਕੁਝ ਕੁ ਸੀਟਾਂ ਦਾ ਅੰਤਰ ਹੁੰਦਾ ਤਾਂ ਉਹ ਉੱਥੇ ਨਾ ਹੁੰਦੇ।

ਉਨ੍ਹਾਂ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੁਆਰਾ ਇਕੱਠੇ ਕੀਤੇ ਅੰਕੜਿਆਂ ਦਾ ਹਵਾਲਾ ਦਿੱਤਾ, ਜਿੱਥੇ ਪਾਰਟੀ ਨੇ ਵੋਟਰਾਂ ਦੀਆਂ ਫੋਟੋਆਂ ਅਤੇ ਨਾਵਾਂ ਦੀ ਜਾਂਚ ਕੀਤੀ ਅਤੇ ਕਥਿਤ ਤੌਰ ’ਤੇ ਪਤਾ ਲੱਗਾ ਕਿ ਕੁੱਲ 6.5 ਲੱਖ ਵੋਟਰਾਂ ਵਿੱਚੋਂ 1.5 ਲੱਖ ਵੋਟਾਂ ’ਜਾਅਲੀ’ ਸਨ।

ਉਨ੍ਹਾਂ ਅੱਗੇ ਕਿਹਾ, ÷ਜਦੋਂ ਅਸੀਂ ਇਹ ਅੰਕੜਾ ਜਾਰੀ ਕਰਾਂਗੇ ਤਾਂ ਤੁਸੀਂ ਚੋਣ ਪ੍ਰਣਾਲੀ ਵਿੱਚ ਇੱਕ ਹੋਰ ਝਟਕਾ ਦੇਖੋਗੇ। ਇਹ ਇੱਕ ‘ਐਟਮ ਬੰਬ’ ਵਾਂਗ ਹੈ। ਸੱਚਾਈ ਇਹ ਹੈ ਕਿ ਭਾਰਤ ਵਿੱਚ ਚੋਣ ਪ੍ਰਣਾਲੀ ਪਹਿਲਾਂ ਹੀ ਮਰ ਚੁੱਕੀ ਹੈ। ਕਿਰਪਾ ਕਰਕੇ ਇੱਕ ਗੱਲ ਯਾਦ ਰੱਖੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਕੋਲ ਬਹੁਤ ਘੱਟ ਬਹੁਮਤ ਹੈ। ਜੇਕਰ 10-15 ਸੀਟਾਂ ’ਤੇ ਧਾਂਦਲੀ ਹੁੰਦੀ ਅਤੇ ਸਾਨੂੰ ਸ਼ੱਕ ਹੈ ਕਿ ਅਸਲ ਅੰਕੜੇ 70-80 ਤੋਂ 100 ਦੇ ਨੇੜੇ ਹੁੰਦੇ ਤਾਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਾ ਹੁੰਦੇ।”

ਚੋਣ ਕਮਿਸ਼ਨ ਬਾਰੇ ਬੋਲਦਿਆਂ ਰਾਹੁਲ ਗਾਂਧੀ ਨੇ ਕਿਹਾ, ÷ਇਹ ਬਹੁਤ ਸਪੱਸ਼ਟ ਹੈ ਕਿ ਇਸ (ਸੰਵਿਧਾਨ) ਦੀ ਰੱਖਿਆ ਕਰਨ ਵਾਲੀ ਸੰਸਥਾ ਨੂੰ ਮਿਟਾ ਦਿੱਤਾ ਗਿਆ ਹੈ ਅਤੇ ਆਪਣੇ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਮੇਰੇ ਕੋਲ ਪਹਿਲਾਂ ਸਬੂਤ ਨਹੀਂ ਸਨ ਅਤੇ ਇਸੇ ਲਈ ਮੈਂ ਪਹਿਲਾਂ ਅਜਿਹੇ ਬਿਆਨ ਨਹੀਂ ਦੇ ਸਕਦਾ ਸੀ ਪਰ ਮੈਂ ਹੁਣ ਇਹ ਬਿਆਨ ਵਿਸ਼ਵਾਸ ਨਾਲ ਦੇ ਰਿਹਾ ਹਾਂ ਕਿਉਂਕਿ ਮੇਰੇ ਕੋਲ 100 ਪ੍ਰਤੀਸ਼ਤ ਸਬੂਤ ਹਨ।

**ਮੈਂ ਰਾਜਾ ਨਹੀਂ ਬਣਨਾ ਚਾਹੁੰਦਾ ਦੇ ਇਸ ਧਾਰਨਾ ਦੇ ਵਿਰੁੱਧ ਹਾਂ: ਰਾਹੁਲ**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਕਿਹਾ ਕਿ ਉਹ ਰਾਜਾ ਨਹੀਂ ਬਣਨਾ ਚਾਹੁੰਦੇ ਅਤੇ ਉਹ ਇਸ ਦੀ ਧਾਰਨਾ ਦੇ ਹੀ ਖ਼ਿਲਾਫ਼ ਹਨ। ਉਨ੍ਹਾਂ ਇਹ ਗੱਲ ਇੱਕ ਰੋਜ਼ਾ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਆਖੀ ਵਿਗਿਆਨ ਭਵਨ ’ਚ ਸਮਾਗਮ ਮੌਕੇ ਰਾਹੁਲ ਗਾਂਧੀ ਨੇ ਜਿਵੇਂ ਹੀ ਸੰਬੋਧਨ ਸ਼ੁਰੂ ਕੀਤਾ ਤਾਂ ਸਰੋਤਿਆਂ ਨੇ ‘ਇਸ ਦੇਸ਼ ਕਾ ਰਾਜਾ ਕੈਸਾ ਹੋ, ਰਾਹੁਲ ਗਾਂਧੀ ਜੈਸਾ ਹੋ।’ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

# ਪਹਿਲਗਾਮ ਅਟੈਕ ਦੇ ਬਦਲੇ ਵਾਅਦਾ ਭਗਵਾਨ ਸ਼ਿਵ ਦੇ ਆਸ਼ੀਰਵਾਦ ਨਾਲ ਪੂਰਾ ਹੋਇਆ: ਮੋਦੀ

**ਵਾਰਾਨਸੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਣ ਦਾ ਉਨ੍ਹਾਂ ਦਾ ਵਾਅਦਾ ਭਗਵਾਨ ਸ਼ਿਵ ਦੇ ਆਸ਼ੀਰਵਾਦ ਨਾਲ ‘ਆਪਰੇਸ਼ਨ ਸਿੰਧੂਰ’ ਰਾਹੀਂ ਪੂਰ ਹੋ ਗਿਆ ਹੈ। ਮੋਦੀ ਨੇ ਆਪਣੇ ਸੰਸਦੀ ਹਲਕੇ ਵਾਰਾਨਸੀ ’ਚ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ, “ਪਹਿਲਗਾਮ ’ਚ ਦਹਿਸ਼ਤੀ ਹਮਲੇ ’ਚ 26 ਲੋਕਾਂ ਦੀ ਮੌਤ ਮਗਰੋਂ ਮੈਂ ਬਹੁਤ ਦੁਖੀ ਸੀ।”

ਉਨ੍ਹਾ ਕਿਹਾ, “ਸਾਡੀਆਂ ਬੇਟੀਆਂ ਦੇ ਸਿੰਧੂਰ ਦਾ ਬਦਲਾ ਲੈਣ ਦਾ ਮੇਰਾ ਵਾਅਦਾ ਮਹਾਦੇਵ ਦੀ ਕਿਰਪਾ ਨਾਲ ਪੂਰਾ ਹੋ ਗਿਆ ਹੈ। ਮੈਂ ‘ਆਪਰੇਸ਼ਨ ਸਿੰਧੂਰ’ ਦੀ ਸਫਲਤਾ ਮਹਾਦੇਵ ਦੇ ਚਰਨਾਂ ’ਚ ਸਮਰਪਿਤ ਕਰਦਾ ਹਾਂ।” ਪ੍ਰਧਾਨ ਮੰਤਰੀ ਨੇ ਇਹ ਗੱਲ ਵੀ ਜ਼ੋਰ ਦੇ ਕੇ ਆਖੀ ਕਿ ‘140 ਕਰੋੜ ਭਾਰਤੀਆ ਦੀ ਇੱਕਜੁਟਤਾ” ਹੀ Operation Sindoor ‘ਆਪਰੇਸ਼ਨ ਸਿੰਧੂਰ ਦੀ ਤਾਕਤ’ strength ਬਣੀ ਹੈ। ਵਿਰੋਧੀ ਧਿਰ ’ਤੇ ਵਰ੍ਹਦਿਆਂ ਮੋਦੀ ਨੇ ਕਥਿਤ ਦੋਸ਼ ਲਾਇਆ ਕਿ ਜਦੋਂ ਪੂਰਾ ਦੇਸ਼ ਆਪਰੇਸ਼ਨ ਸਿੰਧੂਰ ਦੀ ਸਫ਼ਲਤਾ ’ਤੇ ਖ਼ੁਸ਼ੀ ਮਨਾ ਰਿਹਾ ਸੀ ਤਾਂ ‘ਸਾਡੇ ਆਪਣੇ ਹੀ ਮੁਲਕ ’ਚ ਕੁਝ ਲੋਕਾਂ ਨੂੰ ਇਸ ਤੋਂ ਪ੍ਰੇਸ਼ਾਨੀ ਹੋ ਰਹੀ ਸੀ।” ਉਨ੍ਹਾਂ ਕਿਹਾ, “ਕਾਂਗਰਸ ਤੇ ਉਸ ਦੇ ਸਹਿਯੋਗੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਭਾਰਤ ਨੇ ਪਾਕਿਸਤਾਨ ’ਚ ਵੜ ਕੇ ਦਹਿਸ਼ਤਗਰਦਾਂ ਦੀਆਂ ਪਨਾਹਾਂ/ਟਿਕਾਣਿਆਂ ਨੂੰ ਤਬਾਹ ਕੀਤਾ ਹੈ।” ਉਨ੍ਹਾਂ ਆਖਿਆ ਕਿ ਪਾਕਿਸਤਾਨ ’ਚ ਕਈ ਏਅਰਬੇਸ ਹਾਲੇ ਵੀ ਆਈਸੀਯੂ ’ਤੇ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਰਨਸੀ ਹਲਕੇ ’ਚ 2,200 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਕਈ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਅਤੇ ਉਦਘਾਟਨ ਕੀਤੇ। ਉਨ੍ਹਾਂ ਦੇਸ਼ ਭਰ 9.70 ਯੋਗ ਕਿਸਾਨਾਂ ਨੂੰ PM KISAN Samman Nidhi ਸਕੀਮ ਤਹਿਤ 20,500 ਕਰੋੜ ਦੀ 20ਵੀਂ ਕਿਸ਼ਤ ਦੀ ਵੰਡ ਵੀ ਕੀਤੀ।

# ਅਯੁੱਧਿਆ ਸਥਿਤ ਸ਼੍ਰੀ ਰਾਮ ਮੰਦਰ ਨੂੰ RDX ਨਾਲ ਉਡਾਉਣ ਦੀ ਧਮਕੀ



**ਬੀਡ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਦੇ ਬੀੜ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਨੂੰ ਸੋਸ਼ਲ ਮੀਡੀਆ ’ਤੇ ਇੱਕ ਅਜਿਹਾ ਸੁਨੇਹਾ ਮਿਲਿਆ ਹੈ, ਜਿਸ ਨੂੰ ਸੁਣ ਕੇ ਉਸ ਦੇ ਅਤੇ ਪੁਲਸ ਦੇ ਹੋਸ਼ ਉੱਡ ਗਏ। ਨੌਜਵਾਨ ਨੂੰ ਮਿਲੇ ਸੁਨੇਹੇ ਵਿਚ ਅਯੁੱਧਿਆ ਦੇ ਸ਼੍ਰੀ ਰਾਮ ਮੰਦਰ ਨੂੰ ਬੰਬ, ਆਰਡੀਐਕਸ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਨੌਜਵਾਨ ਅਨੁਸਾਰ ਉਸਨੂੰ ਇਹ ਸੁਨੇਹਾ ਪਾਕਿਸਤਾਨ ਤੋਂ ਆਇਆ ਦੱਸਿਆ ਗਿਆ ਹੈ। ਨੌਜਵਾਨ ਨੂੰ ਭੇਜੇ ਗਏ ਸੁਨੇਹੇ ਵਿੱਚ ਉਸਨੂੰ ਸ਼੍ਰੀ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ, ਮਦਦ ਕਰਨ ਦੇ ਬਦਲੇ ਵਿੱਚ ਇੱਕ ਲੱਖ ਰੁਪਏ ਦੇਣ ਅਤੇ ਇਸ ਕੰਮ ਲਈ 50 ਲੋਕਾਂ ਨੂੰ ਭਰਤੀ ਕਰਨ ਦੀ ਗੱਲ ਕੀਤੀ ਹੈ।

ਦੱਸ ਦੇਈਏ ਕਿ ਸੁਨੇਹਾ ਭੇਜਣ ਵਾਲੇ ਵਿਅਕਤੀ ਨੇ ਨੌਜਵਾਨ ਨੂੰ ਧਮਕੀ ਦਿੱਤੀ ਹੈ ਕਿ ਸ਼੍ਰੀ ਰਾਮ ਮੰਦਰ ਨੂੰ ਆਰਡੀਐਕਸ ਨਾਲ ਤਬਾਹ ਕਰ ਦਿੱਤਾ ਜਾਵੇਗਾ ਅਤੇ ਆਪਣੀ ਪਛਾਣ ਦੇ ਸਬੂਤ ਵਜੋਂ ਕਰਾਚੀ ਦਾ ਇਕ ਲੋਕੇਸ਼ਨ ਪਿੰਨ ਵੀ ਸਾਂਝਾ ਕੀਤਾ ਹੈ। ਅਚਾਨਕ ਮਿਲੇ ਸੁਨੇਹੇ ਤੋਂ ਪਰੇਸ਼ਾਨ ਹੋ ਕੇ ਨੌਜਵਾਨ ਤੁਰੰਤ ਸ਼ਿਰੂਰ ਕਸਾਰ ਪੁਲਸ ਸਟੇਸ਼ਨ ਗਿਆ ਅਤੇ ਸ਼ਿਕਾਇਤ ਦਰਜ ਕਰਵਾਈ। ਨੌਜਵਾਨ ਦੇ ਬਿਆਨ ਆਧਾਰ ’ਤੇ ਪੁਲਸ ਨੇ ਮਾਮਲਾ ਦਰਜ ਕਰਕੇ ਵਿਸਥਾਰਤ ਨਾਲ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਜਾਂਚ ਅੱਗੇ ਵਧਣ ਨਾਲ ਹੋਰ ਸਪੱਸ਼ਟਤਾ ਸਾਹਮਣੇ ਆਵੇਗੀ।

ਦੂਜੇ ਪਾਸੇ ਇਸ ਸੁਨੇਹਾ ਵਿਚ ਨਾ ਸਿਰਫ਼ ਧਮਕੀ ਦਿੱਤੀ ਗਈ ਹੈ ਸਗੋਂ ਹੋਰ ਲੋਕਾਂ ਨੂੰ ਭਰਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ, ਜਿਸ ਨਾਲ ਇੱਕ ਵੱਡੇ ਤਾਲਮੇਲ ਵਾਲੇ ਹਮਲੇ ਦੀ ਸੰਭਾਵਨਾ ਵੱਧ ਜਾਂਦੀ ਹੈ। ਪੁਲਸ ਨੇ ਨੌਜਵਾਨ ਦੇ ਅਕਾਊਂਟ ਦੀ ਪੁਸ਼ਟੀ ਕਰ ਲਈ ਹੈ ਅਤੇ ਉਕਤ ਸੁਨੇਹੇ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਹੈਂਡਲ ਦੇ ਮੂਲ ਅਤੇ ਪਾਕਿਸਤਾਨ ਨਾਲ ਇਸਦੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਜ਼ਿਲ੍ਹੇ ਵਿੱਚ ਦਹਿਸ਼ਤ ਪੈਦਾ ਹੋ ਗਈ ਹੈ ਅਤੇ ਸਥਾਨਕ ਅਧਿਕਾਰੀ ਹਾਈ ਅਲਰਟ ’ਤੇ ਹਨ।

# ਭਾਜਪਾ ਵਿੱਚ ਸ਼ਾਮਲ ਹੋਣ ਤੋਂ ਕੁੱਝ ਸਮੇਂ ਬਾਅਦ ਰਣਜੀਤ ਗਿੱਲ ਦੇ ਘਰ ਵਿਜੀਲੈਂਸ ਵੱਲੋਂ ਛਾਪਾ

## ਭਾਜਪਾ ਨੇ ’ਰਾਜਨੀਤਿਕ ਬਦਲਾਖੋਰੀ’ ਦਾ ਦੋਸ਼ ਲਗਾਇਆ




**ਮੁਹਾਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰੀਅਲ ਅਸਟੇਟ ਕਾਰੋਬਾਰੀ ਤੋਂ ਸਿਆਸਤਦਾਨ ਬਣੇ ਰਣਜੀਤ ਸਿੰਘ ਗਿੱਲ ਦੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋਣ ਤੋਂ ਕੁਝ ਘੰਟਿਆਂ ਬਾਅਦ, ਪੰਜਾਬ ਵਿਜੀਲੈਂਸ ਬਿਊਰੋ ਦੀ ਇੱਕ ਟੀਮ ਨੇ ਸ਼ਨਿਚਰਵਾਰ ਸਵੇਰੇ ਮੁਹਾਲੀ ਅਤੇ ਖਰੜ ਵਿੱਚ ਉਨ੍ਹਾਂ ਦੇ ਘਰ ਅਤੇ ਦਫ਼ਤਰਾਂ ’ਤੇ ਛਾਪਾ ਮਾਰਿਆ ਹੈ।

ਇਸ ਸਬੰਧੀ ਗਿੱਲ ਟਿੱਪਣੀ ਲਈ ਉਪਲਬਧ ਨਹੀਂ ਸਨ, ਪਰ ਉਨ੍ਹਾਂ ਦੇ ਨਜ਼ਦੀਕੀ ਸਾਥੀਆਂ ਨੇ ਇਸ ਘਟਨਾਕ੍ਰਮ ਦੀ ਪੁਸ਼ਟੀ ਕੀਤੀ ਅਤੇ ਇਸਨੂੰ ਰਾਜਨੀਤਿਕ ਬਦਲਾਖੋਰੀ ਕਰਾਰ ਦਿੱਤਾ ਹੈ। ਭਾਜਪਾ ਦੇ ਇੱਕ ਆਗੂ ਦੇ ਅਨੁਸਾਰ ਗਿੱਲ ’ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋਣ ਲਈ ਲਗਾਤਾਰ ਦਬਾਅ ਸੀ, ਜਿਸ ਕਾਰਨ ਕਥਿਤ ਤੌਰ ’ਤੇ ਉਨ੍ਹਾਂ ਨੇ ਸ਼ੁੱਕਰਵਾਰ ਨੂੰ ਦੇਰ ਰਾਤ ਭਾਜਪਾ ਪਾਰਟੀ ਵਿਚ ਸ਼ਮੂਲੀਅਤ ਕੀਤੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਚੰਡੀਗੜ੍ਹ ਸਥਿਤ ਸਰਕਾਰੀ ਨਿਵਾਸ ’ਤੇ ਗਿੱਲ ਦੇ ਸ਼ਾਮਲ ਹੋਣ ਸਮੇਂ ਮੌਜੂਦ ਨੇਤਾ ਨੇ ਦਾਅਵਾ ਕੀਤਾ, “ਇਸੇ ਕਰਕੇ ਉਹ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਏ ਅਤੇ ਸਵੇਰ ਤੱਕ, ਵਿਜੀਲੈਂਸ ਬਿਊਰੋ ਉਨ੍ਹਾਂ ਦੇ ਦਰਵਾਜ਼ੇ ’ਤੇ ਸੀ।”

ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੀ ਸੁਰੱਖਿਆ ’ਚ ਕੁਤਾਹੀ, 4 ਪੁਲਿਸ ਕਰਮਚਾਰੀ ਮੁਅੱਤਲ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੀਰਵਾਰ ਨੂੰ ਦੋ ਦਿਨਾਂ ਦੇ ਦੌਰੇ ’ਤੇ ਝਾਰਖੰਡ ਆਏ ਸਨ। ਇਸ ਦੌਰਾਨ ਦੇਵਘਰ ’ਚ ਏਮਜ਼ ਵਿਖੇ ਰਾਸ਼ਟਰਪਤੀ ਮੁਰਮੂ ਦੇ ਪ੍ਰੋਗਰਾਮ ਦੌਰਾਨ ਸੁਰੱਖਿਆ ਪ੍ਰਬੰਧਾਂ ’ਚ ਕੁਤਾਹੀ ਸਾਹਮਣੇ ਆਈ। ਪ੍ਰਸ਼ਾਸਨ ਨੇ ਇਸ ’ਤੇ ਸਖ਼ਤ ਕਾਰਵਾਈ ਕੀਤੀ ਹੈ। ਰਾਸ਼ਟਰਪਤੀ ਮੁਰਮੂ ਦੇ ਸੁਰੱਖਿਆ ਪ੍ਰਬੰਧਾਂ ’ਚ ਕੁਤਾਹੀ ਦੇ ਮਾਮਲੇ ’ਚ ਪ੍ਰਸ਼ਾਸਨ ਨੇ 4 ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਰਾਸ਼ਟਰਪਤੀ ਦੇ ਕਾਫਲੇ ਦੇ ਕੁਝ ਵਾਹਨਾਂ ਨੂੰ ਨਿਰਧਾਰਤ ਰਸਤੇ ਦੀ ਬਜਾਏ ਦੂਜੇ ਰਸਤੇ ਵੱਲ ਮੋੜ ਦਿੱਤਾ ਗਿਆ, ਜਿਸ ਨਾਲ ਸੁਰੱਖਿਆ ਏਜੰਸੀਆਂ ’ਚ ਦਹਿਸ਼ਤ ਪੈਦਾ ਹੋ ਗਈ। ਦੇਵਘਰ ਹਵਾਈ ਅੱਡੇ ਤੋਂ ਰਵਾਨਾ ਹੁੰਦੇ ਹੀ, ਰਾਸ਼ਟਰਪਤੀ ਦੂਜੇ ਰਸਤੇ ਤੋਂ ਗਏ ਅਤੇ ਉਨ੍ਹਾਂ ਦਾ ਕਾਫਲਾ ਵੱਖਰੇ ਰਸਤੇ ’ਤੇ ਚਲਾ ਗਿਆ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਵਿਸ਼ੇਸ਼ ਜਾਂਚ ਟੀਮ ਨੇ ਵੀਰਵਾਰ ਰਾਤ ਨੂੰ ਹੀ ਮਾਮਲੇ ਦੀ ਜਾਂਚ ਕੀਤੀ ਅਤੇ ਰਿਪੋਰਟ ਪੇਸ਼ ਕੀਤੀ। ਜਾਂਚ ਵਿੱਚ ਲਾਪਰਵਾਹੀ ਪਾਏ ਜਾਣ ਤੋਂ ਬਾਅਦ ਦੇਵਘਰ ਟ ?ਰੈਫਿਕ ਪੁਲਸ ਸਟੇਸ਼ਨ ਦੇ 2 ਪੁਲਸ ਅਧਿਕਾਰੀਆਂ ਸਮੇਤ ਕੁੱਲ 4 ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

# ਚੋਣ ਕਮਿਸ਼ਨ ਵੱਲੋਂ ਤੇਜਸਵੀ ਯਾਦਵ ਦਾ ਵੋਟਰ ਖਰੜਾ ਸੂਚੀ ’ਚ ਨਾਮ ਨਾ ਹੋਣ ਦਾ ਦਾਅਵਾ ਖਾਰਜ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਚੋਣ ਕਮਿਸ਼ਨ ਨੇ ਆਰਜੇਡੀ ਆਗੂ ਅਤੇ ਬਿਹਾਰ ਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਵੋਟਰ ਖਰੜਾ ਸੂਚੀ ’ਚੋਂ ਨਾਮ ਗਾਇਬ ਹੋਣ ਦਾ ਦਾਅਵਾ ਖਾਰਜ ਕਰ ਦਿੱਤਾ ਹੈ। ਯਾਦਵ ਨੇ ਦਾਅਵਾ ਕੀਤਾ ਸੀ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਪਹਿਲੀ ਅਗਸਤ ਨੂੰ ਪ੍ਰਕਾਸ਼ਿਤ ਸੂਬੇ ਦੇ draft electoral roll ਵਿੱਚੋਂ ਉਸ ਦਾ ਨਾਮ ਗਾਇਬ ਹੈ। ਹਾਲਾਂਕਿ ਚੋਣ ਕਮਿਸ਼ਨ ਨੇ ਅੱਜ ਪਟਨਾ ਸਾਹਿਬ ਲੋਕ ਸਭਾ ਹਲਕੇ ਅਧੀਨ ਆਉਂਦੇ ਦੀਘਾ ਅਸੈਂਬਲੀ ਹਲਕੇ ਦੀ ਵੋਟਰ ਸੂਚੀ ਜਾਰੀ ਕੀਤੀ ਜਿਸ ਵਿੱਚ ਤੇਜਸਵੀ ਯਾਦਵ ਦਾ ਨਾਮ ਤੇ ਫੋਟੋ ਲੜੀ ਨੰਬਰ 416 ਤਹਿਤ ਦਰਸਾਏ ਗਏ ਹਨ।

ਚੋਣ ਪੈਨਲ ਦੀ ਇਹ ਪ੍ਰਤੀਕਿਰਿਆ ਤੇਜਸਵੀ ਯਾਦਵ ਵੱਲੋਂ ਇਹ ਪੁੱਛੇ ਜਾਣ ਕਿ ਉਹ ਬਿਹਾਰ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਕਿਵੇਂ ਲੜ ਸਕੇਗਾ, ਤੋਂ ਬਾਅਦ ਸਾਹਮਣੇ ਆਈ ਹੈ।

ਬਿਹਾਰ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਯਾਦਵ ਨੇ ਕਿਹਾ ਸੀ ਕਿ “ਵੋਟਰਾਂ ਦੇ ਅਧਿਕਾਰ ਖੋਹਣਾ ਜਮਹੂਰੀਅਤ ਦੀ ਹੱਤਿਆ ਹੈ।”

ਉਨ੍ਹਾਂ ਨੇ ਮੀਡੀਆ ਦੇ ਸਾਹਮਣੇ ਚੋਣ ਕਮਿਸ਼ਨ ਦੀ ਅਧਿਕਾਰਤ ਸਾਈਟ ’ਤੇ ਆਪਣਾ 5♦93 ਨੰਬਰ ਭਰਿਆ ਸੀ ਪਰ ਇਸ ਉਥੇ Ònot foundÓ ਦਿਖਾਇਆ ਗਿਆ ਸੀ। ਯਾਦਵ ਨੇ ਦੋਸ਼ ਲਾਇਆ ਸੀ ਕਿ ਚੋਣ ਕਮਿਸ਼ਨ, ਭਾਰਤੀ ਜਨਤਾ ਪਾਰਟੀ ਦੇ ਸੈੱਲ ਵਾਂਗ ਕੰਮ ਕਰ ਰਿਹਾ ਹੈ।

ਆਰਜੇਡੀ ਆਗੂ ਯਾਦਵ ਦੀਘਾ ਵਿਧਾਨ ਸਭਾ ਹਲਕੇ ਅਧੀਨ ਵੋਟਰ ਹਨ ਤੇ ਤੇ ਰਾਘੋਪੁਰ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ।

# ਪ੍ਰਾਈਵੇਟ ਸਕੂਲਾਂ ਦੇ ਫੀਸ ਵਾਧੇ ’ਤੇ ਕੰਟਰੋਲ ਸਬੰਧੀ ਮੌਨਸੂਨ ਸੈਸ਼ਨ ’ਚ ਬਿੱਲ ਕਰੇਗੀ ਦਿੱਲੀ ਸਰਕਾਰ: ਰੇਖਾ ਗੁਪਤਾ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਕਿਹਾ ਕਿ ਦਿੱਲੀ ਸਰਕਾਰ ਵਿਧਾਨ ਸਭਾ ਦੇ ਆਗਾਮੀ ਮੌਨਸੂਨ ਸੈਸ਼ਨ ਵਿੱਚ ਪ੍ਰਾਈਵੇਟ ਸਕੂਲਾਂ ਵਿੱਚ ਫੀਸਾਂ ਦੇ ਵਾਧੇ ਨੂੰ ਰੈਗੂਲੇਟ ਕਰਨ ਸਬੰਧੀ ਬਿੱਲ ਪੇਸ਼ ਕਰੇਗੀ। ਕੈਬਨਿਟ ਵੱਲੋਂ 29 ਅਪਰੈਲ ਮਨਜ਼ੂਰ ਕੀਤੇ ਆਰਡੀਨੈਂਸ ਦੇ ਅਨੁਸਾਰ ਇਸ ਬਿਲ ’ਚ ਮਨਮਰਜ਼ੀ ਨਾਲ ਫੀਸਾਂ ਵਧਾਉਣ ਵਾਲੇ ਸਕੂਲਾਂ ਨੂੰ ਭਾਰੀ ਜੁਰਮਾਨਾ ਲਾਉਣ ਦਾ ਪ੍ਰਬੰਧ ਹੋਵੇਗਾ। ਇਸ ਤਹਿਤ ਪਹਿਲੀ ਵਾਰ ਉਲੰਘਣਾ ਕਰਨ ’ਤੇ ਸਕੂਲਾਂ ਨੂੰ 1 ਲੱਖ ਰੁਪਏ ਤੋਂ 5 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ ਤੇ ਵਾਰ ਵਾਰ ਨਿਯਮਾਂ ਦੀ ਉਲੰਘਣਾ ਕਰਨ ’ਤੇ 2 ਤੋਂ 10 ਲੱਖ ਦਾ ਜੁਰਮਾਨਾ ਵੀ ਲਾਇਆ ਜਾ ਸਕਦਾ ਹੈ।

ਬਿੱਲ ਮੁਤਾਬਕ ਜੇਕਰ ਸਕੂਲ ਨਿਰਧਾਰਤ ਸਮੇਂ ਅੰਦਰ ਪੈਸੇ ਵਾਪਸ (ਰਿਫੰਡ) ਨਹੀਂ ਕਰਦਾ ਤਾਂ ਜੁਰਮਾਨਾ 20 ਦਿਨਾਂ ਬਾਅਦ ਦੁੱਗਣਾ ਅਤੇ 40 ਦਿਨਾਂ ਬਾਅਦ ਤਿੰਨ ਗੁਣਾ ਹੋ ਜਾਵੇਗਾ। ਇਸ ਦਾ ਮਤਲਬ ਕਿ ਹਰ 20 ਦਿਨਾਂ ਦੀ ਦੇਰੀ ਨਾਲ ਜੁਰਮਾਨੇ ਵਿੱਚ ਵਾਧਾ ਹੋਵੇਗਾ।

ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ, “ਦਿੱਲੀ ਸਰਕਾਰ 4 ਅਗਸਤ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਵਿੱਚ ਪ੍ਰਾਈਵੇਟ ਸਕੂਲਾਂ ਦੁਆਰਾ ਫੀਸ ਵਾਧੇ ਨੂੰ ਨਿਯਮਤ ਕਰਨ ਲਈ ਸਿੱਖਿਆ ਬਿੱਲ ਪੇਸ਼ ਕਰੇਗੀ।

ਦਿੱਲੀ ਵਿਧਾਨ ਸਭਾ ਹੁਣ ਇੱਕ ਕਾਗਜ਼ ਰਹਿਤ ਈ-ਵਿਧਾਨ ਸਭਾ ਵਜੋਂ ਕੰਮ ਕਰੇਗੀ। ਇਹ ਖੁਸ਼ੀ ਦੀ ਗੱਲ ਹੈ ਕਿ ਦਿੱਲੀ ਵਿਧਾਨ ਸਭਾ ਹੁਣ ਕਾਗਜ਼ ਰਹਿਤ ਹੋਵੇਗੀ। ਅਸੀਂ ਵਿਧਾਨ ਸਭਾ ਨੂੰ ਇੱਕ ਮਾਡਲ ਵਿਧਾਨ ਸਭਾ ਵਜੋਂ ਵੀ ਵਿਕਸਤ ਕੀਤਾ ਹੈ।”

# ਮੋਦੀ ਦੇ ਹੱਥਾਂ ਦੀ ਕਠਪੁਤਲੀ ਹੈ ਚੋਣ ਕਮਿਸ਼ਨ : ਮਲਿਕਾਰਜੁਨ ਖੜਗੇ

**ਨਵੀਂ ਦਿੱਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਨੂੰ ਮਹਾਰਾਸ਼ਟਰ ’ਚ ਵੋਟਰ ਸੂਚੀਆਂ ’ਚ ਕਥਿਤ ਹੇਰਾਫੇਰੀ ਨੂੰ ਲੈ ਕੇ ਚੋਣ ਕਮਿਸ਼ਨ ’ਤੇ ਹਮਲਾ ਬੋਲਿਆ ਅਤੇ ਦੋਸ਼ ਲਗਾਇਆ ਕਿ ਇਹ ਸੰਵਿਧਾਨਕ ਸੰਸਥਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਦੀ ਕਠਪੁਤਲੀ ਹੈ। ਉਨ੍ਹਾਂ ਨੇ ਕਾਂਗਰਸ ਦੇ ਕਾਨੂੰਨ, ਮਨੁੱਖੀ ਅਧਿਕਾਰ ਅਤੇ ਆਰਟੀਆਈ ਵਿਭਾਗ ਦੁਆਰਾ ਆਯੋਜਿਤ ਸਾਲਾਨਾ ਕਾਨੂੰਨੀ ਸੰਮੇਲਨ ’ਚ ਇਹ ਵੀ ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ, ਪਰ ਜਨਤਾ ਅਜਿਹਾ ਨਹੀਂ ਹੋਣ ਦੇਵੇਗੀ। ਖੜਗੇ ਨੇ ਦਾਅਵਾ ਕੀਤਾ, ÷ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ ’ਚ ਵੋਟਰ ਸੂਚੀਆਂ ’ਚ ਨਾਮ ਸ਼ਾਮਲ ਕੀਤੇ ਗਏ ਸਨ। ਮਹਾਰਾਸ਼ਟਰ ਦੇ ਇਕ ਹੋਸਟਲ ’ਚ 9,000 ਵੋਟਰ ਕਿਵੇਂ ਹੋ ਸਕਦੇ ਹਨ ?÷ ਉਨ੍ਹਾਂ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਨਰਿੰਦਰ ਮੋਦੀ ਦੀ ਕਠਪੁਤਲੀ ਹੈ। ਰਾਜ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ,÷ਭਾਰਤ ਦਾ ਸੰਵਿਧਾਨ ਸਿਰਫ਼ ਇਕ ਕਾਨੂੰਨੀ ਦਸਤਾਵੇਜ਼ ਨਹੀਂ ਹੈ, ਸਗੋਂ ਇਹ ਸਾਡੇ ਲੋਕਤੰਤਰ ਦੀ ਆਤਮਾ ਹੈ। ਇਹ ਹਰ ਭਾਰਤੀ ਨੂੰ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦਾ ਅਧਿਕਾਰ ਦਿੰਦਾ ਹੈ। ਪਰ ਅੱਜ ਸੰਵਿਧਾਨ ਖ਼ਤਰੇ ’ਚ ਹੈ।÷ ਉਨ੍ਹਾਂ ਦਾਅਵਾ ਕੀਤਾ,÷ਸੱਤਾਧਾਰੀ ਨੇਤਾ ਸੰਵਿਧਾਨ ਨੂੰ ਬਦਲਣ ਦੀ ਗੱਲ ਕਰ ਰਹੇ ਹਨ। ਭਾਜਪਾ-ਆਰਐੱਸਐੱਸ ਦੇ ਵੱਡੇ ਨੇਤਾ ਸੰਵਿਧਾਨ ਦੀ ਪ੍ਰਸਤਾਵਨਾ ’ਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਸ਼ਬਦਾਂ ਨੂੰ ਹਟਾਉਣ ਦਾ ਇਰਾਦਾ ਰੱਖਦੇ ਹਨ। ਜੇਕਰ ਭਾਜਪਾ ਨੂੰ 2024 ਦੀਆਂ ਚੋਣਾਂ ’ਚ 400 ਸੀਟਾਂ ਮਿਲੀਆਂ ਹੁੰਦੀਆਂ, ਤਾਂ ਉਹ ਸੰਵਿਧਾਨ ਨੂੰ ਬਦਲ ਦਿੰਦੇ। ਪਰ ਇਹ ਦੇਸ਼ ਦੇ ਲੋਕਾਂ ਦੀ ਤਾਕਤ ਹੈ, ਉਨ੍ਹਾਂ ਨੇ 400 ਪਾਰ ਕਹਿਣ ਵਾਲਿਆਂ ਦੇ ਮੂੰਹ ’ਤੇ ਥੱਪੜ ਮਾਰਿਆ।”

# ਪੰਜਾਬ ਸਰਕਾਰ ਵੱਲੋਂ ਆਮ ਬਦਲੀਆਂ/ਤੈਨਾਤੀ ਲਈ ਤੈਅ ਸਮਾਂ ਸੀਮਾ ਵਿਚ ਵਾਧਾ

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਅੱਜ ਇਕ ਪੱਤਰ ਜਾਰੀ ਕਰ ਕੇ ਸੂਬੇ ਦੇ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ/ਤੈਨਾਤੀਆਂ ਕਰਨ ਸਬੰਧੀ ਹਦਾਇਤਾਂ ਅਤੇ ਸਮਾਂ-ਸੀਮਾ ਸਬੰਧੀ ਵਾਧਾ ਕਰਨ ਬਾਰੇ ਇਕ ਪੱਤਰ ਜਾਰੀ ਕੀਤਾ ਗਿਆ ਹੈ। ਜਾਰੀ ਕੀਤੇ ਗਏ ਪੱਤਰ ਅਨੁਸਾਰ ਪ੍ਰਸੋਨਲ ਵਿਭਾਗ ਵੱਲੋਂ ਪਹਿਲਾਂ ਜਾਰੀ ਪੱਤਰ ਨੰਬਰ 07/01/2014-1ਪੀ.ਪੀ.2(3ਪੀ.ਪੀ2)/382-385 ਮਿਤੀ 05.06.2025 ਦੀ ਲਗਾਤਾਰਤਾ ਵਿਚ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਦੇ ਸਮੂਹ ਵਿਭਾਗਾਂ/ਅਦਾਰਿਆਂ ਵਿੱਚ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੀਆਂ ਆਮ ਬਦਲੀਆਂ ਅਤੇ ਤੈਨਾਤੀਆਂ ਕਰਨ ਦਾ ਸਮਾਂ ਜੋ ਕਿ ਮਿਤੀ 23.06.2025 ਤੋਂ 01.08.2025 ਨਿਰਧਾਰਤ ਕੀਤਾ ਗਿਆ ਸੀ ਪ੍ਰੰਤੂ ਹੁਣ ਇਹ ਪੱਤਰ ਜਾਰੀ ਕਰਕੇ ਆਮ ਬਦਲੀਆਂ/ਤੈਨਾਤੀਆਂ ਦੇ ਸਮੇਂ ਵਿੱਚ ਮਿਤੀ 20.08.2025 ਤੱਕ ਦਾ ਵਾਧਾ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਮਿਤੀ 20.08.2025 ਤੋਂ ਬਾਅਦ ਆਮ ਬਦਲੀਆਂ ਤੇ ਸੰਪੂਰਨ ਰੋਕ ਹੋਵੇਗੀ ਅਤੇ ਇਸ ਉਪਰੰਤ ਬਦਲੀ/ਤੈਨਾਤੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਟਰਾਂਸਫਰ ਪਾਲਿਸੀ ਮਿਤੀ 23.04.2018 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਹੀ ਕੀਤੀ ਜਾ ਸਕੇਗੀ।

# ਬਿਕਰਮ ਮਜੀਠੀਆ ਦੀ ਨਿਆਇਕ ਹਿਰਾਸਤ ਵਿੱਚ ਮੁੜ ਵਾਧਾ



**ਮੁਹਾਲੀ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਅਧੀਨ ਨਾਭਾ ਦੀ ਨਿਊ ਜੇਲ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਮੁਹਾਲੀ ਅਦਾਲਤ ਵਿਖੇ ਅੱਜ ਵੀਡੀਓ ਕਾਨਫਰਸਿੰਗ ਰਾਹੀਂ ਪੇਸ਼ੀ ਹੋਈ। ਅਦਾਲਤ ਨੇ ਮਜੀਠੀਆ ਦੀ ਨਿਆਇਕ ਹਿਰਾਸਤ ਵਿਚ 14 ਦਿਨਾਂ ਦਾ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਬਿਕਰਮ ਸਿੰਘ ਮਜੀਠੀਆ ਦੀ ਬੈਰਕ ਬਦਲੀ ਅਰਜ਼ੀ ਨੂੰ ਅਦਾਲਤ ਨੇ 5 ਅਗਸਤ ਤੱਕ ਮੁਲਤਵੀ ਕੀਤਾ ਹੈ। ਬਿਕਰਮ ਸਿੰਘ ਮਜੀਠੀਆ ਦੀ ਨਿਆਂਇਕ ਹਿਰਾਸਤ ਪੂਰੀ ਹੋਣ ਤੇ ਇਸ ਮਾਮਲੇ ਦੀ ਅਗਲੀ ਸੁਣਵਾਈ 14 ਅਗਸਤ ਨੂੰ ਹੋਵੇਗੀ। ਇਸ ਦੇ ਨਾਲ ਹੀ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਆਜ਼ਾਦੀ ਦਿਵਸ ਦੇ ਮੱਦੇਨਜ਼ਰ ਮਜੀਠੀਆ ਨੂੰ 14 ਅਗਸਤ ਨੂੰ ਵੀ ਵੀਡੀਓ ਕਾਨਫਰਸਿੰਗ ਰਾਹੀਂ ਹੀ ਪੇਸ਼ ਕੀਤਾ ਜਾਵੇ।

# ਐੱਨਪੀਐੱਸ ਕਰਮਚਾਰੀਆਂ ਲਈ ਪਰਿਵਾਰਕ ਜਾਂ ਦਿਵਿਆਂਗਤਾ ਪੈਨਸ਼ਨ ਲੈਣ ਸਬੰਧੀ ਵਿੱਤ ਵਿਭਾਗ ਨੇ ਵਿਕਲਪ ਚੁਣਨ ਦੀ ਸ਼ਰਤ ਲਈ ਵਾਪਸ: ਹਰਪਾਲ ਸਿੰਘ ਚੀਮਾ

## ➢ ਸਾਰੇ ਐੱਨਪੀਐੱਸ ਕਰਮਚਾਰੀ ਹੁਣ ਬਿਨਾਂ ਵਿਕਲਪ ਚੁਣੇ ਵਾਧੂ ਰਾਹਤ ਦੇ ਯੋਗ ➢ ਫੈਸਲੇ ਦਾ ਉਦੇਸ਼ ਕਰਮਚਾਰੀ ਦੀ ਮੌਤ ਜਾਂ ਦਿਵਿਆਂਗਤਾ ਦੀ ਸਥਿਤੀ ਵਿੱਚ ਪਰਿਵਾਰ ਨੂੰ ਹੋਣ ਵਾਲੀ ਪ੍ਰੇਸ਼ਾਨੀ ਨੂੰ ਘੱਟ ਕਰਨਾ

**ਚੰਡੀਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬਾ ਸਰਕਾਰ ਦੇ ਕਰਮਚਾਰੀਆਂ ਦੇ ਪਰਿਵਾਰਾਂ ਦੀ ਮਦਦ ਲਈ ਇੱਕ ਅਹਿਮ ਫ਼ੈਸਲੇ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਵਿੱਤ ਵਿਭਾਗ (ਐੱਫਡੀ) ਨੇ ਨਵੀਂ ਪੈਨਸ਼ਨ ਸਕੀਮ (ਐੱਨਪੀਐੱਸ) ਦੇ ਕਰਮਚਾਰੀਆਂ ਲਈ ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣ ਸਬੰਧੀ ਇੱਕ ਮੁੱਖ ਵਿਕਲਪ ਸ਼ਰਤ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਫ਼ੈਸਲੇ ਨੂੰ ਉਨ੍ਹਾਂ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਹੋਣ ਵਾਲੀ ਬੇਲੋੜੀ ਪ੍ਰੇਸ਼ਾਨੀ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਹੈ, ਜਿਨ੍ਹਾਂ ਦੀ ਸੇਵਾ ਦੌਰਾਨ ਮੌਤ ਹੋ ਜਾਵੇ, ਕਿਉਂਕਿ ਜ਼ਿਆਦਾਤਰ ਨੇ ਰਸਮੀ ਤੌਰ ’ਤੇ ਇਸ ਵਿਕਲਪ ਦੀ ਵਰਤੋਂ ਨਹੀਂ ਕੀਤੀ ਹੁੰਦੀ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ 8 ਅਕਤੂਬਰ 2021 ਦੇ ਵਿੱਤ ਵਿਭਾਗ ਦੇ ਨਿਰਦੇਸ਼ਾਂ ਰਾਹੀਂ ਐੱਨਪੀਐੱਸ ਕਰਮਚਾਰੀਆਂ ਨੂੰ, ਜੋ ਸੇਵਾ ਦੌਰਾਨ ਦਿਵਿਆਂਗ ਹੋ ਜਾਣ ਜਾਂ ਜਿਨ੍ਹਾਂ ਦੀ ਮੌਤ ਹੋ ਜਾਵੇ, ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਦੇ ਰੂਪ ਵਿੱਚ ਵਾਧੂ ਰਾਹਤ ਦਿੱਤੀ ਸੀ। ਹਾਲਾਂਕਿ, ਇਨ੍ਹਾਂ ਨਿਰਦੇਸ਼ਾਂ ਦੀ ਸ਼ਰਤ 6 ਅਨੁਸਾਰ ਮੌਜੂਦਾ ਅਤੇ ਨਵੇਂ ਭਰਤੀ ਹੋਏ ਦੋਵਾਂ ਤਰ੍ਹਾਂ ਦੇ ਕਰਮਚਾਰੀਆਂ ਨੂੰ ਇੱਕ ਨਿਰਧਾਰਤ ਸਮੇਂ ਅੰਦਰ ਇਹ ਚੁਣਨਾ ਜ਼ਰੂਰੀ ਸੀ ਕਿ ਉਹ ਪਰਿਵਾਰਕ ਜਾਂ ਦਿਵਿਆਂਗਤਾ (ਇਨਵੈਲਿਡ) ਪੈਨਸ਼ਨ ਲੈਣਾ ਚਾਹੁੰਦੇ ਹਨ ਜਾਂ ਐੱਨਪੀਐੱਸ ਸਕੀਮ ਦੇ ਲਾਭ। ਉਨ੍ਹਾਂ ਕਿਹਾ ਕਿ ਇਸ ਸ਼ਰਤ ਨੇ ਉਨ੍ਹਾਂ ਪਰਿਵਾਰਾਂ ਲਈ ਬਹੁਤ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ ਸਨ, ਜੋ ਇਸ ਲੋੜ ਬਾਰੇ ਅਣਜਾਣ ਸਨ ਜਾਂ ਇਸ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਪਾਏ ਸਨ।

ਵਿੱਤ ਮੰਤਰੀ ਨੇ ਕਿਹਾ ਕਿ ਇਸ ਸਮੱਸਿਆ ਨੂੰ ਠੀਕ ਕਰਨ ਲਈ ਵਿੱਤ ਵਿਭਾਗ ਨੇ 27 ਜੂਨ 2025 ਨੂੰ ਅਧਿਕਾਰਤ ਤੌਰ ’ਤੇ ਨਿਰਦੇਸ਼ਾਂ ਦੀ ਸ਼ਰਤ 6 ਨੂੰ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ, ਜੋ ਸ਼ੁਰੂ ਵਿੱਚ ਪੰਜਾਬ ਸਰਕਾਰ ਦੇ ਐੱਨਪੀਐੱਸ ਕਰਮਚਾਰੀਆਂ ਲਈ ਲਾਗੂ ਕੀਤਾ ਗਿਆ ਸੀ, ਹੁਣ ਬੋਰਡਾਂ, ਕਾਰਪੋਰੇਸ਼ਨਾਂ, ਜਨਤਕ ਖੇਤਰ ਦੇ ਅਦਾਰਿਆਂ (ਪੀਐੱਸਯੂ) ਅਤੇ ਸੂਬਾ ਖ਼ੁਦਮੁਖਤਿਆਰ ਸੰਸਥਾਵਾਂ (ਐੱਸਏਬੀ) ਦੇ ਐੱਨਪੀਐੱਸ ਕਰਮਚਾਰੀਆਂ ਨੂੰ ਵੀ ਸ਼ਾਮਲ ਕਰਨ ਲਈ ਵਧਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਇਹ ਯਕੀਨੀ ਬਣਾਇਆ ਗਿਆ ਹੈ ਕਿ ਐੱਨਪੀਐੱਸ ਅਧੀਨ ਸਾਰੇ ਕਰਮਚਾਰੀ ਹੁਣ ਰਸਮੀ ਤੌਰ ’ਤੇ ਵਿਕਲਪ ਦੀ ਵਰਤੋਂ ਕੀਤੇ ਬਿਨਾਂ ਇਸ ਵਾਧੂ ਰਾਹਤ ਦੇ ਯੋਗ ਹੋ ਸਕਣ। ਜ਼ਿਕਰਯੋਗ ਹੈ ਕਿ 8 ਅਕਤੂਬਰ 2021 ਦੇ ਨਿਰਦੇਸ਼ਾਂ ਨੂੰ 23 ਜਨਵਰੀ 2024 ਦੇ ਡਾਇਰੈਕਟੋਰੇਟ ਆਫ਼ ਪਬਲਿਕ ਐਂਟਰਪ੍ਰਾਈਜ਼ਿਜ਼ ਐਂਡ ਡਿਸਇਨਵੈਸਟਮੈਂਟ (ਡੀਪੀਈਡੀ) ਦੇ ਪੱਤਰ ਰਾਹੀਂ ਪੰਜਾਬ ਸਰਕਾਰ ਦੇ ਅਧੀਨ ਬੋਰਡਾਂ, ਕਾਰਪੋਰੇਸ਼ਨਾਂ, ਪੀਐੱਸਯੂ ਅਤੇ ਐੱਸਏਬੀ ਲਈ ਵੀ ਲਾਗੂ ਕੀਤਾ ਗਿਆ ਸੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਇਸ ਸ਼ਰਤ ਨੂੰ ਹਟਾ ਕੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਿਰਵਿਘਨ ਲਾਭ ਪ੍ਰਦਾਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਉਨ੍ਹਾਂ ਨੂੰ ਮੁਸ਼ਕਲ ਸਮਿਆਂ ਵਿੱਚ ਲੋੜੀਂਦੀ ਵਿੱਤੀ ਸਹਾਇਤਾ ਮਿਲੇ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਆਪਣੇ ਕਰਮਚਾਰੀਆਂ ਦੀ ਭਲਾਈ ਅਤੇ ਇੱਕ ਸਹਿਯੋਗੀ ਕੰਮਕਾਜੀ ਮਾਹੌਲ ਨੂੰ ਬਣਾਏ ਰੱਖਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਵਿਸ਼ੇਸ਼ ਅਦਾਲਤ ਨੇ ਮੋਹਨ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਬਾਰੇ ਸਾਬਕਾ ATS ਅਧਿਕਾਰੀ ਦੇ ਦਾਅਵੇ ਨੂੰ ਕੀਤਾ ਖਾਰਜ

**ਮੁੰਬਈ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸਤੰਬਰ 2008 ਦੇ ਮਾਲੇਗਾਓਂ ਧਮਾਕਾ ਮਾਮਲੇ ਵਿੱਚ ਸੱਤ ਵਿਅਕਤੀਆਂ ਨੂੰ ਬਰੀ ਕਰਦੇ ਹੋਏ ਆਪਣੇ ਫੈਸਲੇ ਵਿੱਚ ਮਹਾਰਾਸ਼ਟਰ ਅਤਿਵਾਦ ਵਿਰੋਧੀ ਦਸਤੇ (ATS) ਦੇ ਇੱਕ ਸਾਬਕਾ ਅਧਿਕਾਰੀ ਦੇ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ਉਸ ਨੂੰ ਇਸ ਮਾਮਲੇ ਵਿੱਚ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਗਿਆ ਸੀ।

ਵਿਸ਼ੇਸ਼ ਐੱਨਆਈਏ ਜੱਜ ਏ.ਕੇ. ਲਾਹੋਟੀ ਨੇ ਆਪਣੇ 1000 ਤੋਂ ਵੱਧ ਪੰਨਿਆਂ ਦੇ ਫੈਸਲੇ ਵਿੱਚ ਕਿਹਾ ਕਿ ਉਨ੍ਹਾਂ ਨੂੰ ਦੋਸ਼ੀ ਸੁਧਾਕਰ ਦਿਵੇਦੀ ਦੇ ਵਕੀਲ ਵੱਲੋਂ ਪੇਸ਼ ਦਲੀਲਾਂ ਵਿੱਚ ਕੋਈ ਦਮ ਨਜ਼ਰ ਨਹੀਂ ਆਇਆ। ਇਹ ਟਿੱਪਣੀਆਂ ਮੁਜਾਵਰ ਲਈ ਇੱਕ ਵੱਡਾ ਝਟਕਾ ਹਨ, ਕਿਉਂਕਿ ਉਨ੍ਹਾਂ ਵੀਰਵਾਰ ਨੂੰ ਦੁਹਰਾਇਆ ਸੀ ਕਿ ਉਸ ਨੂੰ ਭਾਗਵਤ ਨੂੰ ਫੜਨ ਲਈ ਕਿਹਾ ਗਿਆ ਸੀ ਅਤੇ ਇਸ ਪਿੱਛੇ ਮਕਸਦ ਭਗਵਾ ਅਤਿਵਾਦ ਨੂੰ ਸਥਾਪਤ ਕਰਨਾ ਸੀ। ਮੁਜਾਵਰ ਨੇ ਉਸ ਸਮੇਂ ਇਹ ਵੀ ਦਾਅਵਾ ਕੀਤਾ ਸੀ ਕਿ ਏਟੀਐੱਸ ਦੇ ਸੀਨੀਅਰ ਅਧਿਕਾਰੀਆਂ ਨੇ ਉਸ ਨੂੰ ਭਾਗਵਤ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਸੀ, ਪਰ ਉਸ ਨੇ ਅਜਿਹੇ ਗੈਰ-ਕਾਨੂੰਨੀ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਸ ਨੂੰ ਇਸ ਕਥਿਤ ਅਪਰਾਧ ਵਿੱਚ ਭਾਗਵਤ ਦੀ ਕੋਈ ਭੂਮਿਕਾ ਨਹੀਂ ਮਿਲੀ ਸੀ।

ਅਦਾਲਤ ਨੇ ਆਪਣੇ ਹੁਕਮ ਵਿੱਚ ਤਤਕਾਲੀ ਮੁੱਖ ਜਾਂਚ ਅਧਿਕਾਰੀ ਏਸੀਪੀ ਮੋਹਨ ਕੁਲਕਰਨੀ ਦੇ ਬਿਆਨ ਦੇ ਆਧਾਰ ’ਤੇ ਬਚਾਅ ਪੱਖ ਦੇ ਵਕੀਲ ਦੀ ਦਲੀਲ ਨੂੰ ਖਾਰਜ ਕਰ ਦਿੱਤਾ। ਕੁਲਕਰਨੀ ਨੇ ਕਿਹਾ ਸੀ ਕਿ ਮੁਜਾਵਰ ਨੂੰ ਕਦੇ ਵੀ ਆਰਐੱਸਐੱਸ ਦੇ ਕਿਸੇ ਮੈਂਬਰ ਨੂੰ ਗ੍ਰਿਫ਼ਤਾਰ ਕਰਨ ਲਈ ਨਹੀਂ ਕਿਹਾ ਗਿਆ ਅਤੇ ਉਸਨੂੰ ਸਿਰਫ ਦੋ ਭਗੌੜੇ ਦੋਸ਼ੀਆਂ - ਰਾਮਜੀ ਕਲਸਾਂਗਰਾ ਅਤੇ ਸੰਦੀਪ ਡਾਂਗੇ ਦਾ ਪਤਾ ਲਗਾਉਣ ਲਈ ਭੇਜਿਆ ਗਿਆ ਸੀ।

# ਸੁਣਿਆ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ,‘ਚੰਗਾ ਕਦਮ’: ਟਰੰਪ

**ਵਾਸ਼ਿੰਗਟਨ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਕ ਬਿਆਨ ਵਿਚ ਹੈ ਕਿਹਾ ਕਿ ਉਨ੍ਹਾਂ ਨੇ ਸੁਣਿਆ ਹੈ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ, ਜਿਸ ਦੀ ਉਨ੍ਹਾਂ ਨੇ ਇੱਕ ਚੰਗੇ ਕਦਮ ਵਜੋਂ ਸ਼ਲਾਘਾ ਕੀਤੀ ਪਰ ਨਾਲ ਹੀ ਕਿਹਾ ਕਿ ਉਹ ਇਸ ਘਟਨਾਕ੍ਰਮ ਬਾਰੇ ਪੱਕਾ ਯਕੀਨ ਨਹੀਂ ਰੱਖਦੇ।

ਟਰੰਪ ਨੇ ਸ਼ੁੱਕਰਵਾਰ ਨੂੰ ਪੱਤਰਕਾਰਾਂ ਨੂੰ ਕਿਹਾ, “ਖੈਰ, ਮੈਂ ਸਮਝਦਾ ਹਾਂ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ। ਮੈਂ ਇਹੀ ਸੁਣਿਆ ਹੈ। ਮੈਨੂੰ ਨਹੀਂ ਪਤਾ ਕਿ ਇਹ ਸਹੀ ਹੈ ਜਾਂ ਨਹੀਂ, ਪਰ ਇਹ ਇੱਕ ਚੰਗਾ ਕਦਮ ਹੈ। ਅਸੀਂ ਦੇਖਾਂਗੇ ਕਿ ਕੀ ਹੁੰਦਾ ਹੈ।”

ਟਰੰਪ ਦੀਆਂ ਇਹ ਟਿੱਪਣੀਆਂ ਵ ?ਹਾਈਟ ਹਾਊਸ ਵੱਲੋਂ ਲਗਭਗ 70 ਦੇਸ਼ਾਂ ਤੋਂ ਹੋਣ ਵਾਲੇ ਦਰਾਮਦ ’ਤੇ ਅਮਰੀਕਾ ਦੁਆਰਾ ਲਗਾਏ ਜਾਣ ਵਾਲੇ ਟੈਕਸ (ਵਪਾਰਕ ਟੈਕਸ) ਦੇ ਐਲਾਨ ਤੋਂ ਇੱਕ ਦਿਨ ਬਾਅਦ ਆਈਆਂ ਹਨ। ਕਾਰਜਕਾਰੀ ਹੁਕਮ ਦੇ ਅਨੁਸਾਰ ਭਾਰਤ ਨੂੰ 25 ਪ੍ਰਤੀਸ਼ਤ ਟੈਕਸ ਦਾ ਸਾਹਮਣਾ ਕਰਨਾ ਪਵੇਗਾ, ਪਰ ਇਸ ਵਿੱਚ ਉਸ ਜੁਰਮਾਨੇ ਦਾ ਜ਼ਿਕਰ ਨਹੀਂ ਕੀਤਾ ਗਿਆ ਜੋ ਟਰੰਪ ਨੇ ਕਿਹਾ ਸੀ ਕਿ ਭਾਰਤ ਨੂੰ ਰੂਸੀ ਫੌਜੀ ਸਾਜ਼ੋ-ਸਾਮਾਨ ਅਤੇ ਊਰਜਾ ਦੀ ਖਰੀਦ ਕਾਰਨ ਦੇਣਾ ਪਵੇਗਾ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੂੰ ਸ਼ੁੱਕਰਵਾਰ ਨੂੰ ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਵਿੱਚ ਉਨ੍ਹਾਂ ਰਿਪੋਰਟਾਂ ਬਾਰੇ ਪੁੱਛਿਆ ਗਿਆ ਸੀ ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਤੇਲ ਕੰਪਨੀਆਂ ਨੇ ਪਿਛਲੇ ਹਫ਼ਤੇ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦਿੱਤਾ ਹੈ।

ਜੈਸਵਾਲ ਨੇ ਜਵਾਬ ਦਿੱਤਾ ਕਿ ਜਿੱਥੋਂ ਤੱਕ ਭਾਰਤ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਦਾ ਸਵਾਲ ਹੈ, “ਅਸੀਂ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਦੀ ਉਪਲਬਧ ਕੀਮਤ ਅਤੇ ਉਸ ਸਮੇਂ ਦੀ ਵਿਸ਼ਵਵਿਆਪੀ ਸਥਿਤੀ ਦੇ ਆਧਾਰ ’ਤੇ ਫੈਸਲੇ ਲੈਂਦੇ ਹਾਂ। ਜਿੱਥੋਂ ਤੱਕ ਤੁਹਾਡੇ ਖਾਸ ਸਵਾਲ ਦੇ ਵੇਰਵਿਆਂ ਦਾ ਸਬੰਧ ਹੈ, ਮੈਨੂੰ ਇਸ ਬਾਰੇ ਜਾਣਕਾਰੀ ਨਹੀਂ ਹੈ। ਮੇਰੇ ਕੋਲ ਇਨ੍ਹਾਂ ਵੇਰਵਿਆਂ ਦੀ ਜਾਣਕਾਰੀ ਨਹੀਂ ਹੈ।”

ਟਰੰਪ ਨੇ ਭਾਰਤ ਅਤੇ ਰੂਸ ਦੇ ਨਜ਼ਦੀਕੀ ਸਬੰਧਾਂ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਸੀ ਕਿ ਦੋਵੇਂ ਦੇਸ਼ ਆਪਣੀਆਂ ਮਰੀਆਂ ਹੋਈਆਂ ਅਰਥਵਿਵਸਥਾਵਾਂ ਨੂੰ ਇਕੱਠੇ ਹੇਠਾਂ ਲੈ ਜਾ ਸਕਦੇ ਹਨ। ਟਰੰਪ ਨੇ ’ਟਰੂਥ ਸੋਸ਼ਲ’ ’ਤੇ ਇੱਕ ਪੋਸਟ ਵਿੱਚ ਕਿਹਾ ਸੀ, ÷ਮੈਨੂੰ ਕੋਈ ਪਰਵਾਹ ਨਹੀਂ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ। ਉਹ ਆਪਣੀਆਂ ਮਰੀਆਂ ਹੋਈਆਂ ਅਰਥਵਿਵਸਥਾਵਾਂ ਨੂੰ ਇਕੱਠੇ ਹੇਠਾਂ ਲੈ ਜਾ ਸਕਦੇ ਹਨ। ਅਸੀਂ ਭਾਰਤ ਨਾਲ ਬਹੁਤ ਘੱਟ ਵਪਾਰ ਕੀਤਾ ਹੈ, ਉਨ੍ਹਾਂ ਦੇ ਟੈਕਸ ਬਹੁਤ ਜ਼ਿਆਦਾ ਹਨ, ਦੁਨੀਆ ਵਿੱਚ ਸਭ ਤੋਂ ਵੱਧ।

# ਜ਼ਿਲ੍ਹਾ ਤਰਨ ਤਾਰਨ ਦੇ ਡਾਕਘਰਾਂ ਵਿੱਚ 04 ਅਗਸਤ 2025 ਨੂੰ ਆਈ.ਟੀ. 2.0 ਐਪਲੀਕੇਸ਼ਨ ਦਾ ਹੋਵੇਗਾ ਰੋਲ ਆਊਟ

**ਤਰਨ ਤਾਰਨ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕ ਵਿਭਾਗ, ਅੰਮ੍ਰਿਤਸਰ ਡਾਕ ਮੰਡਲ ਦੇ ਸੀਨੀਅਰ ਸੁਪਰਡੈਂਟ ਪੋਸਟ ਆਫਿਸ ਵੱਲੋਂ ਜਾਣਕਾਰੀ ਦਿੰਦਿਆ ਕਿਹਾ ਕਿ ਡਾਕਘਰਾਂ ਵਿੱਚ ਅਗਲੀ ਪੀੜ੍ਹੀ ਦੇ (ਏ.ਪੀ.ਟੀ.) ਐਪਲੀਕੇਸ਼ਨ ਦਾ ਰੋਲਆਊਟ ਕੀਤਾ ਜਾ ਰਿਹਾ ਹੈ, ਜੋ ਕਿ ਡਿਜੀਟਲ ਉਤਕ੍ਰਿਸ਼ਟਤਾ ਅਤੇ ਰਾਸ਼ਟਰ ਨਿਰਮਾਣ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਣ ਕਦਮ ਹੈ। ਇਸ ਤਬਦੀਲੀ ਮੁਹਿੰਮ ਦੇ ਤਹਿਤ ਇਹ ਨਵੀਨਤਮ ਪ੍ਰਣਾਲੀ ਜ਼ਿਲ੍ਹਾ ਤਰਨ ਤਾਰਨ ਦੇ ਡਾਕਘਰਾਂ ਵਿੱਚ 04 ਅਗਸਤ 2025 ਤੋਂ ਲਾਗੂ ਕੀਤੀ



ਜਾਵੇਗੀ।

ਇਸ ਤੋਂ ਇਲਾਵਾ, ਉਨ੍ਹਾਂ ਦੱਸਿਆ ਕਿ 03 ਅਗਸਤ 2025 ਨੂੰ ਡਾਕਘਰਾਂ ਵਿੱਚ ਕੋਈ ਵੀ ਜਨਤਕ ਲੈਣ-ਦੇਣ ਨਹੀਂ ਹੋ ਸਕੇਗਾ। ਸੇਵਾਵਾਂ ਦੀ ਇਹ ਅਸਥਾਈ ਰੁਕਾਵਟ ਡਾਟਾ ਮਾਈਗ੍ਰੇਸ਼ਨ, ਸਿਸਟਮ ਦੀ ਜਾਂਚ ਅਤੇ ਕਾਨਫ਼ਿਗਰੇਸ਼ਨ ਦੀ ਪ੍ਰਕਿਰਿਆ ਨੂੰ ਢੰਗ ਨਾਲ ਪੂਰਾ ਕਰਨ ਲਈ ਲਾਜ਼ਮੀ ਹੈ, ਤਾਂ ਜੋ ਨਵੀਂ ਪ੍ਰਣਾਲੀ ਨੂੰ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਇੱਕ ਦਿਨ ਲਈ ਡਾਕ ਘਰਾਂ ਦੇ ਕੰਮ ਵਿੱਚ ਆ ਰਹੀ ਰੁਕਾਵਟ ਲਈ ਨਾਗਰਿਕਾਂ ਦੇ ਸਹਿਯੋਗ ਦੀ ਅਪੀਲ ਕੀਤੀ ਹੈ, ਤਾਂ ਜੋ ਭਵਿੱਖ ਵਿੱਚ ਨਾਗਰਿਕਾਂ ਨੂੰ ਬਿਹਤਰ, ਤੇਜ਼ ਅਤੇ ਡਿਜੀਟਲ ਤਰੀਕੇ ਨਾਲ ਸਮਰਪਿਤ ਸੇਵਾਵਾਂ ਦਿੱਤੀਆਂ ਜਾ ਸਕਣ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਵੱਲੋਂ 1 ਲੱਖ ਰੁਪਏ ਦੀ ਰਾਸ਼ੀ ਮਨੋਚਾ ਪਰਿਵਾਰ ਨੂੰ ਭੇਂਟ



**ਫਾਜ਼ਿਲਕਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਸ਼ਹਿਰ ਦੀ ਬੇਟੀ ਈਸ਼ਾ ਮਨੋਚਾ ਦੀ ਆਰਥਿਕ ਮਦਦ ਕਰਨ ਲਈ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਜੀ ਉਹਨਾਂ ਦੇ ਘਰ ਪਹੁੰਚੇ ਅਤੇ ਆਪਣੀ ਨੇਕ ਕਮਾਈ ਵਿੱਚੋਂ ਆਪਣੇ ਪਰਿਵਾਰ ਵੱਲੋਂ 1 ਲੱਖ ਰੁਪਏ ਦੀ ਰਾਸ਼ੀ ਮਨੋਚਾ ਪਰਿਵਾਰ ਨੂੰ ਭੇਂਟ ਕੀਤੀ। ਇਸ ਮੌਕੇ ਖੁਸ਼ਬੂ ਸਾਵਨ ਸੁਖਾ ਸਵਣਾ ਵੀ ਵਿਸ਼ੇਸ਼ ਤੌਰ ਤੇ ਨਾਲ ਮੌਜੂਦ ਸਨ।

ਵਿਧਾਇਕ ਸ੍ਰੀ ਸਵਨਾ ਨੇ ਕਿਹਾ ਕਿ ਉਹ ਈਸ਼ਾ ਮਨੋਚਾ ਦੀ ਸਿਹਤਯਾਬੀ ਦੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਜਲਦੀ ਜਲਦੀ ਉਹਨਾਂ ਨੂੰ ਤੰਦਰੁਸਤੀ ਬਖਸ਼ੇ। ਉਨਾਂ ਪਰਿਵਾਰ ਵਾਲਿਆਂ ਨਾਲ ਮਿਲ ਕੇ ਇਸ ਔਖੇ ਸਮੇਂ ਵਿਚ ਤਕੜੇ ਹੋ ਕੇ ਸਾਹਮਣਾ ਕਰਨ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਪਰਮਾਤਮਾ ਜਲਦੀ ਹੀ ਉਹਨਾਂ ਦੀ ਬੇਟੀ ਨੂੰ ਠੀਕ ਕਰੇਗਾ ਤੇ ਸਾਡੀ ਫਾਜ਼ਿਲਕਾ ਦੀ ਬੇਟੀ ਜਲਦ ਹੀ ਪਰਿਵਾਰ ਵਿੱਚ ਹੋਵੇਗੀ।

ਇਸ ਮੌਕੇ ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਸਾਡੇ ਫਾਜਿਲਕਾ ਦੀਆਂ ਬੇਟੀਆਂ ਮਜਬੂਤ ਹਨ ਤੇ ਉਹ ਕਿਸੇ ਵੀ ਬਿਮਾਰੀ ਦਾ ਸਾਹਮਣਾ ਬੜੀ ਹਿੰਮਤ ਨਾਲ ਕਰ ਸਕਦੀਆਂ ਹਨ।ਉਨਾ ਪਰਿਵਾਰਕ ਮੈਂਬਰਾਂ ਦੀ ਹੌਸਲਾ ਅਫਜਾਈ ਕਰਦਿਆਂ ਉਹ ਕਿਸੇ ਵੀ ਗੱਲ ਪੱਖੋਂ ਘਬਰਾਓਣ ਨਾ ਉਹ ਤੇ ਉਹਨਾਂ ਦਾ ਪਰਿਵਾਰ ਇਸ ਔਖੇ ਸਮੇਂ ਵਿੱਚ ਪੂਰੀ ਤਰ੍ਹਾਂ ਮਨੋਚਾ ਪਰਿਵਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ। ਇਸ ਮੌਕੇ ਅਲਕਾ ਜੁਨੇਜਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਸਨ ।

# ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਗਿਆਨੀ ਜ਼ੈਲ ਸਿੰਘ ਨਗਰ ਮਾਰਕੀਟ ਤੋਂ 03 ਬੱਚੇ ਕੀਤੇ ਰੈਸਕਿਊ




**ਰੂਪ ਨਗਰ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਵਾਲੀਆ ਦੀ ਅਗਵਾਈ ਹੇਠ ਰੋਪੜ ਸ਼ਹਿਰ ਦੇ ਵਿੱਚ ਗਿਆਨੀ ਜ਼ੈਲ ਸਿੰਘ ਨਗਰ ਮਾਰਕੀਟ ਵਿਖੇ ਲਗਦੀ ਸਬਜੀ ਮੰਡੀ ਵਿੱਚ ਬਾਲ ਭਿੱਖਿਆ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਚੈਕਿੰਗ ਕੀਤੀ ਗਈ, ਜਿਸ ਦੌਰਾਨ 3 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੂਪਨਗਰ ਸ਼੍ਰੀਮਤੀ ਰਜਿੰਦਰ ਕੌਰ ਨੇ ਦੱਸਿਆ ਗਿਆ ਚੈਕਿੰਗ ਦੌਰਾਨ ਰੈਸਕਿਊ ਕੀਤਾ 03 ਬੱਚਿਆਂ ਨੂੰ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਟੀਮ ਦੁਆਰਾ ਬੱਚੇ ਦੇ ਮਾਤਾ ਪਿਤਾ ਨੂੰ ਬੁਲਾਕੇ ਕਾਊਂਸਲਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਦੱਸਿਆ ਕਿ ਬੱਚਿਆਂ ਨੂੰ ਭੀਖ ਮੰਗਣ ਲਈ ਭੇਜਣਾ ਕਾਨੂੰਨੀ ਜੁਰਮ ਹੈ।

ਇਸ ਕਰਕੇ ਉਹ ਆਪਣੇ ਬੱਚਿਆਂ ਨੂੰ ਭੀਖ ਮੰਗਵਾਉਣ ਦੀ ਥਾਂ ਰੈਗੂਲਰ ਸਕੂਲ ਭੇਜਣ ਅਤੇ ਚੰਗਾ ਪਾਲਣ ਪੋਸ਼ਣ ਕਰਨ।

ਉਨ੍ਹਾਂ ਇਹ ਵੀ ਹਦਾਇਤ ਦਿੱਤੀ ਕਿ ਜੇਕਰ ਦੁਬਾਰਾ ਬੱਚੇ ਨੂੰ ਭੀਖ ਮੰਗਣ ਲਈ ਭੇਜਿਆ ਤਾਂ ਉਨ੍ਹਾਂ ਉੱਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਿਸ ਤੋਂ ਬਾਅਦ ਬੱਚੇ ਨੂੰ ਮਾਤਾ ਪਿਤਾ ਨੂੰ ਸੌਂਪ ਦਿੱਤਾ ਗਿਆ।

ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਵੱਲੋਂ ਆਮ ਲੋਕਾਂ ਨੂੰ ਵੀ ਜਾਗੂਰਕ ਕਰਦਿਆਂ ਦੱਸਿਆ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਲੋਕਾਂ ਨੂੰ ਜੁਵੇਨਾਇਲ ਜਸਟਿਸ ਐਕਟ 2015 ਦੇ ਤਹਿਤ 5 ਸਾਲ ਤੱਕ ਦੀ ਸਜਾ ਤੇ 1 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ ਨਾਲ ਹੀ ਇਸ ਤਰ੍ਹਾਂ ਦੇ ਬੱਚਿਆਂ ਦੀ ਤਸਕਰੀ ਕਰਨ ਵਾਲੇ ਨੂੰ 10 ਸਾਲ ਦੀ ਸਜ਼ਾ ਅਤੇ ਉਮਰ ਕੈਦ ਤੱਕ ਦੀ ਸਜਾ ਤੇ ਜੁਰਮਾਨਾ ਹੋ ਸਕਦੇ ਹਨ।

ਇਸ ਮੌਕੇ ਉੱਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦਾ ਸਟਾਫ, ਬਾਲ ਭਲਾਈ ਕਮੇਟੀ ਮੈਂਬਰ, ਚਾਇਲਡ ਹੈਲਪਲਾਈਨ ਦੀ ਟੀਮ ਅਤੇ ਪੁਲਿਸ ਵਿਭਾਗ ਦੇ ਨੁਮਾਇੰਦੇ ਮੌਜੂਦ ਸਨ।

# ਮਾਨ ਸਰਕਾਰ ਵਲੋਂ ਨਿਸ਼ਾਨਾ ਮਿੱਥ ਕੇ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਾਰਥਿਕ ਨਤੀਜੇ ਮਿਲ ਰਹੇ ਹਨ-ਵਿਧਾਇਕ ਸ਼ੈਰੀ ਕਲਸੀ

**ਬਟਾਲਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪਰਧਾਨ ਅਤੇ ਨੌਜਵਾਨ ਵਿਧਾਇਤ ਅਮਨਸ਼ੇਰ ਸਿੰਘ ਸ਼ੈਰੀ ਕਲਸ ਨੇ ਸਥਾਨਕ ਬੀਕੋ ਵਾਸੀਆਂ ਨਾਲ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਮੁਕਤੀ ਯਾਤਰਾ ਦੌਰਾਨ ਸਮੂਹ ਹਾਜ਼ਰੀਨ, ਜਿਨ੍ਹਾਂ ਵਿੱਚ ਨੌਜਵਾਨ ਅਤੇ ਔਰਤਾਂ ਵੀ ਵੱਡੀ ਗਿਣਤੀ ਚ ਸ਼ਾਮਲ ਸਨ, ਨੂੰ ਨਸ਼ਿਆਂ ਦੇ ਖਾਤਮੇ ਲਈ ਛੇੜੀ ਗਈ ਜੰਗ ਦਾ ਪ੍ਰਮੁੱਖ ਹਿੱਸਾ ਬਣਨ ਲਈ ਸਮੂਹਿਕ ਸਹੁੰ ਚੁਕਵਾਈ।



ਜਨ ਸਭਾ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਗੁਰੂਆਂ , ਪੀਰਾਂ, ਫਕੀਰਾਂ ਦੀ ਪਵਿੱਤਰ ਧਰਤੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢਿਆ 'ਯੁੱਧ ਨਸ਼ਿਆਂ ਵਿਰੁੱਧ' ਫੈਸਲਾਕੁੰਨ ਦੌਰ 'ਚ ਪੁੱਜ ਚੁੱਕਾ ਹੈ। ਕਰੀਬ 23 ਹਜ਼ਾਰ ਦੇ ਕਰੀਬ ਤਸਕਰਾਂ ਨੂੰ ਰੰਗੇ ਹੱਥੀ ਦਬੋਚ ਕੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਸਣੇ ਕਰੋੜਾਂ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੇ ਜਾਣ ਨਾਲ ਨਸ਼ਾ ਤਸਕਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਜਾਣ ਲਈ ਵੀ ਮਜਬੂਰ ਹੋ ਰਹੇ ਹਨ।

ਉਨਾਂ ਕਿਹਾ ਕਿ ਮਾਨ ਸਰਕਾਰ ਵਲੋਂ ਨਿਸ਼ਾਨਾ ਮਿੱਥ ਕੇ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਮਿਲ ਰਹੇ ਸਾਰਥਿਕ ਨਤੀਜਿਆਂ ਤੋਂ ਮਾਵਾਂ ਨੂੰ ਆਪਣੇ ਪੁੱਤ, ਭੈਣਾਂ ਨੂੰ ਭਰਾ ਅਤੇ ਪਤਨੀ ਨੂੰ ਆਪਣੇ ਪਤੀ ਦੇ ਨਸ਼ਿਆਂ ਤੋਂ ਬੱਚ ਜਾਣ ਦੀ ਪੱਕੀ ਉਮੀਦ ਬੱਝ ਗਈ ਹੈ।

ਉਨਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਪੰਜਾਬ ਪੁਲਿਸ ਵਲੋਂ ਪ੍ਰਾਪਤੀਆਂ ਦਾ ਵਿਸ਼ੇਸ਼ ਤੌਰ 'ਤੇ ਜਿਕਰ ਕੀਤਾ ਅਤੇ ਕਿਹਾ ਕਿ ਪਹਿਲੀ ਮਾਰਚ ਤੋਂ ਸ਼ੁਰੂ ਹੋਈ ਇਹ ਮੁਹਿੰਮ 151 ਦਿਨ ਪੂਰੇ ਕਰ ਚੁੱਕੀ ਹੈ।

ਕਰੀਬ 23 ਹਜ਼ਾਰ ਤਸਕਰਾਂ ਨੂੰ ਰੰਗੇ ਹੱਥੀ ਗ੍ਰਿਫਤਾਰ ਕਰਕੇ ਨਸ਼ੇ ਆਦਿ ਬਰਾਮਦ ਕੀਤੇ ਜਾ ਚੁੱਕੇ ਹਨ। ਉਨਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਇਸ ਜੰਗ ਨੂੰ ਜਿੱਤਿਆ ਜਾਵੇਗੀ, ਜਿਸ ਲਈ ਉਹ ਲੋਕਾਂ ਨੂੰ ਮਿਲ ਕੇ ਸਾਥ ਦੇਣ ਦੀ ਅਪੀਲ ਕਰ ਰਹੇ ਹਨ।

ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ ਅਤੇ ਵੀਨੂੰ ਕਾਹਲੋਂ ਆਦਿ ਮੌਜੂਦ ਸਨ।

# ਵਧੀਕ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੋਈ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ



**ਫਾਜ਼ਿਲਕਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਸੁਰੱਖਿਆ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਇਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਜਨ.) ਡਾ. ਮਨਦੀਪ ਕੌਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਕੀਤੀ ਗਈ। ਜਿਸ ਵਿੱਚ ਏ.ਟੀ.ਓ ਸੁਖਚਰਨ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਮਨਦੀਪ ਕੌਰ ਨੇ ਪੁਲਿਸ ਅਤੇ ਆਰਟੀਏ ਵਿਭਾਗ ਨੂੰ ਅਣਅਧਿਕਾਰਿਤ ਪਾਰਕਿੰਗ, ਵੱਧ ਸਪੀਡ, ਓਵਰਲੋਡ ਵਾਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਬੱਸਾਂ ਵਿੱਚ ਔਰਤਾਂ ਦੀ ਸੁਰੱਖਿਆਂ ਲਈ ਹੈਲਪਲਾਈਨ ਨੰਬਰ ਲਗਾਇਆ ਜਾਵੇ। ਇਸ ਤੋਂ ਇਲਾਵਾ ਬੱਸਾਂ ਵਿੱਚ ਸ਼ਿਕਾਇਤ ਬਾਕਸ ਵੀ ਲਗਾਇਆ ਜਾਵੇ ਤਾਂ ਜੋ ਲੋਕ ਆਪਣੇ ਸੁਝਾਅ ਅਤੇ ਸ਼ਿਕਾਇਤਾਂ ਦੇ ਸਕਣ।

ਉਨ੍ਹਾਂ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੇਫ ਸਕੂਲ ਵਾਹਨ ਪਾਲਿਸੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਫਾਜ਼ਿਲਕਾ ਸਕੂਲਾਂ ਦੀ ਟਰਾਂਸਪੋਰਟ ਦੀ ਚੈਕਿੰਗ ਕਰੇ ਤੇ ਸਕੂਲ ਵੈਨਾਂ ਦੇ ਡਰਾਈਵਰਾਂ ਦੇ ਰੈਗੂਲਰ ਟੈਸਟ ਕਰਵਾਏ ਜਾਣ ਅਤੇ ਇਸ ਸਬੰਧੀ ਰਿਕਾਰਡ ਵੀ ਮੇਨਟੇਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਲੈਕ ਸਪੋਟਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਥਾਵਾਂ ਤੇ ਸਾਈਨ ਬੋਰਡ/ਲਾਈਟਾਂ ਆਦਿ ਲਗਾਏ ਜਾਣਗੇ ਤਾਂ ਜੋ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਡੀ ਥੋੜ੍ਹੀ ਜਿਹੀ ਲਾਪ੍ਰਵਾਹੀ ਵੱਡੀ ਦੁਰਘਟਨਾ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਾਨੂੰ ਟ੍ਰੈਫਿਕ ਨਿਯਮਾਂ ਨੂੰ ਅਖੋਂ-ਪਰੋਖੇ ਨਹੀਂ ਕਰਨਾ ਚਾਹੀਦਾ। ਉਨ੍ਹਾਂ ਟਰੈਫਿਕ ਵਿਭਾਗ ਦੇ ਇੰਚਾਰਜਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਟਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਵੀ ਯਤਨਸ਼ੀਲ ਰਹਿਣ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਸੜਕੀ ਨਿਯਮਾਂ ਬਾਰੇ ਜਾਗਰੂਕ ਕੀਤਾ ਜਾਵੇ। ਵਾਹਨ ਦੀ ਸਪੀਡ ਘੱਟ ਰੱਖਣ, ਵਹੀਕਲ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ, ਰੈਡ ਲਾਈਟ ਸਮੇਂ ਰੁਕਣਾ, 18 ਸਾਲ ਦੀ ਉਮਰ ਤੋਂ ਬਾਅਦ ਹੀ ਵਹੀਕਲ ਦੀ ਵਰਤੋਂ ਆਦਿ ਬਾਰੇ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਅਗੇ ਕਿਹਾ ਕਿ ਸੜਕਾਂ *ਤੇ ਆਵਾਰਾ ਪਸ਼ੂਆਂ ਦੇ ਹੋਣ ਕਰਕੇ ਵੀ ਹਾਦਸੇ ਹੋ ਜਾਂਦੇ ਹਨ, ਇਸ @ਤੇ ਵੀ ਠੱਲ੍ਹ ਪਾਈ ਜਾਵੇ, ਸੜਕਾਂ @ਤੇ ਸਾਈਨ ਬੋਰਡ ਲੱਗੇ ਹੋਣ ਨੂੰ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਪੁਲਿਸ ਵਿਭਾਗ, ਟ੍ਰੈਫਿਕ ਵਿਭਾਗ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਆਦਿ ਹਾਜ਼ਰ ਸਨ।

# ਭਾਰਤੀ ਯੋਗ ਸੰਸਥਾਨ ਨੇ ਸਵਰਗੀ ਪ੍ਰਕਾਸ਼ ਲਾਲ ਦੀ ਯਾਦ ਵਿੱਚ ਸਮਰਿਤੀ ਦਿਵਸ ਮਨਾਇਆ

**ਅੰਮ੍ਰਿਤਸਰ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਯੋਗ ਸੰਸਥਾਨ ਦੇ ਸਾਧਕਾਂ ਨੇ ਅੱਜ ਪ੍ਰਣ ਕੀਤਾ ਹੈ ਕਿ ਉਹ ਸੰਸਥਾ ਦੇ ਸੰਸਥਾਪਕ ਸਵਰਗੀ ਸ੍ਰੀ ਪ੍ਰਕਾਸ਼ ਲਾਲ ਦੇ ਸੰਕਲਪ ਕਿ ਯੋਗ ਰਾਹੀਂ ਲੋਕਾਂ ਨੂੰ 'ਜੀਓ ਅਤੇ ਜੀਵਨ ਦਿਓ' ਦੀ ਮੁਹਿੰਮ ਨੂੰ ਅਗਾਂਹ ਵਧਾਉਂਦੇ ਰਹਿਣਗੇ। ਇਥੇ ਰਣਜੀਤ ਐਵੇਨਿਊ ਸਥਿਤ ਰਾਧਾ ਕ੍ਰਿਸ਼ਨ ਮੰਦਰ ਵਿੱਚ ਉਨ੍ਹਾਂ ਦੀ ਯਾਦ 'ਚ ਸਮ੍ਰਿਤੀ ਦਿਵਸ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ੍ਰੀ ਪ੍ਰਕਾਸ਼ ਲਾਲ ਦੀ ਤਸਵੀਰ 'ਤੇ ਫੁੱਲ ਭੇਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਅਤੇ ਦੀਪ ਜਗਾ ਕੇ ਕੀਤੀ ਗਈ। ਸੰਸਥਾ ਦੀ ਸਥਾਨਕ ਇਕਾਈ ਦੇ ਸਰਪ੍ਰਸਤ ਵਰਿੰਦਰ ਧਵਨ, ਸੂਬਾਈ ਕਮੇਟੀ ਦੇ ਮੈਂਬਰ ਸਤੀਸ਼ ਮਹਾਜਨ, ਮਨਮੋਹਨ ਕਪੂਰ, ਸਥਾਨਕ ਇਕਾਈ ਦੇ ਜ਼ਿਲ੍ਹਾ ਮੁਖੀਆ ਵਿਚ ਸ਼ਾਮਲ ਮਾਸਟਰ ਮੋਹਨ ਲਾਲ, ਸੁਨੀਲ ਕਪੂਰ, ਪ੍ਰਮੋਦ ਸੋਢੀ ਤੇ ਗਿਰਧਾਰੀ ਲਾਲ ਨੇ ਦੀਪ ਜਗਾਇਆ। ਇਸ ਮੌਕੇ ਸ੍ਰੀਮਤੀ ਸੁਨੀਤਾ ਸੇਠੀ ਨੇ ਭਜਨ ਗਾਇਆ।

ਸ੍ਰੀ ਧਵਨ ਨੇ ਅਭਿਆਸੀਆਂ ਨੂੰ ਸਵਰਗੀ ਪ੍ਰਕਾਸ਼ ਲਾਲ ਨਾਲ ਬਿਤਾਏ ਪਲਾਂ ਅਤੇ ਉਨ੍ਹਾਂ ਦੀਆਂ ਯਾਦਾਂ ਅਤੇ ਯੋਗ ਰਾਹੀਂ ਉਨ੍ਹਾਂ ਵੱਲੋਂ ਕੀਤੇ ਗਏ ਲੋਕ ਭਲਾਈ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸਮੂਹ ਸਾਧਕਾਂ ਨਾਲ ਪ੍ਰਣ ਲਿਆ ਕਿ ਉਹ ਮੁਫ਼ਤ ਯੋਗਾ ਰਾਹੀਂ ਸਵਰਗੀ ਸ੍ਰੀ ਪ੍ਰਕਾਸ਼ ਲਾਲ ਦੇ ਲੋਕ ਭਲਾਈ ਦੇ ਕਾਰਜ ਨੂੰ ਅੱਗੇ ਵਧਾਉਂਦੇ ਰਹਿਣਗੇ। ਇਸ ਮੌਕੇ ਸਾਧਕਾਂ ਨੂੰ ਪ੍ਰਾਣਾਯਾਮ ਅਤੇ ਧਿਆਨ ਸਾਧਨਾ ਦਾ ਅਭਿਆਸ ਕਰਵਾਇਆ ਗਿਆ। ਭਾਰਤੀ ਯੋਗ ਸੰਸਥਾਨ ਦੇ ਸੰਸਥਾਪਕ ਸ੍ਰੀ ਪ੍ਰਕਾਸ਼ ਲਾਲ ਨੇ ਦਿੱਲੀ ਵਿੱਚ ਪਹਿਲਾ ਮੁਫ਼ਤ ਯੋਗ ਸਾਧਨਾ ਕੇਂਦਰ ਸਥਾਪਤ ਕੀਤਾ। ਉਨ੍ਹਾਂ ਦੇ ਦ੍ਰਿੜ ਇਰਾਦੇ, ਨਿਰਸਵਾਰਥ ਜਨ ਭਲਾਈ ਦੀ ਭਾਵਨਾ ਅਤੇ ਸਖ਼ਤ ਮਿਹਨਤ ਕਾਰਨ, ਅੱਜ ਭਾਰਤੀ ਯੋਗ ਸੰਸਥਾਨ ਦੀਆਂ 4000 ਤੋਂ ਵੱਧ ਮੁਫ਼ਤ ਸ਼ਾਖਾਵਾਂ ਦੇਸ਼-ਵਿਦੇਸ਼ ਵਿੱਚ ਚੱਲ ਰਹੀਆਂ ਹਨ।

# ਟੈਂਪੂ ਸਰਹਿੰਦ ਨਹਿਰ ਵਿੱਚ ਡਿੱਗਣ ਨਾਲ 7 ਸ਼ਰਧਾਲੂਆਂ ਦੀ ਮੌਤ, ਤਿੰਨ ਲਾਪਤਾ

**ਮੰਡੀ ਅਹਿਮਦਗੜ੍ਹ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਜਗੇੜਾ ਪੁਲ ਨੇੜੇ ਸਰਹਿੰਦ ਨਹਿਰ ਵਿੱਚ ਟੈਂਪੂ ਡਿੱਗਣ ਨਾਲ ਘੱਟੋ ਘੱਟ 7ਸ਼ਰਧਾਲੂਆਂ ਦੀ ਮੌਤ ਹੋ ਗਈ ਜਦੋਂ ਕਿ3-4 ਸ਼ਰਧਾਲੂ ਹਾਲੀਂ ਵੀ ਲਾਪਤਾ ਹਨ। ਹਾਦਸੇ ਕਾਰਨ ਮਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਮਾਨਕਵਾਲ ਵਿੱਖੇ ਸੋਗ ਦੀ ਲਹਿਰ ਦੌੜ ਗਈ ਕਿਉਂਕਿ ਸਾਰੇ ਪੀੜਤ ਇਸੇ ਪਿੰਡ ਤੋਂ ਹਨ।



ਮ੍ਰਿਤਕਾਂ ਦੀ ਪਛਾਣ ਮਨਜੀਤ ਕੌਰ (58), ਜਰਨੈਲ ਸਿੰਘ (55), ਅਕਾਸ਼ਦੀਪ ਸਿੰਘ (8) ਤੇ ਸੁਖਮਨ ਕੌਰ (ਡੇਢ ਸਾਲ) ਵਜੋਂ ਹੋਈ ਹੈ। ਦਲਿਤ ਪਰਿਵਾਰਾਂ ਨਾਲ ਸਬੰਧਤ ਇਹ ਵਿਅਕਤੀ ਛੋਟਾ ਹਾਥੀ ਟੈਂਪੂ (ਪੀਬੀ 5ਏ ਐਨ 5072) ਰਾਹੀਂ ਨੈਣਾ ਦੇਵੀ ਤੋਂ ਵਾਪਸ ਆ ਰਹੇ ਸਨ। ਇਸ ਦੌਰਾਨ ਟੈਂਪੂ ਬੀਤੀ ਰਾਤ ਜਗੇੜਾ ਪੁਲ ਨੇੜੇ ਸਰਹਿੰਦ ਨਹਿਰ ਵਿੱਚ ਡਿੱਗ ਗਿਆ ਜਿਸ ਕਾਰਨ ਲਗਭਗ ਦਸ ਵਿਅਕਤੀਆਂ ਦੇ ਡੁੱਬਣ ਦਾ ਖਦਸਾ ਬਣਿਆ ਹੋਇਆ ਸੀ।

ਡੀਸੀ ਲੁਧਿਆਣਾ ਹਿਮਾਂਸ਼ੂ ਜੈਨ ਤੇ ਐਸਐਸਪੀ ਖੰਨਾ ਡਾ. ਜਯੋਤੀ ਯਾਦਵ ਦੀ ਰਹਿਨੁਮਾਈ ਹੇਠ ਚੱਲੇ ਰਾਹਤ ਤੇ ਬਚਾਅ ਕਾਰਜਾਂ ਦੌਰਾਨ 20 ਸਵਾਰਾਂ ਨੂੰ ਬਚਾਉਣ ਦਾ ਦਾਅਵਾ ਕੀਤਾ ਗਿਆ ਸੀ, ਪਰ ਬਾਅਦ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਸਿਵਲ ਹਸਪਤਾਲ ਡੇਹਲੋਂ ਦੇ ਡਾਕਟਰਾਂ ਨੇ ਬਚਾਏ ਗਏ ਘੱਟੋ-ਘੱਟ ਚਾਰ ਪੀੜਤਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਮਾਨਕਵਾਲ ਪਿੰਡ ਦੇ ਵਸਨੀਕਾਂ ਨੇ ਦੱਸਿਆ ਕਿ ਬਚਾਅ ਕਾਰਜ ਜਾਰੀ ਰਹਿਣ ਦੌਰਾਨ ਇੱਕ ਛੋਟੀ ਕੁੜੀ ਤੋਂ ਇਲਾਵਾ ਪੰਜ ਹੋਰ ਵਿਅਕਤੀ ਅਜੇ ਵੀ ਲਾਪਤਾ ਹਨ। ਰਾਹਤ ਕਾਰਜਾਂ ਵਿੱਚ ਔਕੜਾਂ ਇਸ ਕਾਰਨ ਵੀ ਆ ਰਹੀਆਂ ਹਨ ਕਿ ਕਿਸੇ ਵੀ ਪਿੰਡ ਵਾਸੀ ਜਾਂ ਪੀੜਤ ਪਰਿਵਾਰ ਨੂੰ ਟੈਂਪੂ ਵਿੱਚ ਸਵਾਰ ਕੁੱਲ ਸਵਾਰੀਆਂ ਦੀ ਗਿਣਤੀ ਬਾਰੇ ਨਹੀਂ ਪਤਾ ਸੀ।

# ਬੱਸ ਤੇ ਟਿੱਪਰ ਦੀ ਭਿਆਨਕ ਟੱਕਰ, 19 ਜ਼ਖ਼ਮੀ

**ਖੰਨਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੀਜਾ ਦੇ ਚੌਕ ਵਿੱਖੇ ਇੱਕ ਬੱਸ ਅਤੇ ਟਿਪਰ ਦੀ ਟੱਕਰ ਹੋ ਗਈ, ਜਿਸ ਦੌਰਾਨ ਮਿੰਨੀ ਬੱਸ ਵਿੱਚ ਸਵਾਰ 19 ਸਵਾਰੀਆਂ ਜ਼ਖ਼ਮੀ ਹੋ ਗਈਆਂ। ਬੱਸ ਵਿੱਚ 25 ਦੇ ਕਰੀਬ ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ।



ਜਾਣਕਾਰੀ ਮੁਤਾਬਕ ਇਹ ਹਾਦਸਾ ਸਵੇਰੇ ਕਰੀਬ 6.40 ਵਜੇ @ਤੇ ਵਾਪਰਿਆ, ਜਦੋਂ ਕੌਰ ਸੈਨ ਧਾਗਾ ਫੈਕਟਰੀ ਦੀ ਮਿੰਨੀ ਬੱਸ ਖੰਨਾ ਅਤੇ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਤੋਂ ਲੇਬਰ ਮੈਂਬਰਾਂ ਨੂੰ ਲੈ ਕੇ ਫੈਕਟਰੀ ਵੱਲ ਜਾ ਰਹੀ ਸੀ ਤਾਂ ਬੀਜਾ ਚੌਕ ਨੇੜੇ ਸਮਰਾਲਾ ਰੋਡ ਤੋਂ ਆ ਰਹੇ ਟਿੱਪਰ ਨਾਲ ਟਕਰਾਉਣ ਕਾਰਨ ਬੱਸ ਸੜਕ @ਤੇ ਪਲਟ ਗਈ।

ਮੌਕੇ 'ਤੇ ਪਹੁੰਚੀ ਪੁਲੀਸ ਨੇ ਰਾਹਗੀਰਾਂ ਦੀ ਮਦਦ ਦੇ ਨਾਲ ਤੁਰੰਤ ਸਵਾਰੀਆਂ ਨੂੰ ਬਾਹਰ ਕੱਢਿਆ ਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਜ਼ਖ਼ਮੀਆਂ ਵਿੱਚੋਂ ਕਈਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਹਾਦਸੇ ਤੋਂ ਬਾਅਦ ਟਿਪਰ ਚਾਲਕ ਮੌਕੇ ਤੋਂ ਫ਼ਰਾਰ ਹੈ। ਪੁਲੀਸ ਨੇ ਮਾਮਲਾ ਦਰਜ ਕਰ ਲਿਆ @ਤੇ ਜਾਂਚ ਜਾਰੀ ਹੈ।

# ਸਰਹੱਦ ਪਾਰ ਤਸਕਰੀ ਰੋਕਣ ਸਬੰਧੀ ਕਾਰਵਾਈ ਬੀਐੱਸਐੱਫ ਵੱਲੋਂ ਡਰੋਨ ਅਤੇ ਹੈਰੋਇਨ ਬਰਾਮਦ

**ਅੰਮ੍ਰਿਤਸਰ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਹੱਦ ਪਾਰ ਤੋਂ ਤਸਕਰੀ ਨੂੰ ਰੋਕਣ ਸਬੰਧੀ ਇੱਕ ਵੱਡੀ ਕਾਰਵਾਈ ਬੀਐੱਸਐੱਫ ਨੇ ਅੱਜ ਦੋ ਵੱਖ-ਵੱਖ ਥਾਵਾਂ ਤੋਂ ਛੇ ਡਰੋਨ ਹੈਰੋਇਨ, ਹਥਿਆਰਾਂ ਦੇ ਪੁਰਜੇ ਅਤੇ ਦੋ ਕਥਿਤ ਤਸਕਰ ਕਾਬੂ ਕੀਤੇ ਹਨ। ਬੀਐੱਸਐੱਫ ਅਧਿਕਾਰੀ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਹੱਦ ਤੇ ਤਾਇਨਾਤ ਬੀਐੱਸਐੱਫ ਦੇ ਚੌਕਸ ਜਵਾਨਾਂ ਨੇ ਅੱਜ ਸਾਂਝੇ ਅਪਰੇਸ਼ਨ ਤਹਿਤ ਅੰਮ੍ਰਿਤਸਰ ਅਤੇ ਤਰਨ ਤਾਰਨ ਸਰਹੱਦੀ ਖੇਤਰ ਵਿੱਚ ਵੱਖ-ਵੱਖ ਘਟਨਾਵਾਂ ਵਿੱਚ ਹੈਰੋਇਨ, ਹਥਿਆਰ, ਡਰੋਨ ਅਤੇ ਦੋ ਤਸਕਰ ਕਾਬੂ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਘੰਟਿਆਂ ਦੌਰਾਨ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਰੋੜਾਂਵਾਲਾ ਖੁਰਦ, ਧਨੋਏ ਕਲਾਂ ,ਭੈਣੀ ਰਾਜਪੂਤਾਂ ਅਤੇ ਦਾਊਕੇ ਵਿੱਚ ਕੀਤੀ ਕਾਰਵਾਈ ਦੌਰਾਨ ਛੇ ਡਰੋਨ, ਜਿਨਾਂ ਵਿੱਚ ਪੰਜ ਡਰੋਨ ਡੀਜੇਆਈ ਮੈਵਿਕ-3 ਸ਼੍ਰੇਣੀ ਅਤੇ ਇੱਕ



ਡਰੋਨ ਡੀਜੀਆਈ ਏਅਰ-3 ਏਐੱਸ ਸ਼੍ਰੇਣੀ ਨਾਲ ਸਬੰਧਿਤ ਹੈ, ਨੂੰ ਬੇਅਸਰ ਕਰਕੇ ਹੇਠਾਂ ਡੇਗਿਆ ਹੈ। ਇਨਾਂ ਡਰੋਨਾਂ ਦੇ ਰਾਹੀਂ ਆਈ ਇਕ ਕਿਲੋ 73 ਗਰਾਮ ਹੈਰੋਇਨ, ਪਿਸਤੌਲ ਦੇ ਪੁਰਜੇ ਅਤੇ ਖਾਲੀ ਮੈਗਜ਼ੀਨ ਬਰਾਮਦ ਕੀਤੀ ਹੈ।

# ਸੁਨਹਿਰੀ ਭਵਿੱਖ ਲਈ ਦੁਬਈ ਗਏ ਮਜੀਠਾ ਦੇ ਨੌਜਵਾਨ ਦੀ ਲਾਸ਼ ਵਤਨ ਪਰਤੀ



**ਮਜੀਠਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਜੀਠਾ ਨੇੜਲੇ ਪਿੰਡ ਭੰਗਵਾਂ ਨਾਲ ਸਬੰਧਿਤ 30 ਸਾਲਾ ਨੌਜਵਾਨ ਗੁਰਜੰਟ ਸਿੰਘ ਦੀ ਮ੍ਰਿਤਕ ਦੇਹ ਵਤਨ ਭੇਜ ਦਿੱਤੀ ਗਈ ਹੈ। ਦੇਰ ਰਾਤ ਗੁਰਜੰਟ ਸਿੰਘ ਦੀ ਮ੍ਰਿਤਕ ਦੇਹ ਦੁਬਈ ਤੋਂ ਸ੍ਰੀ ਰਾਮਦਾਸ ਕੌਮੀ ਹਵਾਈ ਅੱਡੇ ਵਿਖੇ ਲਿਆਂਦੀ ਗਈ, ਜਿੱਥੋਂ ਇਸ ਲਾਸ਼ ਨੂੰ ਸਰਬੱਤ ਦਾ ਭਲਾ ਟਰੱਸਟ ਦੀ ਐਂਬੂਲੈਂਸ ਸੇਵਾ ਰਾਹੀਂ ਘਰ ਭੇਜਿਆ ਗਿਆ।ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੂਬਾ ਪ੍ਰਧਾਨ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਗੁਰਜੰਟ ਸਿੰਘ ਪੁੱਤਰ ਪਿਆਰਾ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਲਈ ਕਰੀਬ ਪਿਛਲੇ 6 ਸਾਲ ਪਹਿਲਾਂ ਦੁਬਈ ਗਿਆ ਸੀ। ਦੁਬਈ ਵਿੱਖੇ ਉਹ ਮਿਹਨਤ ਮਜ਼ਦੂਰੀ ਕਰ ਰਿਹਾ ਸੀ।ਉਨ੍ਹਾਂ ਦੱਸਿਆ ਕਿ ਪਰਿਵਾਰ ਮੁਤਾਬਿਕ ਸਿਹਤ ਖ਼ਰਾਬ ਹੋਣ @ਤੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦਿਮਾਗ ਦੀ ਨਾੜੀ ਫਟਣ ਕਾਰਨ 24 ਜੁਲਾਈ ਦੀ ਰਾਤ ਉਸਦੀ ਮੌਤ ਹੋ ਗਈ ਸੀ।

ਉਨ੍ਹਾਂ ਦੱਸਿਆ ਕਿ ਬੀਤੀ ਦੇਰ ਰਾਤ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜਤ ਪਰਿਵਾਰ ਦੀ ਹਾਜ਼ਰੀ @ਚ ਟਰੱਸਟ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ @ਮੁਫ਼ਤ ਐਂਬੂਲੈਂਸ ਸੇਵਾ@ ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਦਾ ਮ੍ਰਿਤਕ ਸਰੀਰ ਭਾਰਤ ਭੇਜਣ @ਤੇ ਆਇਆ ਖਰਚ ਆਦਿ ਉਸ ਦੀ ਬੀਮਾ ਕੰਪਨੀ ਵੱਲੋਂ ਕੀਤਾ ਗਿਆ ਹੈ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ ਗੁਰਜੰਟ ਆਪਣੇ ਪਿੱਛੇ ਬਜ਼ੁਰਗ ਮਾਪਿਆਂ ਤੋਂ ਇਲਾਵਾ ਆਪਣੀ ਪਤਨੀ, ਦੋ ਸਾਲਾ ਪੁੱਤਰ ਅਤੇ ਆਪਣੀਆਂ ਤਿੰਨ ਭੈਣਾਂ ਨੂੰ ਰੋਂਦਿਆਂ ਛੱਡ ਗਿਆ ਹੈ।

# ਚਾਰ ਜਣੇ ਹਥਿਆਰਾਂ ਸਮੇਤ ਕਾਬੂ

**ਅੰਮ੍ਰਿਤਸਰ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਜੀਪੀ ਗੌਰਵ ਯਾਦਵ ਨੇ 'ਐਕਸ' ਉੱਤੇ ਇਕ ਪੋਸਟ ਵਿਚ ਦੱਸਿਆ ਕਿ ਪੁਲੀਸ ਨੇ ਇਸ ਆਪਰੇਸ਼ਨ ਦੌਰਾਨ ਅੱਠ ਪਿਸਤੌਲ ਬਰਾਮਦ ਕੀਤੇ ਹਨ। ਇਨ੍ਹਾਂ ਵਿੱਚ ਪੰਜ ਪਿਸਤੌਲ ਪੁਆਇੰਟ 30 ਕੈਲੀਬਰ ਦੇ ਅਤੇ ਤਿੰਨ ਨੌਂ ਐਮਐਮ ਕੈਲੀਬਰ ਦੇ ਹਨ। ਇਸ ਤੋਂ ਇਲਾਵਾ ਮੈਗਜ਼ੀਨ ਵੀ ਬਰਾਮਦ ਕੀਤੇ ਹਨ। ਇਸ ਸਬੰਧ ਵਿੱਚ ਥਾਣਾ ਘਰਿੰਡਾ ਵਿਚ ਕੇਸ ਦਰਜ ਕੀਤਾ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ। ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੇ ਸੰਪਰਕ ਸੂਤਰਾਂ ਅਤੇ ਸਮੁੱਚੇ ਨੈਟਵਰਕ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਰਹੱਦ ਪਾਰ ਹਥਿਆਰ ਤਸਕਰੀ ਨਾਲ ਸਬੰਧਤ ਮਾਮਲਾ ਹੈ।

# ਰਾਜ ਸਰਕਾਰ ਨੇ ਆਮ ਆਦਮੀ ਕਲੀਨਿਕਾਂ 'ਚ ਐਂਟੀ ਰੇਬੀਜ ਵੈਕਸੀਨ ਉਪਲੱਬਧ ਕਰਵਾਈ : ਰਮਨ ਬਹਿਲ

**ਗੁਰਦਾਸਪੁਰ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਾਨਵਰਾਂ ਦੇ ਕੱਟਣ ਕਾਰਨ ਹੋਣ ਵਾਲੀ ਬਿਮਾਰੀ 'ਰੈਬੀਜ' ਤੋਂ ਬਚਾਅ ਲਈ ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਵਿੱਚ ਐਂਟੀ-ਰੇਬੀਜ਼ ਵੈਕਸੀਨ ਦੀ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਹੈ। ਇਸ ਜਨਤਕ ਸਿਹਤ ਪਹਿਲਕਦਮੀ ਦਾ ਉਦੇਸ਼ ਰੇਬੀਜ ਦੇ ਫੈਲਣ ਨੂੰ ਰੋਕਣਾ ਤੇ ਸਾਰੇ ਜਾਨਵਰਾਂ ਦੇ ਕੱਟਣ ਵਾਲੇ ਪੀੜਤਾਂ ਨੂੰ ਸਮੇਂ ਸਿਰ ਦੇਖਭਾਲ ਪ੍ਰਦਾਨ ਕਰਨਾ ਹੈ।

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਰੈਬੀਜ ਤੋਂ ਬਚਾਅ ਲਈ ਐਂਟੀ-ਰੇਬੀਜ਼ ਵੈਕਸੀਨ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਜਾਨਵਰ ਦੇ ਕੱਟਣ ਤੋਂ ਬਾਅਦ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਲੋੜ ਹੁੰਦੀ ਹੈ ਅਤੇ ਹੁਣ ਮਰੀਜ਼ਾਂ ਨੂੰ ਆਮ ਆਦਮੀ ਕਲੀਨਿਕਾਂ ਦੇ ਸਟਾਫ਼ ਦੁਆਰਾ ਰੈਬੀਜ਼ ਵਿਰੋਧੀ ਟੀਕਾਕਰਨ ਸ਼ਡਿਊਲ ਨੂੰ ਪੂਰਾ ਕਰਨ ਦੇ ਜੀਵਨ-ਰੱਖਿਅਕ ਮਹੱਤਵ ਬਾਰੇ ਜਾਗਰੂਕ ਕੀਤਾ ਜਾਵੇਗਾ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਜਾਨਵਰ ਦੇ ਕੱਟਣ ਦੇ ਪਹਿਲੇ ਦਿਨ, ਤੀਸਰੇ, ਸੱਤਵੇਂ ਤੇ 28ਵੇਂ ਦਿਨ ਟੀਕਾਕਰਨ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਰੇ ਆਮ ਆਦਮੀ ਕਲੀਨਿਕਾਂ ▼ਤੇ ਇਹ ਇਲਾਜ ਮੁਫ਼ਤ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਐਂਟੀ-ਰੇਬੀਜ਼ ਵੈਕਸੀਨ (ਏਆਰਵੀ) ਇੱਕ ਮਹੱਤਵਪੂਰਨ ਦਖਲ ਹੈ ਜੋ ਰੇਬੀਜ਼ ਨੂੰ ਰੋਕਦਾ ਹੈ। ਇਹ ਰੋਗ 100 ਫੀਸਦੀ ਜਾਨਲੇਵਾ ਪਰ 100 ਫੀਸਦੀ ਰੋਕਥਾਮਯੋਗ ਹੈ। ਜੇ ਜਲਦੀ ਇਲਾਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ ਲੋੜੀਂਦੇ ਟੀਕੇ



ਦਾ ਪੂਰਾ ਭੰਡਾਰ ਅਤੇ ਸਿਖਲਾਈ ਪ੍ਰਾਪਤ ਮੈਡੀਕਲ ਸਟਾਫ ਤਾਇਨਾਤ ਹੈ, ਤਾਂ ਜੋ ਸੁਚਾਰੂ, ਤੇਜ਼ ਅਤੇ ਪ੍ਰਭਾਵਸ਼ਾਲੀ ਇਲਾਜ ਡਿਲੀਵਰੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਯਤਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਫਲੈਗਸਿਪ ਪ੍ਰੋਗਰਾਮ ਆਮ ਆਦਮੀ ਕਲੀਨਿਕਸ ਪਹਿਲਕਦਮੀ ਤਹਿਤ ਇੱਕ ਵਿਆਪਕ ਸਿਹਤ ਸੰਭਾਲ ਸੁਧਾਰ ਦਾ ਹਿੱਸਾ ਹੈ।

ਰੇਬੀਜ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਾ. ਸੁਖਦੀਪ ਸਿੰਘ ਭਾਗੋਵਾਲੀਆ ਨੇ ਦੱਸਿਆ ਕਿ ਘਾਤਕ ਜ਼ੂਨੋਟਿਕ ਬਿਮਾਰੀ, ਰੇਬੀਜ ਵਾਇਰਸ ਨਾਲ ਸੰਕਰਮਿਤ ਜਾਨਵਰਾਂ ਦੇ ਕੱਟਣ ਨਾਲ ਫੈਲਦੀ ਹੈ, ਜਿਸਦਾ ਲੋਕਾਂ ਦੀ ਸਿਹਤ ਲਈ ਵੱਡਾ ਜੋਖਮ ਹੈ। ਉਨ੍ਹਾਂ ਕਿਹਾ ਕਿ ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਰੇਬੀਜ਼ ਸਿਰਫ ਕੁੱਤੇ ਦੇ ਕੱਟਣ ਨਾਲ ਫੈਲ ਸਕਦਾ ਹੈ, ਹਾਲਾਂਕਿ ਇਸਦੇ ਉਲਟ ਇਹ ਬਿਮਾਰੀ ਕੁੱਤਿਆਂ ਤੱਕ ਹੀ ਸੀਮਿਤ ਨਹੀਂ, ਸਗੋਂ ਇਹ ਬਿੱਲੀਆਂ, ਬਾਂਦਰਾਂ, ਬੱਕਰੀਆਂ, ਚਮਗਿੱਦੜਾਂ ਸਮੇਤ ਵੱਖ-ਵੱਖ ਜਾਨਵਰਾਂ ਦੇ ਕੱਟਣ ਨਾਲ ਵੀ ਹੋ ਸਕਦੀ ਹੈ। ਇਹ ਵਾਇਰਸ ਸੰਕ੍ਰਮਿਤ ਜਾਨਵਰਾਂ ਦੀ ਲਾਰ ਵਿਚ ਰਹਿੰਦਾ ਹੈ ਅਤੇ ਜਾਨਵਰਾਂ ਦੇ ਕੱਟਣ ਜਾਂ ਜ਼ਖ਼ਮਾਂ ਰਾਹੀਂ ਮਨੁੱਖਾਂ ਵਿਚ ਦਾਖਲ ਹੁੰਦਾ ਹੈ।

ਡਾ. ਭਾਗੋਵਾਲੀਆ ਨੇ ਕਿਹਾ ਕਿ ਜੇਕਰ ਤੁਹਾਨੂੰ ਕਿਸੇ ਜਾਨਵਰ ਨੇ ਕੱਟ ਲਿਆ ਹੈ ਜਾਂ ਤੁਹਾਨੂੰ ਰੇਬੀਜ ਦੇ ਸੰਕ੍ਰਮਣ ਦਾ ਸ਼ੱਕ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਲਓ ਅਤੇ ਰੇਬੀਜ ਦਾ ਟੀਕਾ ਲਗਵਾਓ। ਉਨ੍ਹਾਂ ਆਮ ਲੋਕਾਂ ਨੂੰ ਦੇਸੀ-ਨੁਸਖਿਆਂ ਦੀ ਬਜਾਏ ਸਹੀ ਇਲਾਜ ਕਰਵਾਉਣ ਦੀ ਸਲਾਹ ਦਿੰਦੇ ਕਿਹਾ ਕਿ ਕੁੱਤੇ ਜਾਂ ਕਿਸੇ ਹੋਰ ਜਾਨਵਰ ਦੇ ਕੱਟਣ ਤੇ ਜ਼ਖਮ ਤੇ ਮਿਰਚਾਂ ਆਦਿ ਨਹੀਂ ਲਗਾਉਣੀਆਂ ਚਾਹੀਦੀਆਂ। ਅਜਿਹਾ ਕਰਨ ਨਾਲ ਬਿਮਾਰੀ ਘਾਤਕ ਹੋ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਨੇ ਆਪਣੇ ਘਰਾਂ ਵਿਚ ਪਾਲਤੂ ਕੁੱਤੇ ਰੱਖੇ ਹੋਏ ਹਨ, ਉਹ ਉਨ੍ਹਾਂ ਦਾ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਕੁੱਤੇ ਦੇ ਕੱਟਣ 'ਤੇ ਲੋਕਾਂ ਨੂੰ ਹਲਕਾਅ ਦੀ ਬਿਮਾਰੀ ਤੋਂ ਬਚਾਇਆ ਜਾ ਸਕੇ।

ਡਾ. ਭਾਗੋਵਾਲੀਆ ਨੇ ਦੱਸਿਆ ਕਿ ਰੈਬੀਜ ਦੀਆਂ ਨਿਸ਼ਾਨੀਆਂ ਅਤੇ ਲੱਛਣ ਰੈਬੀਜ ਦੇ ਸ਼ੁਰੂਆਤੀ ਲੱਛਣਾਂ ਵਿਚ ਬੁਖਾਰ, ਸਿਰ ਦਰਦ, ਘਬਰਾਹਟ, ਉਲਟੀਆਂ ਅਤੇ ਆਮ ਕਮਜ਼ੋਰੀ ਹੋ ਸਕਦੇ ਹਨ। ਜਿਉਂ-ਜਿਉਂ ਇਹ ਵਾਇਰਸ ਫੈਲਦਾ ਹੈ ਤਾਂ ਹੋਰ ਲੱਛਣ ਪੈਦਾ ਹੋਣ ਲੱਗਦੇ ਹਨ। ਜਿਵੇਂ ਉਲਝਣ, ਬੇਚੈਨੀ, ਆਵਾਜ਼ ਅਤੇ ਪਾਣੀ ਤੋਂ ਡਰ ਲੱਗਣਾ, ਦੰਦਲਾ ਪੈਣੀਆਂ, ਭਰਮ, ਨਿਗਲਣ ਵਿਚ ਮੁਸ਼ਕਿਲ, ਬਹੁਤ ਜ਼ਿਆਦਾ ਲਾਰ, ਅਧਰੰਗ ਅਤੇ ਅੰਤ ਵਿੱਚ ਮੌਤ ਹੈ। ਉਨ੍ਹਾਂ ਕਿਹਾ ਕਿ ਰੈਬੀਜ ਤੋਂ ਬਚਾਅ ਦੇ ਕਦਮ ਕੋਈ ਵੀ ਜਾਨਵਰ ਜੋ ਬਿਮਾਰ ਜਾਂ ਜ਼ਖਮੀ ਦਿਖਾਈ ਦਿੰਦਾ ਹੈ, ਦੇ ਸੰਪਰਕ ਚ ਆਉਣ ਤੋਂ ਬਚੋ। ਆਪਣੇ ਪਾਲਤੂ ਜਾਨਵਰਾਂ ਨੂੰ ਨਿਯਮਿਤ ਤੌਰ 'ਤੇ ਰੇਬੀਜ਼ ਦੇ ਟੀਕੇ ਲਵਾਓ। ਅਵਾਰਾ ਪਸ਼ੂਆਂ ਨੂੰ ਨਾ ਛੂਹੋ, ਜਾਨਵਰਾਂ ਦੇ ਕੱਟਣ ਵਾਲੀ ਥਾਂ ਨੂੰ ਤੁਰੰਤ ਸਾਬਣ ਅਤੇ ਪਾਣੀ ਨਾਲ ਘੱਟੋ-ਘੱਟ 15 ਮਿੰਟ ਧੋਵੋ।

# ਤਿੰਨ ਮੁਲਜ਼ਮਾਂ 'ਚੋਂ ਇੱਕ ਮੋਟਰਸਾਈਕਲ ਸਮੇਤ ਕਾਬੂ, ਦੋ ਦਿਨਾਂ ਪੁਲਿਸ ਰਿਮਾਂਡ 'ਤੇ

**ਸਮਾਣਾ, 3 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਦਰਸ਼ਨੀ ਕੌਰ ਪਤਨੀ ਕ੍ਰਿਸ਼ਨਾ ਵਾਸੀ ਪਿੰਡ ਮਰਦਾਂਹੇੜੀ ਤੋਂ ਪਰਸ ਖੋਹ ਕੇ ਫਰਾਰ ਹੋਣ ਦੇ ਮਾਮਲੇ ਵਿੱਚ ਪੁਲਿਸ ਨੇ ਤਿੰਨ ਨਾਮਜ਼ਦਾਂ ਵਿੱਚੋਂ ਇੱਕ ਮੁਲਜ਼ਮ ਮੋਨੂੰ ਪੁੱਤਰ ਰਮੇਸ਼ ਵਾਸੀ ਮੋਤੀਆ ਬਾਜ਼ਾਰ, ਸਮਾਣਾ ਨੂੰ ਵਾਰਦਾਤ ਵਿੱਚ ਵਰਤੇ ਗਏ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਹੈ, ਜਦਕਿ ਬਾਕੀ ਦੋ ਮੁਲਜ਼ਮ ਅਜੇ ਫਰਾਰ ਹਨ।ਮਾਮਲੇ ਸਬੰਧੀ ਡੀ.ਐਸ.ਪੀ. ਸਮਾਣਾ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਬਰਾਮਦ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਚੋਰੀ ਦਾ ਨਿਕਲਿਆ। ਮੁਲਜ਼ਮ ਅਨੁਸਾਰ ਉਨ੍ਹਾਂ ਨੇ ਇਹ ਮੋਟਰਸਾਈਕਲ ਕਾਲੀ ਮਾਤਾ ਮੰਦਰ, ਪਟਿਆਲਾ ਦੇ ਪਾਰਕ ਵਿੱਚੋਂ ਚੋਰੀ ਕੀਤਾ ਸੀ।

ਵਾਰਦਾਤ ਵਿੱਚ ਨਾਮਜ਼ਦ ਹੋਰ ਮੁਲਜ਼ਮ ਲਵਲੀ ਪੁੱਤਰ ਮਹਿੰਦਰ ਵਾਸੀ ਨੇੜੇ ਸ਼ਨੀ ਮੰਦਰ, ਮੋਤੀਆ ਬਾਜ਼ਾਰ ਸਮਾਣਾ ਅਤੇ ਕਰਨ ਪੁੱਤਰ ਰਾਕੇਸ਼ ਵਾਸੀ ਮੁਹੱਲਾ ਨੀਲਗੜ੍ਹ ਸਮਾਣਾ ਅਜੇ ਪੁਲਿਸ ਦੀ ਗ੍ਰਿਫ਼ਤ ਵਿੱਚ ਨਹੀਂ ਆਏ ਹਨ। ਅਧਿਕਾਰੀ ਅਨੁਸਾਰ ਮੁਲਜਮ ਨੂੰ ਹੋਰ ਪੁੱਛਗਿੱਛ ਲਈ ਮਾਨਯੋਗ ਅਦਾਲਤ 0ਚ ਪੇਸ਼ ਕਰ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ।

## ਤਰਨਤਾਰਨ ਫੇਕ ਐਨਕਾਊਂਟਰ ਮਾਮਲੇ 'ਚ 5 ਤਤਕਾਲੀ ਪੁਲਸ ਅਧਿਕਾਰੀ ਦੋਸ਼ੀ ਕਰਾਰ

ਮੋਹਾਲੀ 3 ਅਗਸਤ। ਮੋਹਾਲੀ ਅਦਾਲਤ ਨੇ 1993 'ਚ ਤਰਨਤਾਰਨ 'ਚ ਹੋਏ ਇਕ ਫੇਕ ਐਨਕਾਊਂਟਰ ਦੇ ਮਾਮਲੇ ਵਿੱਚ ਪੰਜ ਤਤਕਾਲੀ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਹ ਫੈਸਲਾ 32 ਸਾਲਾਂ ਬਾਅਦ ਆਇਆ ਹੈ। ਅਦਾਲਤ ਵੱਲੋਂ ਤਤਕਾਲੀ ਐਸਐਸਪੀ ਭੁਪਿੰਦਰਜੀਤ ਸਿੰਘ, ਤਤਕਾਲੀ ਡੀਐਸਪੀ ਦਵਿੰਦਰ ਸਿੰਘ, ਤਤਕਾਲੀ ਇੰਸਪੈਕਟਰ ਸੂਬਾ ਸਿੰਘ, ਥਾਣੇਦਾਰ ਗੁਲਬਰਗ ਸਿੰਘ ਅਤੇ ਥਾਣੇਦਾਰ ਰਘਬੀਰ ਸਿੰਘ ਨੂੰ ਧਾਰਾ 302, 201, 218 ਅਤੇ 120 ਵਿੱਚ ਦੋਸ਼ੀ ਕਰਾਰ ਦਿੰਦੇ ਆ ਜੇਲ ਭੇਜ ਦਿੱਤਾ ਗਿਆ ਹੈ। ਇਸ ਮਾਮਲੇ 'ਚ 4 ਅਗਸਤ ਨੂੰ ਪੰਜਾਂ ਪੁਲਸ ਵਾਲਿਆਂ ਨੂੰ ਸਜ਼ਾ ਸੁਣਾਈ ਜਾਵੇਗੀ। ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 32 ਸਾਲਾਂ ਬਾਅਦ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲਿਆ ਹੈ। ਪੀੜਤਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਉਹ ਚਾਰ ਅਗਸਤ ਨੂੰ ਅੱਗੇ ਬੇਨਤੀ ਕਰਨ ਅੱਗੇ ਕਿ ਸੱਤ ਜਣਿਆਂ ਦੀ ਮੌਤ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਇਸ ਤੋਂ ਇਲਾਵਾ ਇੱਕ ਹੋਰ ਅਧਿਕਾਰੀ ਦਾ ਨਾਂ ਵੀ ਇਸ 'ਚ ਸ਼ਾਮਲ ਹੈ। ਇਹ ਕੇਸ ਕਾਫ਼ੀ ਸਮੇਂ ਤੋਂ ਮੋਹਾਲੀ ਅਦਾਲਤ 'ਚ ਚੱਲ ਰਿਹਾ ਸੀ ਅਤੇ ਅੱਜ ਇਸ 'ਤੇ ਵੱਡਾ ਫੈਸਲਾ ਸੁਣਾਇਆ ਗਿਆ ਹੈ।

## ਤਰਨਤਾਰਨ ਹਸਪਤਾਲ ਦਾ ਸਿਹਤ ਮੰਤਰੀ ਨੇ ਕੀਤਾ ਦੌਰਾ, ਸੁਰੱਖਿਆ ਨੂੰ ਲੈ ਕੇ ਉੱਠੇ ਕਈ ਸਵਾਲ

ਤਰਨਤਾਰਨ 3 ਅਗਸਤ। ਜ਼ਿਲ੍ਹਾ ਪੱਧਰੀ ਸਿਵਲ ਹਸਪਤਾਲ ਤਰਨਤਰਨ ਵਿਖੇ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਵਲੋਂ ਹਸਪਤਾਲ ਵਿੱਚ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਦਾ ਸਵਾਗਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੁਲ ਅਤੇ ਸਿਵਿਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਵੱਖ-ਵੱਖ ਅਵਾਰਡਾਂ ਆਕਸੀਜਨ ਪਲਾਂਟ ਆਪਰੇਸ਼ਨ ਥਿਏਟਰ ਗਾਇਨੀ ਵਾਰਡ ਦਾ ਦੌਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਿਹਤ ਮੰਤਰੀ ਦੀ ਇਸ ਆਮਦ ਨੂੰ ਲੈ ਕੇ ਪੁਲਸ ਦੇ ਸੁਰੱਖਿਆ ਪ੍ਰਬੰਧ ਕਾਫੀ ਢਿੱਲੇ ਨਜ਼ਰ ਆਏ। ਪੁਲਸ ਵੱਲੋਂ ਮੈਟਲ ਡਿਟੈਕਟਰ ਲਿਆ ਕੇ ਸਿਵਲ ਹਸਪਤਾਲ ਵਿੱਚ ਲਗਾਉਣ ਦੀ ਬਜਾਏ ਉਸੇ ਸਮੇਂ ਟਰੱਕ ਵਿੱਚ ਲੱਦ ਲਏ ਗਏ। ਸਿਹਤ ਮੰਤਰੀ ਦੇ ਸਿਵਿਲ ਹਸਪਤਾਲ ਵਿਖੇ ਦੀ ਜਾਣਕਾਰੀ ਪੁਲਸ ਪ੍ਰਸ਼ਾਸਨ ਨੂੰ ਪਹਿਲਾਂ ਤੋਂ ਹੀ ਮਿਲ ਚੁੱਕੀ ਸੀ। ਪਰੰਤੂ ਇਸ ਦੇ ਬਾਵਜੂਦ ਜਦੋਂ ਉਹ ਸਿਵਿਲ ਹਸਪਤਾਲ ਦੇ ਮੇਨ ਗੇਟ ਕੋਲ ਪੁੱਜਣ ਵਾਲੇ ਸਨ ਤਾਂ ਕਰੀਬ ਪੰਜ ਮਿੰਟ ਪਹਿਲਾਂ ਇੱਕ ਟਰੱਕ ਉੱਪਰ ਮੈਟਲ ਡਿਟੈਕਟਰ ਪੁਲਸ ਕਰਮਚਾਰੀਆਂ ਵੱਲੋਂ ਲਿਆਂਦੇ ਤਾਂ ਗਏ ਪਰ ਉਸਨੂੰ ਉਤਾਰਨ ਤੋਂ ਬਾਅਦ ਵਾਪਸ ਉਸੇ ਸਮੇਂ ਟਰੱਕ ਵਿੱਚ ਲੱਦ ਲਏ ਗਏ। ਇਸ ਕਾਰਵਾਈ ਨੂੰ ਵੇਖਦਿਆਂ ਮੌਕੇ 'ਤੇ ਖੜ੍ਹੇ ਸਰਕਾਰੀ ਸਿਹਤ ਕਰਮਚਾਰੀ ਅਤੇ ਆਮ ਲੋਕਾਂ ਵੱਲੋਂ ਚਰਚਾ ਦਾ ਵਿਸ਼ਾ ਬਣਾ ਲਿਆ ਗਿਆ। ਜੇਕਰ ਦੂਸਰੇ ਪਾਸੇ ਵੇਖੀਏ ਤਾਂ ਪੁਲਿਸ ਵੱਲੋਂ ਇਸ ਗੱਲ ਨੂੰ ਮਮੂਲੀ ਸਮਝ ਲਿਆ ਗਿਆ।

## ਤੁਰੇ ਜਾਂਦੇ ਨੌਜਵਾਨਾਂ ਨੇ ਬੰਦੇ ਨੂੰ ਗੋਲੀ ਮਾਰ ਕੇ ਉਤਾਰਿਆ ਮੌਤ ਦੇ ਘਾਟ

ਨੈਸ਼ਨਲ ਡੈਸਕ 3 ਅਗਸਤ। ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬੁਲੰਦਸ਼ਹਿਰ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਥਾਣਾ ਔਰੰਗਾਬਾਦ ਅਧੀਨ ਪੈਂਦੇ ਪਿੰਡ ਦੌਲਤਾਬਾਦ ਵਿਖੇ ਸ਼ੁੱਕਰਵਾਰ ਦੀ ਰਾਤ ਨੂੰ ਇਕ ਵਿਅਕਤੀ ਨੂੰ ਗੋਲ?ਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਐੱਸ.ਪੀ. ਦਿਨੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਔਰੰਗਾਬਾਦ ਥਾਣਾ ਇਲਾਕੇ ਦੇ ਪਿੰਡ ਦੌਲਤਾਬਾਦ ਵਿਖੇ ਸ਼ੁੱਕਰਵਾਰ ਦੀ ਰਾਤ ਨੂੰ ਸੰਜੈ (52) ਆਪਣੇ ਇਕ ਸਾਥੀ ਜਤਿੰਦਰ ਨਾਲ ਘਰ ਜਾ ਰਿਹਾ ਸੀ ਕਿ ਇਸ ਦੌਰਾਨ ਉਨ੍ਹਾਂ ਨੂੰ ਰਸਤੇ 'ਚ ਪੈਦਲ ਤੁਰੇ ਜਾਂਦੇ 2 ਨੌਜਵਾਨ ਮਿਲੇ, ਜਿਨ੍ਹਾਂ ਨੂੰ ਸੰਜੈ ਨੇ ਜਦੋਂ ਟੋਕਿਆ ਤਾਂ ਉਸ ਨੇ ਸੰਜੈ ਨੂੰ ਗੋਲ?ੀ ਮਾਰ ਦਿੱਤੀ। ਇਸ ਮਗਰੋਂ ਉਹ ਫਰਾਰ ਹੋ ਗਏ ਤੇ ਸੰਜੈ ਨੂੰ ਜ਼ਖ਼ਮੀ ਹਾਲਤ 'ਚ ਹਸਪਤਾਲ ਲਿਜਾਇਆ ਗਿਆ

# ਇਹ ਸੂਰਜੀ ਪਰਿਵਰਤਨ ਸਿਰਫ਼ ਤਕਨੀਕੀ ਤਰੱਕੀ ਬਾਰੇ ਨਹੀਂ ਹੈ: ਵਿਜੇਂਦਰ ਗੁਪਤਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 3 ਅਗਸਤ। ਦਿੱਲੀ ਵਿਧਾਨ ਸਭਾ ਨੇ ਵਾਤਾਵਰਣ ਸਥਿਰਤਾ ਅਤੇ ਡਿਜੀਟਲ ਸਸ਼ਕਤੀਕਰਨ ਦੇ ਖੇਤਰ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਪ੍ਰਾਪਤ ਕੀਤਾ। ਇੱਕ ਅਤਿ-ਆਧੁਨਿਕ 500 ਕਿਲੋਵਾਟ ਛੱਤ ਵਾਲਾ ਸੂਰਜੀ ਊਰਜਾ ਪਲਾਂਟ ਅਤੇ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (NeVA) ਦਾ ਉਦਘਾਟਨ ਮਾਨਯੋਗ ਕੇਂਦਰੀ ਕਾਨੂੰਨ ਅਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਦੁਆਰਾ ਕੀਤਾ ਗਿਆ। ਮਾਨਯੋਗ ਸਪੀਕਰ ਵਿਜੇਂਦਰ ਗੁਪਤਾ ਅਤੇ ਮਾਨਯੋਗ ਮੁੱਖ ਮੰਤਰੀ ਰੇਖਾ ਗੁਪਤਾ ਇਸ ਮੌਕੇ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਇਸ ਸਮਾਰੋਹ ਵਿੱਚ ਡਿਪਟੀ ਸਪੀਕਰ ਮੋਹਨ ਸਿੰਘ ਬਿਸ਼ਟ, ਲੋਕ ਨਿਰਮਾਣ ਮੰਤਰੀ ਪਰਵੇਸ਼ ਸਾਹਿਬ ਸਿੰਘ, ਊਰਜਾ ਮੰਤਰੀ ਆਸ਼ੀਸ਼ ਸੂਦ ਅਤੇ ਮੁੱਖ ਵ?ਹਿਪ ਅਭੈ ਵਰਮਾ ਸਮੇਤ ਕਈ ਉੱਘੇ ਵਿਧਾਇਕ ਮੌਜੂਦ ਸਨ। ਇਹ ਸੂਰਜੀ ਊਰਜਾ ਪਲਾਂਟ ਨਾ ਸਿਰਫ਼ ਦਿੱਲੀ ਵਿਧਾਨ ਸਭਾ ਦੇ ਕੰਮਕਾਜ ਨੂੰ 100% ਨਵਿਆਉਣਯੋਗ ਊਰਜਾ 'ਤੇ ਅਧਾਰਤ ਬਣਾਉਂਦਾ ਹੈ, ਸਗੋਂ ਪ੍ਰਤੀ ਮਹੀਨਾ ਲਗਭਗ ?15 ਲੱਖ ਦੀ ਲਾਗਤ ਦੀ ਬੱਚਤ ਨੂੰ ਵੀ ਯਕੀਨੀ ਬਣਾਉਂਦਾ ਹੈ ਅਤੇ ਸਾਲਾਨਾ ਅਨੁਮਾਨਿਤ ਬੱਚਤ 1.75 ਕਰੋੜ ਤੱਕ ਜਾ ਸਕਦੀ ਹੈ। ਨੈੱਟ ਮੀਟਰਿੰਗ ਰਾਹੀਂ ਵਾਧੂ ਬਿਜਲੀ ਉਤਪਾਦਨ ਦੀ ਵੀ ਉਮੀਦ ਹੈ। ਈ-ਵਿਧਾਨ ਪ੍ਰਣਾਲੀ ਦੇ ਤਹਿਤ, ਹੁਣ ਵਿਧਾਨ ਸਭਾ ਦੀ ਸਾਰੀ ਕਾਰਵਾਈ ਡਿਜੀਟਲ ਮਾਧਿਅਮ ਰਾਹੀਂ, ਪੂਰੀ ਤਰ੍ਹਾਂ ਕਾਗਜ਼ ਰਹਿਤ ਰੂਪ ਵਿੱਚ ਚਲਾਈ ਜਾਵੇਗੀ, ਜਿਸ ਨਾਲ ਨਾ ਸਿਰਫ਼ ਪ੍ਰਸ਼ਾਸਕੀ ਕੁਸ਼ਲਤਾ ਵਧੇਗੀ ਬਲਕਿ ਵਾਤਾਵਰਣ ਪ੍ਰਭਾਵ ਨੂੰ ਵੀ ਘੱਟ ਤੋਂ ਘੱਟ ਕੀਤਾ ਜਾਵੇਗਾ। ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਇਸ ਮੌਕੇ ਕਿਹਾ ਕਿ ਦਿੱਲੀ ਵਿਧਾਨ ਸਭਾ ਦੀ ਇਹ ਪਹਿਲ ਦੇਸ਼ ਭਰ ਦੀਆਂ ਵਿਧਾਨ ਸਭਾਵਾਂ ਅਤੇ ਸੰਸਥਾਵਾਂ ਲਈ ਇੱਕ ਮਿਸਾਲੀ ਉਦਾਹਰਣ ਪੇਸ਼ ਕਰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਹੋ ਰਹੇ ਡਿਜੀਟਲ ਅਤੇ ਹਰੇ ਪਰਿਵਰਤਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ 'ਇੱਕ ਰਾਸ਼ਟਰ, ਇੱਕ ਐਪਲੀਕੇਸ਼ਨ' ਦੀ ਧਾਰਨਾ ਨੂੰ ਸਾਕਾਰ ਕਰਨ ਵਾਲੀ ਇਹ ਪਹਿਲ ਸਿਰਫ਼ ਤਕਨੀਕੀ ਹੀ ਨਹੀਂ ਹੈ, ਸਗੋਂ ਸੰਸਥਾਗਤ ਕਦਰਾਂ-ਕੀਮਤਾਂ ਵਿੱਚ ਤਬਦੀਲੀ ਦਾ ਪ੍ਰਤੀਕ ਵੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸੰਸਦੀ ਮਾਮਲਿਆਂ ਦਾ ਮੰਤਰਾਲਾ ਦਿੱਲੀ ਵਿਧਾਨ ਸਭਾ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ ਤਾਂ ਜੋ ਇਸ ਤਬਦੀਲੀ ਨੂੰ ਸੁਚਾਰੂ ਢੰਗ ਨਾਲ ਲਾਗੂ




ਕੀਤਾ ਜਾ ਸਕੇ ਅਤੇ ਦੇਸ਼ ਭਰ ਵਿੱਚ ਅਨੁਕਰਣ ਲਈ ਇੱਕ ਉਦਾਹਰਣ ਕਾਇਮ ਕੀਤੀ ਜਾ ਸਕੇ। ਮਾਨਯੋਗ ਸਪੀਕਰ ਵਿਜੇਂਦਰ ਗੁਪਤਾ ਨੇ ਕਿਹਾ, ÷ਇਹ ਨਵਿਆਉਣਯੋਗ ਊਰਜਾ ਅਤੇ ਡਿਜੀਟਲ ਸਸ਼ਕਤੀਕਰਨ ਵੱਲ ਸਾਡਾ ਸੰਪੂਰਨ ਯਤਨ ਹੈ। 1912 ਵਿੱਚ ਬਣੀ ਇਸ ਇਤਿਹਾਸਕ ਇਮਾਰਤ ਵਿੱਚ ਦੇਸ਼ ਦੀ ਪਹਿਲੀ ਸੰਸਦ ਸੀ - ਅੱਜ ਅਸੀਂ ਉਸ ਵਿਰਾਸਤ ਨੂੰ ਆਧੁਨਿਕਤਾ ਨਾਲ ਜੋੜ ਰਹੇ ਹਾਂ।÷ ਉਨ੍ਹਾਂ ਦੱਸਿਆ ਕਿ ਈ-ਵਿਧਾਨ ਪ੍ਰਣਾਲੀ ਦਾ ਕੰਮ ਸਿਰਫ਼ 100 ਦਿਨਾਂ ਵਿੱਚ ਪੂਰਾ ਹੋ ਗਿਆ ਹੈ। ਕੱਲ੍ਹ ਸਵੇਰੇ 11 ਵਜੇ ਇਸਦਾ ਟੈਸਟ ਕੀਤਾ ਜਾਵੇਗਾ ਅਤੇ ਦੁਪਹਿਰ 2 ਵਜੇ ਪਹਿਲੀ ਵਾਰ ਸਦਨ, ਜੋ ਕਿ ਪੂਰੀ ਤਰ੍ਹਾਂ ਸੂਰਜੀ ਊਰਜਾ 'ਤੇ ਚੱਲਦਾ ਹੈ, ਦੀ ਮੀਟਿੰਗ ਹੋਵੇਗੀ। ਗੁਪਤਾ ਨੇ ਇਹ ਵੀ ਕਿਹਾ ਕਿ ਸੂਰਜੀ ਊਰਜਾ ਤੋਂ ਹੋਣ ਵਾਲੀ ਬੱਚਤ ਨੂੰ ਜਨਤਕ ਵਿਕਾਸ ਕਾਰਜਾਂ ਲਈ ਵਰਤਿਆ ਜਾਵੇਗਾ। ਇਸ ਤੋਂ ਇਲਾਵਾ, ਵਿਧਾਨ ਸਭਾ ਲਾਇਬ੍ਰੇਰੀ ਦਾ ਡਿਜੀਟਾਈਜ਼ੇਸ਼ਨ ਅਤੇ ਆਈਟੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦਾ ਕੰਮ ਵੀ ਪ੍ਰਗਤੀ ਅਧੀਨ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਸ ਪਹਿਲਕਦਮੀ ਨੂੰ ਵਾਤਾਵਰਣ ਜ਼ਿੰਮੇਵਾਰੀ ਵਿੱਚ ਇੱਕ ਮੀਲ ਪੱਥਰ ਦੱਸਿਆ ਅਤੇ ਕਿਹਾ, ÷ਦਿੱਲੀ ਦੀ ਵਿਧਾਨ ਸਭਾ ਨੂੰ ਦੇਸ਼ ਦੀ ਰਾਜਧਾਨੀ ਦੇ ਅਨੁਕੂਲ ਇੱਕ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਭਾਰਤ ਨੇ 50% ਤੋਂ ਵੱਧ ਗੈਰ-ਜੀਵਾਸ਼ਮ ਬਾਲਣ ਸਮਰੱਥਾ ਪ੍ਰਾਪਤ ਕਰ ਲਈ ਹੈ।÷ ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਨਵੀਨਤਾ, ਪਾਰਦਰਸ਼ਤਾ ਅਤੇ ਸੰਸਥਾਗਤ ਜਵਾਬਦੇਹੀ ਦੇ 21ਵੀਂ ਸਦੀ ਦੇ ਸ਼ਾਸਨ ਮਾਡਲ ਨੂੰ ਦਰਸਾਉਂਦੀ ਹੈ। ਇਸ ਮੌਕੇ 'ਤੇ, ਸਾਰੇ ਮਾਣਯੋਗ ਵਿਧਾਇਕਾਂ ਨੇ ਈ-ਵਿਧਾਨ ਪ੍ਰਣਾਲੀ ਦੀ ਸਫਲਤਾਪੂਰਵਕ ਜਾਂਚ ਕੀਤੀ। ਇਸ ਪ੍ਰਣਾਲੀ ਵਿੱਚ ਸਮਾਰਟ ਡੈਲੀਗੇਟ ਯੂਨਿਟ, ਵੋਟਿੰਗ ਪੈਨਲ, R694/N63 ਪਹੁੰਚ, ਬਹੁਭਾਸ਼ਾਈ ਸਹਾਇਤਾ, ਰੀਅਲ ਟਾਈਮ ਦਸਤਾਵੇਜ਼ ਪਹੁੰਚ, 84 ਕੈਮਰਿਆਂ ਨਾਲ ਲੈਸ 1ੲ ਸਿਸਟਮ ਅਤੇ ਸੁਰੱਖਿਅਤ ਨੈੱਟਵਰਕਿੰਗ ਦੀ ਸਹੂਲਤ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੀਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ 19 ਤੋਂ 25 ਨਵੰਬਰ ਤੱਕ ਹੋਣਗੇ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 3 ਅਗਸਤ। ਅੰਮ੍ਰਿਤਸਰ ਦੇ ਪਵਿੱਤਰ ਧਰਤੀ ਬਾਬਾ ਬਕਾਲਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੀਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਬਾਰੇ ਪ੍ਰੈਸ ਕਾਨਫਰੰਸ ਆਯੋਜਿਤ ਕੀਤੀ ਗਈ। ਇਸ ਦੌਰਾਨ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ 'ਆਪ' ਆਗੂ ਦੀਪਕ ਬਾਲੀ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ 19 ਨਵੰਬਰ ਤੋਂ 25 ਨਵੰਬਰ ਤੱਕ ਇਹ ਸ਼ਹੀਦੀ ਦਿਹਾੜਾ ਰਾਜ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮੂਹ ਕੈਬਨਿਟ ਨੇ ਇਹ ਸ਼ਰਧਾਂਜਲੀ ਸਮਾਰੋਹ ਮਨਾਉਣ ਲਈ ਪੂਰੀ ਤਿਆਰੀ ਕਰ ਲਈ ਹੈ। ਇਸ ਸਮਾਗਮ ਦੌਰਾਨ ਚਾਰ ਵੱਡੀਆਂ ਧਾਰਮਿਕ ਯਾਤਰਾਵਾਂ ਨਿਕਲਣਗੀਆਂ ਜੋ ਮਾਝਾ, ਮਾਲਵਾ, ਦੁਆਬਾ ਅਤੇ ਇੱਕ ਯਾਤਰਾ ਸ਼?ਰੀਨਗਰ ਤੋਂ ਸ਼ੁਰੂ ਹੋਵੇਗੀ। ਇਹ ਸਾਰੀਆਂ ਯਾਤਰਾਵਾਂ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣਗੀਆਂ। 23, 24 ਤੇ 25 ਨਵੰਬਰ ਨੂੰ ਤਿੰਨ ਦਿਨਾਂ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁੱਖ ਸਮਾਗਮ ਹੋਣਗੇ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਵੀ ਮੀਡੀਆ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਹ ਸਮਾਗਮ ਨਾ ਸਿਰਫ ਇਤਿਹਾਸਕ ਹਨ, ਸਗੋਂ ਆਉਣ ਵਾਲੀਆਂ ਪੀੜੀਆਂ ਲਈ ਵੀ ਰਾਹਦਾਰੀ ਸਾਬਤ ਹੋਣਗੇ। ਉਨ੍ਹਾਂ ਨੇ ਕਿਹਾ ਕਿ ਗੁਰਦਾਸਪੁਰ ਤੋਂ ਸ਼ੁਰੂ ਹੋਣ ਵਾਲੀ ਯਾਤਰਾ ਅੰਮ੍ਰਿਤਸਰ, ਤਰਨਤਾਰਨ ਅਤੇ ਗੋਇੰਦਵਾਲ ਸਾਹਿਬ ਰਾਹੀਂ ਅਨੰਦਪੁਰ ਸਾਹਿਬ ਤੱਕ ਪਹੁੰਚੇਗੀ। ਉਨ੍ਹਾਂ ਕਿਹਾ ਕਿ ਮੀਡੀਆ ਦੇ ਜ਼ਰੀਏ ਇਹ ਸੰਦੇਸ਼ ਪੰਜਾਬ ਦੇ ਕੋਨੇ-ਕੋਨੇ ਅਤੇ ਵਿਦੇਸ਼ਾਂ ਵਿਚ ਵੱਸਦੀ ਸੰਗਤ ਤੱਕ ਪਹੁੰਚੇ, ਤਾਂ ਜੋ ਸਾਰੇ ਪੰਜਾਬੀ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨਾਲ ਜੁੜ ਸਕਣ। ਇਸ ਦੌਰਾਨ ਉਨ੍ਹਾਂ ਇਹ ਵੀ ਦੱਸਿਆ ਕਿ ਸਮਾਗਮ ਨਾਲ ਜੁੜੀਆਂ ਥਾਵਾਂ 'ਤੇ ਵਿਕਾਸ



ਕਾਰਜ ਕੀਤੇ ਜਾਣਗੇ, ਸੜਕਾਂ ਨੂੰ ਸੁਧਾਰਿਆ ਜਾਵੇਗਾ ਅਤੇ ਯਾਤਰੀਆਂ ਨੂੰ ਹਰ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ। ਗੁਰੂ ਸਾਹਿਬ ਦੀ ਬਾਣੀ ਸਰਬ ਸਾਂਝੀ ਹੈ ਅਤੇ ਜੋ ਕੋਈ ਵੀ ਆਪਣੇ ਤਰੀਕੇ ਨਾਲ ਸ਼ਰਧਾ ਵਿਖਾਉਣਾ ਚਾਹੇ, ਉਹ ਸਵਾਗਤਯੋਗ ਹੈ।

## ਵਧੀਕ ਡੀ. ਸੀ. ਵੱਲੋਂ ਤਹਿਸੀਲ ਦਫ਼ਤਰ ਗੁਰਦਾਸਪੁਰ ਦਾ ਅਚਨਚੇਤ ਦੌਰਾ

ਗੁਰਦਾਸਪੁਰ 3 ਅਗਸਤ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਤਹਿਸੀਲ ਦਫ਼ਤਰ ਗੁਰਦਾਸਪੁਰ ਦਾ ਅਚਨਚੇਤ ਦੌਰਾ ਕਰਕੇ ਤਹਿਸੀਲਦਾਰ ਤੇ ਸਬ ਰਜਿਸਟਰਾਰ ਦਫਤਰ ਵਿਖੇ ਪ੍ਰਦਾਨ ਕੀਤੀਆਂ ਜਾ ਪ੍ਰਸ਼ਾਸਨਿਕ ਸੇਵਾਵਾਂ ਦਾ ਨਿਰੀਖਣ ਕੀਤਾ। ਡਾ. ਹਰਜਿੰਦਰ ਸਿੰਘ ਬੇਦੀ ਨੇ ਤਹਿਸੀਲ ਦਫਤਰ ਦੀ ਅਚਨਚੇਤ ਚੈਕਿੰਗ ਕਰਦਿਆਂ ਕੀਤੀਆਂ ਜਾ ਰਹੀਆਂ ਈਜੀ ਰਜਿਸਟਰੀਆਂ ਦੇ ਕੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਤਹਿਸੀਲ ਵਿਚ ਰਜਿਸਟਰੀਆਂ ਕਰਨ ਦਾ ਕੰਮ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ ਅਤੇ ਕਿਸੇ ਕਿਸਮ ਦਾ ਕੋਈ ਵੀ ਕੰਮ ਬਕਾਇਆ ਨਹੀਂ ਹੈ। ਉਨ੍ਹਾਂ ਕਿਹਾ ਕਿ ਤਹਿਸੀਲ ਦਫਤਰਾਂ ਵਿਖੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਵਧੀਕ ਡਿਪਟੀ ਕਮਿਸ਼ਨਰ ਨੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੇ ਈਜੀ ਰਜਿਸਟਰੀ ਬਾਬਤ ਫੀਡਬੈਕ ਹਾਸਲ ਕੀਤੀ ਤੇ ਲੋਕਾਂ ਨੇ ਕੀਤੇ ਜਾ ਰਹੇ ਕੰਮਾਂ ਸਬੰਧੀ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਿਕ ਕਿਸੇ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਡਾ. ਹਰਜਿੰਦਰ ਸਿੰਘ ਬੇਦੀ ਨੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ 'ਚ ਕੋਈ ਢਿੱਲ ਮੱਠ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਰਜਿਸਟਰੀ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਦਫਤਰੀ ਸਮੇਂ ਦੌਰਾਨ ਉਨ੍ਹਾਂ ਨਾਲ ਰਾਬਤਾ ਕਰਕੇ ਆਪਣੀਆਂ ਮੁਸ਼ਕਿਲਾਂ ਦੱਸ ਸਕਦੇ ਹਨ।

# ਅਯੁੱਧਿਆ ਸਥਿਤ ਸ਼੍ਰੀ ਰਾਮ ਮੰਦਰ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ

**ਕੌਮੀ ਪਤ੍ਰਿਕਾ**

ਬੀਡ 3 ਅਗਸਤ। ਮਹਾਰਾਸ਼ਟਰ ਦੇ ਬੀੜ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਨੂੰ ਸੋਸ਼ਲ ਮੀਡੀਆ 'ਤੇ ਇੱਕ ਅਜਿਹਾ ਸੁਨੇਹਾ ਮਿਲਿਆ ਹੈ, ਜਿਸ ਨੂੰ ਸੁਣ ਕੇ ਉਸ ਦੇ ਅਤੇ ਪੁਲਸ ਦੇ ਹੋਸ਼ ਉੱਡ ਗਏ। ਨੌਜਵਾਨ ਨੂੰ ਮਿਲੇ ਸੁਨੇਹੇ ਵਿਚ ਅਯੁੱਧਿਆ ਦੇ ਸ਼੍ਰੀ ਰਾਮ ਮੰਦਰ ਨੂੰ ਬੰਬ, ਆਰਡੀਐਕਸ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਨੌਜਵਾਨ ਅਨੁਸਾਰ ਉਸਨੂੰ ਇਹ ਸੁਨੇਹਾ ਪਾਕਿਸਤਾਨ ਤੋਂ ਆਇਆ ਦੱਸਿਆ ਗਿਆ ਹੈ। ਨੌਜਵਾਨ ਨੂੰ ਭੇਜੇ ਗਏ ਸੁਨੇਹੇ ਵਿੱਚ ਉਸਨੂੰ ਸ਼੍ਰੀ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ, ਮਦਦ ਕਰਨ ਦੇ ਬਦਲੇ ਵਿੱਚ ਇੱਕ ਲੱਖ ਰੁਪਏ ਦੇਣ ਅਤੇ ਇਸ ਕੰਮ ਲਈ 50 ਲੋਕਾਂ ਨੂੰ ਭਰਤੀ ਕਰਨ ਦੀ ਗੱਲ ਕੀਤੀ ਹੈ। ਦੱਸ ਦੇਈਏ ਕਿ ਸੁਨੇਹਾ ਭੇਜਣ ਵਾਲੇ ਵਿਅਕਤੀ ਨੇ ਨੌਜਵਾਨ ਨੂੰ ਧਮਕੀ ਦਿੱਤੀ ਹੈ ਕਿ ਸ਼੍ਰੀ ਰਾਮ ਮੰਦਰ ਨੂੰ ਆਰਡੀਐਕਸ ਨਾਲ ਤਬਾਹ ਕਰ ਦਿੱਤਾ ਜਾਵੇਗਾ ਅਤੇ ਆਪਣੀ ਪਛਾਣ ਦੇ ਸਬੂਤ ਵਜੋਂ ਕਰਾਚੀ ਦਾ ਇਕ ਲੋਕੇਸ਼ਨ ਪਿੰਨ ਵੀ ਸਾਂਝਾ ਕੀਤਾ ਹੈ। ਅਚਾਨਕ ਮਿਲੇ ਸੁਨੇਹੇ ਤੋਂ ਪਰੇਸ਼ਾਨ ਹੋ ਕੇ ਨੌਜਵਾਨ ਤੁਰੰਤ ਸ਼ਿਰੂਰ ਕਸਾਰ ਪੁਲਸ ਸਟੇਸ਼ਨ ਗਿਆ ਅਤੇ ਸ਼ਿਕਾਇਤ ਦਰਜ ਕਰਵਾਈ। ਨੌਜਵਾਨ ਦੇ ਬਿਆਨ ਆਧਾਰ 'ਤੇ ਪੁਲਸ ਨੇ ਮਾਮਲਾ ਦਰਜ ਕਰਕੇ ਵਿਸਥਾਰਤ ਨਾਲ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਜਾਂਚ ਅੱਗੇ ਵਧਣ ਨਾਲ ਹੋਰ ਸਪੱਸ਼ਟਤਾ ਸਾਹਮਣੇ



ਆਵੇਗੀ। ਦੂਜੇ ਪਾਸੇ ਇਸ ਸੁਨੇਹਾ ਵਿਚ ਨਾ ਸਿਰਫ਼ ਧਮਕੀ ਦਿੱਤੀ ਗਈ ਹੈ ਸਗੋਂ ਹੋਰ ਲੋਕਾਂ ਨੂੰ ਭਰਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਹੈ, ਜਿਸ ਨਾਲ ਇੱਕ ਵੱਡੇ ਤਾਲਮੇਲ ਵਾਲੇ ਹਮਲੇ ਦੀ ਸੰਭਾਵਨਾ ਵੱਧ ਜਾਂਦੀ ਹੈ। ਪੁਲਸ ਨੇ ਨੌਜਵਾਨ ਦੇ ਅਕਾਊਂਟ ਦੀ ਪੁਸ਼ਟੀ ਕਰ ਲਈ ਹੈ ਅਤੇ ਉਕਤ ਸੁਨੇਹੇ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਹੈਂਡਲ ਦੇ ਮੂਲ ਅਤੇ ਪਾਕਿਸਤਾਨ ਨਾਲ ਇਸਦੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਜ਼ਿਲ੍ਹੇ ਵਿੱਚ ਦਹਿਸ਼ਤ ਪੈਦਾ ਹੋ ਗਈ ਹੈ ਅਤੇ ਸਥਾਨਕ ਅਧਿਕਾਰੀ ਹਾਈ ਅਲਰਟ 'ਤੇ ਹਨ। ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਅਯੁੱਧਿਆ ਰਾਮ ਮੰਦਰ ਨੂੰ ਧਮਕੀ ਮਿਲੀ ਹੈ। ਜਨਵਰੀ 2024 ਵਿੱਚ ਮੰਦਰ ਦੇ ਪ੍ਰਾਣ-ਪ੍ਰਤੀਸ਼ਠਾ ਸਮਾਰੋਹ ਤੋਂ ਪਹਿਲਾਂ ਕਈ ਧਮਕੀਆਂ ਮਿਲੀਆਂ ਸਨ। ਉਸੇ ਸਾਲ ਸਤੰਬਰ ਵਿੱਚ ਬਿਹਾਰ ਦੇ ਭਾਗਲਪੁਰ ਦੇ ਇੱਕ ਨੌਜਵਾਨ ਨੂੰ ਆਨਲਾਈਨ ਧਮਕੀਆਂ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਲ ਹੀ ਵਿੱਚ ਅਪ੍ਰੈਲ 2025 ਵਿੱਚ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਇੱਕ ਈਮੇਲ ਮੰਦਰ ਟਰੱਸਟ ਅਤੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਾ ਮੈਜਿਸਟ?ਰੇਟਾਂ ਨੂੰ ਭੇਜਿਆ ਗਿਆ ਸੀ। ਤਾਮਿਲਨਾਡੂ ਤੋਂ ਆਈ ਉਸ ਈਮੇਲ ਵਿੱਚ ਮੰਦਰ ਵਾਲੀ ਥਾਂ ਦੇ ਆਲੇ-ਦੁਆਲੇ ਸੁਰੱਖਿਆ ਸਖ਼ਤ ਕਰਨ ਦੀ ਮੰਗ ਵੀ ਕੀਤੀ ਗਈ ਸੀ। ਹੁਣ, ਪਾਕਿਸਤਾਨ ਤੋਂ ਇੱਕ ਨਵਾਂ ਅਤੇ ਸਿੱਧਾ ਸੁਨੇਹਾ ਆਉਣ ਨਾਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਇੱਕ ਵਾਰ ਫਿਰ ਭਾਰਤ ਦੇ ਸਭ ਤੋਂ ਮਹੱਤਵਪੂਰਨ ਧਾਰਮਿਕ ਸਥਾਨਾਂ ਵਿੱਚੋਂ ਇੱਕ ਲਈ ਸੰਭਾਵੀ ਖਤਰਿਆਂ ਨੂੰ ਬੇਅਸਰ ਕਰਨ ਦੇ ਜ਼ਰੂਰੀ ਕੰਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਅਜੋਕੇ ਸਮੇਂ 'ਚ ਬੇਆਸਰਿਆਂ ਦਾ ਆਸਰਾ ਬਨਣ ਦੀ ਵਧੇਰੇ ਲੋੜ : ਗੁਰਪ੍ਰੀਤ ਸਿੰਘ ਮਿੰਟੂ

**ਏਜੰਸੀਆਂ**

ਮੈਲਬੌਰਨ 3 ਅਗਸਤ। ਸ੍ਰੀ ਸੁਖਮਨੀ ਸਾਹਿਬ ਸੇਵਕ ਸਭਾ ਸੰਗਤ ਵਲੋਂ ਬੀਤੇ ਦਿਨੀ ਮੈਲਬੌਰਨ ਦੇ ਦੱਖਣ ਪੂਰਬ 'ਚ ਸਥਿਤ ਇਲਾਕੇ ਪੁਆਇੰਟ ਕੁੱਕ ਵਿੱਖੇ ਸਥਿਤ ਸੀਜ਼ਨ ਫਾਇਵ ਰਿਜ਼ੋਰਟ ਵਿਖੇ ਮਨੁੱਖਤਾ ਦੀ ਸੇਵਾ ਸਭ ਤੋ ਵੱਡੀ ਸੇਵਾ ਸੋਸਾਇਟੀ ਦੇ ਮੁੱਖ ਪ੍ਰਬੰਧਕ ਗੁਰਪ੍ਰੀਤ ਸਿੰਘ ਮਿੰਟੂ ਦੀ ਮੈਲਬੌਰਨ ਵਿੱਖੇ ਆਮਦ 'ਤੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਸਮਾਗਮ ਵਿੱਚ ਗੁਰਪ੍ਰੀਤ ਮਿੰਟੂ ਦੇ ਵਿਚਾਰ ਸੁਨਣ ਲਈ ਪਹੁੰਚੀਆਂ ਹੋਈਆਂ ਸਨ। ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਸੇਵਕ ਸਭਾ ਸੰਗਤ ਦੇ ਭਾਈ ਬਲਵਿੰਦਰ ਸਿੰਘ ਤੇ ਭਾਈ ਰਤਨ ਸਿੰਘ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਮੌਕੇ ਜਿੱਥੇ ਉਨ੍ਹਾਂ ਮਨੁੱਖਤਾ ਦੀ ਸੇਵਾ ਸੰਸਥਾ ਵਲੋਂ ਸਮਾਜ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ, ਉੱਥੇ ਹੀ ਸ੍ਰੀ ਸੁਖਮਨੀ ਸਾਹਿਬ ਸੇਵਕ ਸਭਾ ਦੇ ਕੰਮਾ ਬਾਰੇ ਵੀ ਜਾਣੂ ਕਰਵਾਇਆ। ਇਸ ਮੌਕੇ ਗੁਰਪ੍ਰੀਤ ਸਿੰਘ ਮਿੰਟੂ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਸਮੇ ਪੰਜਾਬ ਵਿੱਚ ਹਾਲਾਤ ਇਹੋ ਜਿਹੇ ਹਨ ਕਿ ਇਲਾਜ ਵਿੱਤੋਂ ਬਾਹਰ ਹੋਏ ਪਏ ਹਨ ਤੇ ਸਰਕਾਰਾਂ ਵੀ ਕੁਝ ਜ਼ਿਆਦਾ ਨਹੀ ਕਰ ਪਾ ਰਹੀਆਂ ਹਨ ਤੇ ਇਸ ਕਾਰਨ ਪੰਜਾਬ ਵਿੱਚ ਆਸ਼ਰਮ ਖੁੱਲ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇ ਗਰੀਬ ਤੇ ਬੇਸਹਾਰਾ ਲੋਕਾਂ ਲਈ ਇਲਾਜ ਕਰਾਉਣਾ ਤੇ ਉਨ੍ਹਾਂ ਨੂੰ ਮਾਨਸਿਕ ਤਨਾਅ 'ਚੋਂ ਕੱਢਣਾ ਬਹੁਤ ਵੱਡਾ ਵਿਸ਼ਾ ਹੈ ਤੇ ਇਸ ਵਿਸ਼ੇ ਬਾਰੇ ਜਾਣਕਾਰੀ ਨਾ ਹੋਣ ਕਾਰਨ ਲੋਕ ਆਪਣਿਆਂ ਨੂੰ ਹੀ ਲਵਾਰਿਸ ਬਣਾ ਕੇ ਸੜਕਾਂ ਤੇ ਛੱਡ ਦਿੰਦੇ ਹਨ ਜਿੱਥੇ ਉਨ੍ਹਾਂ ਦੀ ਜ਼ਿੰਦਗੀ ਨਰਕ ਤੋਂ ਵੀ ਭੈੜੀ ਹੀ ਜ਼ਾਂਦੀ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਰ ਕਿਸੇ ਨੂੰ ਇਸ ਬਾਬਤ ਧਿਆਨ ਦੇਣਾ ਚਾਹੀਦਾ ਹੈ। ਪ੍ਰਵਾਸੀ ਪੰਜਾਬੀਆਂ ਨੂੰ ਆਪਣੇ ਪਿੰਡਾਂ ਵਿੱਚ ਸੰਪਰਕ ਕਰਕੇ ਇਸ ਬਾਬਤ ਕਮੇਟੀਆਂ ਬਣਾ ਕੇ ਆਪਣੇ ਪਿੰਡਾਂ 'ਚੋਂ ਪਾਰਟੀਬਾਜ਼ੀ ਤੇ ਧਰਮ ਜਾਤ ਪਾਤ ਤੋਂ ਉਪਰ ਉਠ ਕੇ ਅਜਿਹੇ ਗਰੀਬ, ਬੇਸਹਾਰਾ-ਲਵਾਰਿਸ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਪਿੰਡ ਪੱਧਰ 'ਤੇ ਹੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਉਹ ਸੜਕਾਂ 'ਤੇ ਨਾਂ ਰੁਲਣ ਤੇ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਨਾ ਹੋਣ ਤੇ ਇਸ ਨਾਲ ਇਲਾਜ ਆਦਿ ਕਰਾਉਣ ਦੀਆਂ ਫਰਜ਼ੀ ਵੀਡਿਓਜ਼ ਪਾ ਕੇ ਪੈਸੇ ਉਗਰਾਹੁਣ ਵਾਲਿਆਂ ਨੂੰ ਵੀ ਠੱਲ ਪਵੇਗੀ। ਇਸ ਮੌਕੇ ਬੈਂਡਿਗੋ ਤੋਂ ਕੌਂਸਲਰ ਸ਼ਿਵਾਲੀ ਚੈਟਲੇ ਨੇ ਕਿਹਾ ਕਿ ਇਸ ਸਮੇ ਬਹੁਤਾਤ ਲੋਕ ਮਾਨਸਿਕ ਤਨਾਅ 'ਚੋਂ ਲੰਘ ਰਹੇ ਹਨ ਤੇ ਕਿਸੇ ਨੂੰ ਇਸ ਬਾਰੇ ਦੱਸ ਨਹੀਂ ਪਾਉਂਦੇ ਤੇ ਉਹ ਖ਼ੁਦ ਵੀ ਇਸ ਦੌਰ 'ਚੋਂ ਨਿਕਲੇ ਹਨ ਪਰੰਤੂ ਇਸ ਤਨਾਅ ਭਰੀ ਜ਼ਿੰਦਗੀ ਵਿੱਚੋ ਨਿਕਲਣ ਲਈ ਇਸ ਸਮੇਂ ਵਧੇਰੇ ਕੰਮ ਕਰਨ ਦੀ ਜ਼ਰੂਰਤ ਦੇ ਨਾਲ ਵਧੇਰੇ ਜਾਗਰੂਕਤਾ ਦੀ ਵੀ ਲੋੜ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ। ਇਸ ਮੌਕੇ ਗਾਇਕ ਹਰਪਾਲ ਸਿੰਘ ਵਡਾਲੀ ਵਲੋਂ ਆਪਣੀ ਰਚਨਾ ਪੇਸ਼ ਕੀਤੀ ਗਈ ਤੇ ਮੰਚ ਸੰਚਾਲਨ ਰਸਨਾ ਕੌਰ ਬਾਖ਼ੂਬੀ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸਸਥਾ ਦੇ ਪ੍ਰਬੰਧਕ ਜਵਾਹਰਜੀਤ ਸਿੰਘ ਦਾਖਾ ਵਲੋਂ ਆਏ ਹੋਏ ਸਮੂਹ ਮਹਿਮਾਨਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਸੁਖਮਨੀ ਸਾਹਿਬ ਸੇਵਕ ਸਭਾ ਮੈਲਬੌਰਨ ਲੰਮੇ ਸਮੇਂ ਤੋਂ ਪੰਜਾਬ ਵਿੱਚ ਲੋੜਬੰਦ ਬੱਚਿਆਂ ਦੀ ਪੜ੍ਹਾਈ ਤੇ ਮੁੱਢਲੀਆਂ ਲੋੜਾਂ ਲਈ ਹਿੱਸਾ ਪਾਉਂਦੀ ਆ ਰਹੀ ਹੈ। ਇਸ ਮੌਕੇ ਗੁਰਪ੍ਰੀਤ ਸ਼ੋਕਰ, ਮਿੱਕੀ ਮੱਕੜ, ਸ਼ੁਕਰਾਨਾ ਚੋਪੜਾ, ਸਿਮਰਨ ਖੱਟੜਾ , ਰੁਪਿੰਦਰ ਗਰੇਵਾਲ ,ਹਰਵੀਰ ਪੱਲਾ, ਤਲਵਿੰਦਰ ਸਿੰਘ , ਲਵਪ੍ਰੀਤ ਸਿੰਘ ਕੋੜਾ , ਰਵਿੰਦਰ ਸਿੰਘ ਭੱਠਲ, ਕਸਮੀਰ ਸਿੰਘ ਗਿੱਲ ਸੋਹੀ ਕੇਟਰਿੰਗ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਕਾਂਗਰਸ 'ਚ ਸਲੀਪਰ ਸੈੱਲ ਨੂੰ ਖ਼ਤਮ ਕਰਨ ਰਾਹੁਲ ਗਾਂਧੀ, ਨਵਤੇਜ ਚੀਮਾ ਨੇ ਲਾਈ ਗੁਹਾਰ

**ਕੌਮੀ ਪਤ੍ਰਿਕਾ**

ਜਲੰਧਰ 3 ਅਗਸਤ। ਪੰਜਾਬ ਵਿਚ 'ਆਪ' ਦੀ ਸਰਕਾਰ ਬਣੀ ਨੂੰ ਸਾਢੇ ਤਿੰਨ ਸਾਲ ਦੇ ਕਰੀਬ ਦਾ ਸਮਾਂ ਹੋ ਚੱਲਿਆ ਹੈ। ਵਿਰੋਧੀ ਧਿਰ ਕਾਂਗਰਸ ਸੱਤਾ ਵਿਚ ਵਾਪਸੀ ਲਈ ਬੇਸ਼ੱਕ ਆਪਣੀ ਵਾਅ ਤਾਂ ਲਗਾ ਰਹੀ ਹੈ ਪਰ ਕਾਂਗਰਸ ਨੂੰ ਪਾਰਟੀ ਦੀ ਅੰਦਰੂਨੀ ਲੜਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਜਿੱਥੇ ਬਹੁ-ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਲੋਕ ਨਹੀਂ ਹਰਾਉਂਦੇ, ਸਗੋਂ ਕਾਂਗਰਸ ਖ਼ੁਦ ਹਰਾਉਂਦੀ ਹੈ, ਉੱਥੇ ਹੀ ਸੁਲਤਾਨਪੁਰ ਲੋਧੀ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ ਇੰਚਾਰਜ ਨਵਤੇਜ ਸਿੰਘ ਚੀਮਾ ਦਾ ਵੀ ਇਹ ਮੰਨਣਾ ਹੈ ਕਿ ਸਲੀਪਰ ਸੈੱਲ ਪਾਰਟੀ ਨੂੰ ਬਰਬਾਦ ਕਰ ਰਿਹਾ ਹੈ। ਉਨ੍ਹਾਂ ਸਿੱਧੇ ਤੌਰ 'ਤੇ ਰਾਣਾ ਗੁਰਜੀਤ ਨੂੰ ਆਪਣੀ ਹਾਰ ਦਾ ਜ਼ਿੰਮੇਵਾਰ ਦੱਸਦਿਆਂ ਪਾਰਟੀ ਹਾਈਕਮਾਂਡ ਤੋਂ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। -ਬਿਲਕੁਲ, ਅਸੀਂ ਸੁਣਦੇ ਹੁੰਦੇ ਸੀ ਕਿ ਕਾਂਗਰਸ ਨੂੰ ਕੋਈ ਹਰਾ ਨਹੀਂ ਸਕਦਾ, ਕਾਂਗਰਸ ਹੀ ਕਾਂਗਰਸ ਨੂੰ ਹਰਾਉਂਦੀ ਹੈ। 2022 ਵਿਚ ਮੈਨੂੰ ਵੀ ਵਿਰੋਧੀਆਂ ਨੇ ਨਹੀਂ ਸਗੋਂ ਆਪਣੀ ਪਾਰਟੀ ਦੇ ਲੀਡਰਾਂ ਨੇ ਹੀ ਹਰਾ ਦਿੱਤਾ ਸੀ। ਜਦੋਂ ਸਰਕਾਰ ਦਾ ਮੌਜੂਦਾ ਮੰਤਰੀ ਖੁੱਲ੍ਹ ਕੇ ਆਪਣੇ ਪੁੱਤਰ ਨੂੰ ਪਾਰਟੀ ਦੇ ਵਿਰੁੱਧ ਚੋਣ ਲੜਵਾ ਰਿਹਾ ਹੈ ਤਾਂ ਹਾਈਕਮਾਂਡ ਨੂੰ ਐਕਸ਼ਨ ਲੈਣਾ ਚਾਹੀਦਾ ਸੀ ਪਰ ਪਾਰਟੀ ਨੇ ਧਿਆਨ ਨਹੀਂ ਦਿੱਤਾ। ਰਾਣਾ ਗੁਰਜੀਤ ਖ਼ੁਦ ਕਹਿ ਚੁੱਕੇ ਹਨ ਕਿ ਹਾਈਕਮਾਂਡ ਨੂੰ ਇਸ ਗੱਲ ਦਾ ਪਤਾ ਸੀ ਅਤੇ ਜੇ ਹਾਈਕਮਾਂਡ ਮੇਰੇ ਨਾਲ ਨਾ ਹੁੰਦੀ ਤਾਂ ਮੈਨੂੰ ਕਾਰਨ ਦੱਸੋ ਨੋਟਿਸ ਜਾਰੀ ਹੋ ਜਾਣਾ ਸੀ। ਇਹ ਬਿਆਨ ਕਾਂਗਰਸ ਹਾਈਕਮਾਂਡ ਉੱਪਰ ਹੀ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਜੇ ਰਾਣਾ ਗੁਰਜੀਤ ਦੀ ਗੱਲ ਸੱਚੀ ਹੈ ਤਾਂ ਇਹ ਬੜੀ ਵੱਡੀ ਗੱਲ ਹੈ ਕਿ ਕਾਂਗਰਸ ਟਿਕਟ ਦੇਣ ਤੋਂ ਬਾਅਦ ਆਪਣੇ ਹੀ ਉਮੀਦਵਾਰ ਨੂੰ ਹਰਾਉਣ ਲਈ ਕਿਸੇ ਦੂਜੇ ਲੀਡਰ ਨੂੰ ਖੁੱਲ੍ਹ ਦੇਵੇ। ਜੇ ਹੁਣ ਵੀ ਹਾਈਕਮਾਂਡ ਨੇ ਐਕਸ਼ਨ ਨਾ ਲਿਆ ਤਾਂ ਸਾਰੇ ਦੇਸ਼ ਦੇ ਵਰਕਰਾਂ ਵਿਚ ਇਹ ਗੱਲ ਜਾਵੇਗੀ ਕਿ ਕਾਂਗਰਸ ਦੀ ਟਿਕਟ ਲੈਣ ਦਾ ਕੋਈ ਫ਼ਾਇਦਾ ਨਹੀਂ, ਪੈਸੇ ਵਾਲੇ ਲੋਕ ਜਦੋਂ ਮਰਜ਼ੀ ਉਨ੍ਹਾਂ ਨੂੰ ਹਰਾ ਦੇਣ, ਪਾਰਟੀ ਉਨ੍ਹਾਂ ਦਾ ਹੀ ਸਾਥ ਦੇਵੇਗੀ। ਕਾਂਗਰਸ ਨੂੰ ਇਕ ਪਾਸਾ ਕਰਨਾ ਪਵੇਗਾ। ਰਾਣਾ ਗੁਰਜੀਤ ਵੱਲੋਂ ਅਜਿਹਾ ਬਿਆਨ ਦੇਣਾ ਸਿੱਧਾ ਰਾਹੁਲ ਗਾਂਧੀ, ਸੋਨੀਆ ਗਾਂਧੀ ਤੇ ਮੱਲਿਕਾਰਜੁਨ ਖੜਗੇ ਨੂੰ ਚੈਲੰਜ ਹੈ। ਮੈਂ ਉਨ੍ਹਾਂ ਨੂੰ ਲਿਖ਼ਤੀ ਤੌਰ 'ਤੇ ਭੇਜਿਆ ਹੈ ਅਤੇ ਖ਼ੁਦ ਵੀ ਦਿੱਲੀ ਜਾ ਕੇ ਗੱਲਬਾਤ ਕਰਾਂਗਾ। ਮੈਂ ਸਮਝਦਾ ਹਾਂ ਕਿ 2027 ਵਿਚ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਲਈ ਇਸ ਤੋਂ ਵੱਡੀ ਕੋਈ ਗੱਲ ਨਹੀਂ ਹੋ ਸਕਦੀ। ਰਾਹੁਲ ਗਾਂਧੀ ਕਹਿ ਰਹੇ ਹਨ ਕਿ ਕਾਂਗਰਸ ਪਾਰਟੀ ਵਿਚੋਂ 'ਸਲੀਪਰ ਸੈੱਲ' ਬਾਹਰ ਕੱਢੇ ਜਾਣਗੇ ਤਾਂ ਉਨ੍ਹਾਂ 'ਤੇ ਐਕਸ਼ਨ ਵੀ ਲੈਣਾ ਪਵੇਗਾ, ਸਿਰਫ਼ ਕਹਿਣ ਨਾਲ ਕੰਮ ਨਹੀਂ ਬਣਨਾ, ਸਲੀਪਰ ਸੈੱਲ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਪੁੱਤਰ ਆਜ਼ਾਦ ਚੋਣ ਲੜੇ ਪਰ ਕਾਂਗਰਸ ਦਾ ਮੰਤਰੀ ਕਾਂਗਰਸ ਦੇ ਉਮੀਦਵਾਰ ਖ਼?ਲਾਫ਼ ਕਿਵੇਂ ਲੜ ਸਕਦਾ ਹੈ। ਮੰਤਰੀ ਨੇ ਚੋਣ ਪ੍ਰਚਾਰ ਦੀ ਸਾਰੀ ਮੁਹਿੰਮ ਖ਼ੁਦ ਸੰਭਾਲੀ ਸੀ। ਉਨ੍ਹਾਂ ਪਾਰਟੀ ਦੇ ਵੱਡੇ ਲੀਡਰਾਂ ਨਾਲ ਨੇੜਲੇ ਹਲਕਿਆਂ ਵਿਚ ਆ ਕੇ ਪ੍ਰਚਾਰ ਕੀਤਾ ਅਤੇ ਕਿਹਾ ਕਿ ਉਹ ਵੀ ਆਪਣਾ ਹੀ ਉਮੀਦਵਾਰ ਹੈ। ਆਜ਼ਾਦ ਤੌਰ 'ਤੇ ਚੋਣ ਲੜਨ 'ਚ ਕੋਈ ਹਰਜ਼ ਨਹੀਂ ਪਰ ਪਾਰਟੀ ਦਾ ਮੋਢਾ ਵਰਤਣਾ ਗਲਤ ਹੈ। ਪਾਰਟੀ ਦੇ ਵਰਕਰ ਵੀ ਇਹ ਗੱਲ ਮਹਿਸੂਸ ਕਰਦੇ ਹਨ ਕਿ ਜੇ ਮੰਤਰੀ ਖ਼ੁਦ ਕਿਸੇ ਹੋਰ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਹਨ ਤਾਂ ਬਹੁਤ ਫ਼ਰਕ ਪੈਂਦਾ ਹੈ। ਉਸ ਵੇਲੇ ਜ਼ਿਲ੍ਹੇ ਦੇ ਇੰਚਾਰਜ ਸੁਖਵਿੰਦਰ ਸਿੰਘ ਸੁੱਖੂ ਨੇ ਵੀ ਇਸ ਚੀਜ਼ ਦੇ ਵਿਰੁੱਧ ਰਿਪੋਰਟ ਭੇਜੀ ਸੀ ਕਿ ਅਜਿਹਾ ਕਦੇ ਵੀ ਨਹੀਂ ਹੋਇਆ ਕਿ ਮੌਜੂਦਾ ਮੰਤਰੀ ਆਪਣੀ ਹੀ ਪਾਰਟੀ ਦੇ ਉਮੀਦਵਾਰ ਖ਼?ਲਾਫ਼ ਪ੍ਰਚਾਰ ਕਰੇ। ਮੈਂ 2022 ਦੀ ਗੱਲ ਕਰ ਰਿਹਾ ਹਾਂ ਜਦੋਂ ਰਾਜਾ ਵੜਿੰਗ ਸਾਡੇ ਪ੍ਰਧਾਨ ਨਹੀਂ ਸਨ ਅਤੇ ਪ੍ਰਤਾਪ ਬਾਜਵਾ ਵਿਰੋਧੀ ਧਿਰ ਦੇ ਲੀਡਰ ਨਹੀਂ ਸਨ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਜਾਂ ਨਵਜੋਤ ਸਿੰਘ ਸਿੱਧੂ ਦੀ ਲੀਡਰਸ਼ਿਪ ਵਿਚ ਹੀ ਸਭ ਕੁਝ ਹੋਇਆ ਪਰ ਹੁਣ ਜਿਹੜਾ ਚੈਲੰਜ ਉਨ੍ਹਾਂ ਨੇ ਹਾਈਕਮਾਂਡ ਨੂੰ ਕੀਤਾ ਹੈ, ਇਸ ਦਾ ਅਸਰ ਸਾਰੇ ਦੇਸ਼ ਵਿਚ ਪਵੇਗਾ। ਕਾਰਵਾਈ ਦੀ ਲੋੜ ਅੱਜ ਹੈ, ਨਹੀਂ ਤਾਂ ਲੋਕ ਸਮਝਣਗੇ ਕਿ ਜੋ ਰਾਣਾ ਬੋਲ ਰਿਹਾ, ਉਹ ਸੱਚ ਹੈ। ਪਾਰਟੀ ਪ੍ਰਧਾਨ ਨੂੰ ਅਜਿਹਾ ਜ਼ਰੂਰ ਕਰਨਾ ਚਾਹੀਦਾ ਹੈ। ਹੁਣ ਉਨ੍ਹਾਂ ਨੇ ਸ਼ਰੇਆਮ ਇਹ ਗੱਲ ਕਹਿ ਦਿੱਤੀ ਕਿ ਹਾਈਕਮਾਂਡ ਉਨ੍ਹਾਂ ਦੇ ਨਾਲ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਕਾਂਗਰਸ ਦੀ ਟਿਕਟ ਲੈਣ ਦੀ ਲੋੜ



ਨਹੀਂ, ਹਾਈਕਮਾਂਡ ਉਸ ਨਾਲ ਹੋਵੇਗੀ, ਜਿਸ ਕੋਲ ਪੈਸੇ ਦੀ ਤਾਕਤ ਹੋਵੇ। ਹੁਣ ਪਾਰਟੀ ਹਾਈਕਮਾਂਡ ਨੂੰ ਇਹ ਸਾਫ਼ ਕਰਨਾ ਚਾਹੀਦਾ ਹੈ ਕਿ ਤੁਸੀਂ ਕਿੱਧਰ ਹੋ। ਇਸ 'ਤੇ ਬਹੁਤ ਪਹਿਲਾਂ ਹੀ ਐਕਸ਼ਨ ਹੋ ਜਾਣਾ ਚਾਹੀਦਾ ਸੀ ਪਰ ਜੇ ਹੁਣ ਵੀ ਐਕਸ਼ਨ ਨਹੀਂ ਹੁੰਦਾ ਤਾਂ ਬਹੁਤ ਦੇਰ ਹੋ ਜਾਵੇਗੀ। ਮੈਨੂੰ ਕੋਈ ਜਵਾਬ ਨਹੀਂ ਮਿਲਿਆ ਪਰ ਉਸ ਦਾ ਅਸਰ ਇਹ ਹੋਇਆ ਕਿ ਇਹ ਲੋਕ ਸਭਾ ਚੋਣਾਂ ਵਿਚ ਦੋ ਟਿਕਟਾਂ ਮੰਗਦੇ ਸੀ ਪਰ ਪਾਰਟੀ ਨੇ ਕੋਈ ਟਿਕਟ ਨਹੀਂ ਦਿੱਤੀ ਜਦਕਿ ਹੁਣ ਤਾਂ ਉਨ੍ਹਾਂ ਨੇ ਸਿੱਧਾ ਹਾਈਕਮਾਂਡ ਨੂੰ ਹੀ ਚੈਲੰਜ ਕਰ ਦਿੱਤਾ। ਇਸ ਬਾਰੇ ਰਾਜਾ ਵੜਿੰਗ ਨਾਲ ਵੀ ਗੱਲ ਹੋਈ ਹੈ, ਉਨ੍ਹਾਂ ਨੇ ਸੈਸ਼ਨ ਦੌਰਾਨ ਪਾਰਟੀ ਹਾਈਕਮਾਂਡ ਦੇ ਧਿਆਨ ਵਿਚ ਸਾਰੀ ਗੱਲ ਲਿਆਂਦੀ ਹੈ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਕਰਕੇ ਹੀ ਰਾਹੁਲ ਗਾਂਧੀ ਨੇ ਇਹ ਬਿਆਨ ਦਿੱਤਾ ਹੈ ਕਿ ਪਾਰਟੀ ਵਿਚ ਬੈਠੇ 'ਸਲੀਪਰ ਸੈੱਲਸ' 'ਤੇ ਕਾਰਵਾਈ ਹੋਵੇਗੀ। ਮੈਨੂੰ 100 ਫ਼ੀਸਦੀ ਭਰੋਸਾ ਹੈ ਕਿ ਪਾਰਟੀ ਮੈਨੂੰ ਟਿਕਟ ਦੇਵੇਗੀ ਤੇ ਮੈਂ ਪੂਰੇ ਜ਼ੋਰ ਨਾਲ ਲੜਾਂਗਾ। ਪਾਰਟੀ ਦੇ ਕਈ ਲੀਡਰਾਂ ਨਾਲ ਵੀ ਮੇਰੀ ਗੱਲ ਹੋਈ ਹੈ ਕਿ ਹੁਣ ਇਹ ਕੰਮ ਨਹੀਂ ਚੱਲੇਗਾ ਕਿ ਇਕ ਨੇ ਪਾਰਟੀ ਤੋਂ ਟਿਕਟ ਲੈ ਲਈ ਤੇ ਦੂਜੇ ਨੇ ਆਜ਼ਾਦ ਲੜ ਲਿਆ। ਇਕੱਲਾ ਆ ਕੇ ਚੋਣ ਲੜ ਲਵੇ, ਉਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਨੂੰ ਲੋਕਾਂ ਤੋਂ ਬੜਾ ਚੰਗਾ ਫੀਡਬੈਕ ਮਿਲ ਰਿਹਾ ਹੈ ਪਰ ਲੋਕ ਵੀ ਇਹ ਸਵਾਲ ਕਰਦੇ ਹਨ ਕਿ ਪਾਰਟੀ ਕਿੱਥੇ ਖੜ੍ਹੀ ਹੈ?